GURMAT VIRSA

ਨਵੰਬਰ 2026

ਗੁਰਮਤਿ ਵਿਰਸਾ

ਗੁਰਮਤਿ ਵਿਰਸਾ

Year-8, Issue-4, November 2026, Ludhiana gurmatvirsa@gmail.com Multilingual Price 25/-

ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਵਿਸ਼ਵ 'ਤੇ ਪ੍ਰਭਾਵ



ਸਾਡਾ ਬੰਦੀ ਛੋੜ

ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਕੇਂਦਰ ਨਵਾਂਸ਼ਹਿਰ ਵਿਖੇ ਕਰਵਾਏ
ਦੁਆਬਾ ਖੇਤਰ ਦੇ ਗੁਰਮਤਿ ਅਤੇ ਨਰੋਈ ਸਿਹਤ ਮੁਕਾਬਲੇ ਦੀਆਂ ਝਲਕਾਂ

















ਗੁਰਮਤਿ ਵਿਰਸਾ

ਨਵੰਬਰ 2026 **(ਮਾਸਿਕ ਮੈਗਜ਼ੀਨ)**

ਮੁੱਖ ਸੰਪਾਦਕ : ਰਾਣਾ ਇੰਦਰਜੀਤ ਸਿੰਘ
ਸੰਪਾਦਕ : ਪ੍ਰਿੰ. ਗੁਰਬਚਨ ਸਿੰਘ ਪੰਨਵਾਂ
ਸੰਪਾਦਕ : ਕੈਪਟਨ ਅਵਤਾਰ ਸਿੰਘ ਪਰਿੰਗੜੀ
ਪ੍ਰਬੰਧਕ: ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
ਪ੍ਰਕਾਸ਼ਕ: ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
ਫੋਨ: 98146-35655, 99155-29725, 79733-70542
Email: gurmatvirsa@gmail.com
Website: www.gurmatgian.org

ਸੰਪਾਦਕੀ ਬੋਰਡ: ਸੁਖਵਿੰਦਰ ਸਿੰਘ ਦਦੇਹਰ
ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।
ਕਾਨੂੰਨੀ ਸਲਾਹਕਾਰ: ਐਡਵੋਕੇਟ ਜਸਪਾਲ ਸਿੰਘ ਚੁੱਘ

● ਕੱਤਕ-ਮੱਘਰ ਮਹੀਨੇ ਦੇ ਖਾਸ ਦਿਹਾੜੇ ●

- ਜਨਮ ਦਿਹਾੜਾ ਮਾਤਾ ਸਾਹਿਬ ਕੌਰ ਜੀ : 18 ਕੱਤਕ (1 ਨਵੰਬਰ)
- ਸ਼ਹੀਦੀ ਬਾਬਾ ਦੀਪ ਸਿੰਘ ਜੀ : 30 ਕੱਤਕ (13 ਨਵੰਬਰ)
- ਸ਼ਹੀਦੀ ਭਾਈ ਮਤੀ ਦਾਸ, ਭਾਈ ਸਤੀ ਦਾਸ:11 ਮੱਘਰ (24 ਨਵੰਬਰ)
- ਸ਼ਹੀਦੀ ਪਾਤਸ਼ਾਹੀ ਨੌਵੀਂ : 11 ਮੱਘਰ (24 ਨਵੰਬਰ)
- ਗੁਰਗੱਦੀ ਪਾਤਸ਼ਾਹੀ ਦਸਵੀਂ : 11 ਮੱਘਰ (24 ਨਵੰਬਰ)
- ਜਨਮ ਸਾਹਿਬਜ਼ਾਦਾ ਜ਼ੋਰਾਵਰ ਸਿੰਘ : 15 ਮੱਘਰ (28 ਨਵੰਬਰ)

Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.

Editor- Gurbachan Singh Panwa *

Responsible for collection of all Printed matter as per PRB Act

Registration Number of the Newspaper
PUNMUL/2019/78309

ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਸਿੱਖੀ ਲਹਿਰ
4. ਐਜੂ-ਏਡ ਵਿੰਗ
5. ਗੁਰਮਤਿ ਐਲੀਮੈਂਟਰੀ ਕੋਰਸ
6. ਗੁਰਮਤਿ ਟ੍ਰੇਨਿੰਗ ਕੈਂਪ
7. ਗੁਰਮਤਿ ਗਿਆਨ ਲਾਇਬ੍ਰੇਰੀ
8. ਹੋਮਿਓਪੈਥੀ ਡਿਸਪੈਂਸਰੀ
9. ਹਫਤਾਵਾਰੀ ਸਮਾਗਮ
10. ਫਰੀ ਮੈਡੀਕਲ ਚੈੱਕਅੱਪ
11. ਗੁਰਮਤਿ ਵਿਰਸਾ ਮੈਗਜ਼ੀਨ
12. ਗੁਰਮਤਿ ਲਿਟਰੇਚਰ ਹਾਊਸ
13. ਗਰੇਸ ਪਬਲਿਕ ਸਕੂਲ

ਕੀ ਅਤੇ ਕਿੱਥੇ ?

ਸੰਪਾਦਕੀ	4
ਸਵਾਲ ਜਵਾਬ	9
ਸ਼ਬਦ ਵਿਚਾਰ	10
ਗੁਰੂ ਨਾਨਕ ਸਾਹਿਬ ਜੀ ਦਾ ਵਿਸ਼ਵ 'ਤੇ ਪ੍ਰਭਾਵ	11
ਮਨੁੱਖਤਾ ਦੇ ਮਸੀਹਾ ਗੁਰੂ ਨਾਨਕ ਸਾਹਿਬ ਜੀ	14
ਸੀਸ ਤਲੀ 'ਤੇ ਧਰ ਕੇ ਜੂਝਣ ਵਾਲਾ ਸ਼ਹੀਦ ਬਾਬਾ ਦੀਪ ਸਿੰਘ ਜੀ	15
ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ	17
ਸਿੱਖ ਨਸਲਕੁਸ਼ੀ ਨੂੰ ਕਿਵੇਂ ਯਾਦ ਕਰੀਏ?	19
ਕੀਰਤਨ ਦੀ ਕੀ ਮਰਿਯਾਦਾ ਹੈ?	20
ਅਰਦਾਸ ਦੀ ਮਹਾਨਤਾ	21
ਨੰਨੇ ਵਾਰਸ	22
ਲੜੀਵਾਰ: ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ	24
ਕੇਸ ਅਤੇ ਜੀਵਨਸ਼ੈਲੀ	26
ਲੋਕ ਕੀ ਕਹਿਣਗੇ?	27
ਬਿਮਾਰੀ ਅਤੇ ਮੌਤ ਨੂੰ ਸੱਦਾ ਦੇਣ ਬਰਾਬਰ ਹੈ ਪਲਾਸਟਿਕ...	29
ਇਹ ਸਧਾਰਣ ਜਿਹੀਆਂ ਗੱਲਾਂ	31
ਕਾਵਿ ਕਿਆਰੀ	34
ਭਾਈ ਸਰਦਾਨਾ ਜੀ	35
Bhai Mardana ji	36
ਸਿਹਤ ਸੰਭਾਲ	37
ਸਾਡੀ ਖੇਤੀ	39
ਗੁਰਮਤਿ ਸੰਜੋਗ	40
ਸਤੰਬਰ ਮਹੀਨੇ ਦੀਆਂ ਸਰਗਰਮੀਆਂ	41



● ਜ਼ਰੂਰੀ ਸੂਚਨਾਵਾਂ ●

- 'ਗੁਰਮਤਿ ਵਿਰਸਾ' ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

ਸੰਪਾਦਕੀ

ਦੀਵਾਲੀ ਤੇ ਬੰਦੀ ਛੋੜ ਦੀ ਅਸਲੀਅਤ

–ਕੈਪਟਨ ਅਵਤਾਰ ਸਿੰਘ
97819-90206



ਦੇਖਾ ਦੇਖੀ ਕਰਮ ਕਾਂਡ ਕਰਨੇ

ਗੁਰਬਾਣੀ ਦੀ ਵਿਚਾਰ ਭਾਵ ਸਿਧਾਂਤਕ ਪੱਖ ਨੂੰ ਨਾ ਸਮਝਣ ਕਰਕੇ ਅਸੀਂ ਦੇਖਾ ਦੇਖੀ ਅਨਮਤਾਂ ਵਾਲੇ ਕਰਮ-ਕਾਂਡ ਕਰਨ ਨੂੰ ਤਰਜੀਹ ਦਿੰਦੇ ਹਾਂ। ਹੌਲੀ ਹੌਲੀ ਇਹ ਕਰਮ-ਕਾਂਡ ਧਰਮ ਦੀਆਂ ਪੱਕੀਆਂ ਪ੍ਰੰਪਰਾਵਾਂ ਬਣ ਜਾਂਦੀਆਂ ਹਨ। ਸਾਡੀ ਹਾਲਤ ਏਨੀ ਪਤਲੀ ਹੋ ਗਈ ਹੈ ਕਿ ਜਿਹੜਾ ਵੀ ਕਿਸੇ ਧਰਮ ਦਾ ਕਰਮ ਅਸੀਂ ਦੇਖਦੇ ਹਾਂ, ਅਸੀਂ ਉਹੋ ਹੀ ਕਰਮ ਕਰਨ ਲੱਗ ਜਾਂਦੇ ਹਾਂ। ਦੂਜੇ ਧਰਮ ਕਰਮ ਨੂੰ ਅਸੀਂ ਸਿੱਖ ਸਿਧਾਂਤ ਦੇ ਢਾਂਚੇ ਫਿੱਟ ਕਰਨ ਦਾ ਪੂਰਾ ਪੂਰਾ ਯਤਨ ਕਰਦੇ ਹਾਂ। ਦਰਅਸਲ ਅਸੀਂ ਭੇਡ ਚਾਲ ਦੇ ਸ਼ਿਕਾਰ ਹੋ ਚੁੱਕੇ ਹਾਂ। ਅਸੀਂ ਆਪਣੇ ਨਿਆਰੇਪਨ ਵਲੋਂ ਕਿਨਾਰਾ ਕਰਕੇ ਬਹੁ ਗਿਣਤੀ ਵਾਲੇ ਲੋਕਾਂ ਦੇ ਕਰਮਾਂ ਨੂੰ ਤਰਜੀਹ ਦਿੰਦੇ ਹਾਂ। ਇਕ ਗੁਰਦੁਆਰਾ ਸਾਹਿਬ ਵਿਖੇ ਦੋ ਪੁਸਤਕਾਂ ਦੇ ਸਟਾਲ ਲੱਗੇ ਹੋਏ ਸਨ। ਇਕ ਸਟਾਲ 'ਤੇ ਸਿਧਾਂਤਕ ਪੁਸਤਕਾਂ ਸਨ ਤੇ ਦੂਜੇ ਸਟਾਲ 'ਤੇ ਮਾਲਾ, ਸੰਕਟ ਮੋਚਨ, ਦੁਖਭੰਜਨ ਭਗਤ ਮਾਲਾ, ਪੂਰਨਮਾਸ਼ੀ ਦੀ ਕਥਾ, ਗੁਰੂ ਸਾਹਿਬਾਨ ਦੀਆਂ ਰੰਗ ਬਰੰਗੀਆਂ ਫੋਟੋਆਂ ਤੇ ਪੰਜਾਬ ਦੇ ਮਰ ਚੁੱਕੇ ਸਾਧਾਂ ਦੀਆਂ ਮੂਰਤੀਆਂ ਪਈਆਂ ਹੋਈਆਂ ਸਨ। ਜਿੰਨ੍ਹਾਂ ਪਾਸ ਸਿਧਾਂਤਕ ਪੁਸਤਕਾਂ ਸਨ ਨਾ ਲਾਭ ਤੇ ਨਾ ਹਾਨੀ ਤੇ ਪੁਸਤਕਾਂ ਦੇ ਰਹੇ ਸਨ। ਇੰਝ ਇਹਨਾਂ ਦੀ ਕੁੱਲ ਵਿਕਰੀ ਸਾਰੇ ਦਿਨ ਵਿਚ ਚਾਰ ਹਜ਼ਾਰ ਦੀ ਹੋਈ, ਦੂਜੇ ਪਾਸੇ ਗੈਰ ਸਿਧਾਂਤਕ ਵਿਕਰੀ ਕਰਨ ਵਾਲਿਆਂ ਦੀ ਤੀਹ ਹਜ਼ਾਰ ਦੀ ਵਿਕਰੀ ਹੋਈ। ਇਸ ਦਾ ਅਰਥ ਹੈ ਕਿ ਸਾਨੂੰ ਗੁਰਬਾਣੀ ਦੇ ਮਹੱਤਵ ਜਾਂ ਗੁਰਬਾਣੀ ਸਿਧਾਂਤ ਸਬੰਧੀ ਕੋਈ ਜਾਣਕਾਰੀ ਨਹੀਂ ਹੈ। ਲਗਦਾ ਹੈ ਅਸੀਂ ਗੁਰਬਾਣੀ ਸਿਧਾਂਤ ਤੋਂ ਬਹੁਤ ਦੂਰ ਚਲੇ ਗਏ ਹਾਂ ਤੇ ਦੇਖਾ-ਦੇਖੀ ਦੇ ਹੀ ਕਰਮਾਂ ਨੂੰ ਧਰਮ ਸਮਝੀ ਬੈਠੇ ਹਾਂ। ਇਹਨਾਂ ਕਰਮਾਂ ਨੂੰ ਹੀ ਅਸੀਂ ਪਰਮ ਧਰਮ ਸਮਝ ਲਿਆ ਹੈ।ਕਹਿੰਦੇ ਨੇ ਇਕ ਅਧਿਆਪਕ ਜਮਾਤ ਵਿਚ ਬੱਚਿਆਂ ਨੂੰ ਪੁੱਛਦਾ ਹੈ, ਕਿ ''ਬੱਚਿਓ ਜੇ ਵਾੜੇ ਵਿਚ ਸੌ ਭੇਡ ਰਹਿੰਦੀ ਤਾਂ ਉਹਨਾਂ ਵਿਚੋਂ ਇਕ ਬਾਹਰ ਨਿਕਲ ਜਾਏ ਤਾਂ ਬਾਕੀ ਪਿੱਛੇ ਕਿੰਨੀਆਂ ਰਹਿ ਜਾਂਦੀਆਂ ਹਨ'' ਤਾਂ ਸਾਰੀ ਜਮਾਤ ਦੇ ਬੱਚੇ ਕਹਿਣ ਲੱਗੇ, ਕਿ ''ਉਸਤਾਦ ਜੀ ਉਸ ਵਾੜੇ ਵਿਚ ਨਤ੍ਰੇਨਵੇਂ ਭੇਡਾਂ ਰਹਿ ਜਾਣਗੀਆਂ''। ਸਾਰੀ ਜਮਾਤ ਵਿਚੋਂ ਇਕ ਬੱਚੇ ਨੇ ਕੋਈ ਜੁਆਬ ਨਾ ਦਿੱਤਾ ਤਾਂ ਅਧਿਆਪਕ ਨੇ ਦੁਬਾਰਾ ਪੁੱਛਿਆ, ਕਿ ''ਕਾਕਾ ਤੈਨੂੰ ਸਵਾਲ ਦੀ ਸਮਝ ਨਹੀਂ ਆਈ ਤੂੰ ਇਸ ਗੱਲ ਦਾ ਕੋਈ ਉੱਤਰ ਨਹੀਂ ਦਿੱਤਾ''। ਤਾਂ ਅੱਗੋਂ ਬੱਚਾ ਕਹਿੰਦਾ, ''ਉਸਤਾਦ ਜੀ ਇਹ ਮੇਰੇ ਸਾਥੀ ਝੂਠ ਬੋਲਦੇ ਹਨ, ਇਹਨਾਂ ਨੂੰ ਭੇਡਾਂ ਬਾਰੇ ਕੋਈ ਵੀ ਮੁੱਢਲਾ ਗਿਆਨ ਨਹੀਂ ਹੈ ਕਿਉਂਕਿ ਇਹਨਾਂ ਨੇ ਭੇਡਾਂ ਨਹੀਂ ਰੱਖੀਆਂ ਹੋਈਆਂ ਹਨ। ਦਰਅਸਲ ਉਸਤਾਦ ਜੀ ਜਦੋਂ ਵਾੜੇ ਵਿਚੋਂ ਇਕ ਭੇਡ ਬਾਹਰ ਨਿਕਲ ਜਾਂਦੀ ਹੈ ਤਾਂ ਪਿੱਛੇ ਕੋਈ ਭੇਡ ਵੀ ਨਹੀਂ ਰਹਿ ਜਾਂਦੀ ਕਿਉਂਕਿ ਸਾਰੀਆਂ ਭੇਡਾਂ ਉਸ ਭੇਡ ਦੇ ਪਿੱਛੇ ਚਲੀਆਂ ਜਾਂਦੀਆਂ ਹਨ''। ਸ਼ਾਇਦ ਏੱਥੋਂ ਹੀ ਭੇਡ ਚਾਲ ਮੁਹਾਵਰੇ ਦਾ ਮੁੱਢ ਬੱਝਿਆ ਹੈ। ਇਕ ਭੇਡ ਨੇ ਖੂਹ ਵਿਚ ਛਾਲ ਮਾਰ ਦਿੱਤੀ ਉਸ ਦੇ ਪਿੱਛੇ ਸਾਰੀਆਂ ਭੇਡਾਂ ਛਾਲਾਂ ਮਾਰ ਦਿੰਦੀਆਂ ਹਨ। ਚਾਲੀ ਕੁ ਸਾਲ ਪਹਿਲਾਂ ਦੀ ਗੱਲ ਹੈ ਉਦੋਂ ਅਜੇ ਮੈਂ ਨੌਕਰੀ ਕਰ ਰਿਹਾ ਸੀ। ਹਿਮਾਚਲ ਵਿਚ ਇਕ ਭੇਡ ਪਹਾੜ ਤੋਂ ਤਿਲਕ ਕੇ ਹੇਠਾਂ ਖਾਈ ਵਿਚ ਡਿੱਗ ਪਈ। ਉਸਦੇ ਪਿੱਛੇ 75 ਭੇਡਾਂ ਥੱਲੇ ਡਿੱਗ ਗਈਆਂ ਸਨ। ਸਿੱਖ ਕੌਮ ਦੀ ਤ੍ਰਾਸਦੀ ਵੀ ਕੁਝ ਏਹੋ ਜਿਹੀ ਹੀ ਹੈ ਕਿ ਆਪਣੇ ਮਹਾਨ ਵਿਰਸੇ ਨੂੰ ਛੱਡ ਕੇ ਪਿਛਲੱਗ ਬਣਨ ਵਿੱਚ ਫ਼ਕਰ ਮਹਿਸੂਸ ਕਰ ਰਹੀ ਹੈ। ਜਦੋਂ ਪਿੰਡ ਵਿਚੋਂ ਕੋਈ ਕਿਸੇ ਡੇਰੇ 'ਤੇ ਜਾਂਦਾ ਹੈ ਬਾਕੀ ਲੋਕ ਵੀ ਸੋਚਣ ਲਈ ਮਜ਼ਬੂਰ ਹੋ ਜਾਂਦੇ ਹਨ ਕਿ ਜਦੋਂ ਦਾ ਇਹ ਡੇਰੇ 'ਤੇ ਜਾਣ ਲੱਗਿਆ ਬੜਾ ਸੌਖਾ ਹੋ ਗਿਆ ਹੋਣਾ ਏਂ? ਕਿਉਂ ਨਾ ਆਪਾਂ ਵੀ ਇਕ ਵਾਰੀ ਜਾ ਆਈਏ ਖੋਰੇ ਕੋਈ ਸਾਡਾ ਵੀ ਕੰਮ ਸੌਰ ਜਾਏਗਾ। ਇੰਝ ਦੇਖਾ-ਦੇਖੀ ਟਰਾਲੀਆਂ ਭਰ ਭਰ ਮੂੰਹ ਚੁੱਕ ਕੇ ਇਕ ਦੂਜੇ ਨਾਲੋਂ ਪਹਿਲਾਂ ਪਹੁੰਚਣ ਵਿਚ ਫ਼ਕਰ ਮਹਿਸੂਸ ਕਰਦੇ ਹਾਂ।



ਦੇਖਾ-ਦੇਖੀ ਭਾਵ ਜੋ ਬਿਨਾਂ ਸੋਚੇ ਸਮਝੇ ਕਰਮ ਕਰਨੇ ਹਨ ਉਸ ਨੂੰ ਭੇਡ ਚਾਲ ਆਖਦੇ ਹਨ। ਗੁਰੂ ਨਾਨਕ ਸਾਹਿਬ ਜੀ ਫੁਰਮਾਉਂਦੇ ਹਨ

ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ॥
ਜਿਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ ॥ (28)

ਅੱਖਰੀਂ ਅਰਥ--ਆਪਣੇ ਮਨ ਦੇ ਪਿਛੇ ਤੁਰਨ ਵਾਲਾ ਮਨੁੱਖ ਸਭ ਕੁਝ ਵਿਖਾਵੇ ਦੀ ਖ਼ਾਤਰ ਕਰਦਾ ਹੈ, ਉਸ ਨੂੰ ਸਹੀ ਜੀਵਨ ਜੀਉਣ ਦੀ ਸਮਝ ਨਹੀਂ ਆਉਂਦੀ। (ਪਰ) ਗੁਰੂ ਦੇ ਸਨਮੁਖ ਹੋ ਕੇ ਜਿਨ੍ਹਾਂ ਮਨੁੱਖਾਂ ਦਾ ਹਿਰਦਾ ਪਵਿੱਤਰ ਹੋ ਜਾਂਦਾ ਹੈ, ਉਹਨਾਂ ਦੀ ਘਾਲ-ਕਮਾਈ (ਪ੍ਰਭੂ ਦੇ ਦਰ ਤੇ) ਕਬੂਲ ਹੋ ਜਾਂਦੀ ਹੈ।

ਬਾਹਰਲੇ ਮੁਲਕਾਂ ਵਿੱਚ ਵਿਆਹ ਦੇਖ ਲਓ ਜਿਸ ਤਰ੍ਹਾਂ ਚਰਚ ਵਿੱਚ ਵਿਆਹ ਕਰਨ ਲਈ ਉਹ ਜਾਂਦੇ ਹਨ ਓਸੇ ਤਰ੍ਹਾਂ ਹੀ ਅਸੀਂ ਗੁਰਦੁਆਰੇ ਵਿਚ ਆਉਂਦੇ ਹਾਂ। ਜਿਸ ਤਰ੍ਹਾਂ ਚਰਚ ਵਿੱਚ ਲਾੜੇ ਦੇ ਕਪੜਿਆਂ ਦਾ ਰੰਗ ਹੁੰਦਾ ਹੈ ਓਸੇ ਤਰ੍ਹਾਂ ਹੀ ਲਾੜੇ ਦੇ ਦੋਸਤਾਂ ਦੇ ਕਪੜੇ ਹੁੰਦੇ ਹਨ। ਇਸੇ ਤਰ੍ਹਾਂ ਹੀ ਵਿਆਹ ਵਾਲੀ ਬੱਚੀ ਜਿਸ ਰੰਗ ਦਾ ਕਪੜਾ ਪਾਇਆ ਹੁੰਦਾ ਹੈ ਓਸੇ ਤਰ੍ਹਾਂ ਦੇ ਹੀ ਬਾਕੀ ਬੱਚੀਆਂ ਨੇ ਕਪੜੇ ਪਹਿਨੇ ਹੁੰਦੇ ਹਨ। ਭਾਵ ਕਿ ਦੇਖਾ-ਦੇਖੀ ਅਸੀਂ ਝੱਟ ਭੀੜ ਵਿਚ ਸ਼ਾਮਿਲ ਹੋ ਗਏ। ਚਰਚ ਵਾਲਾ ਪਹਿਰਾਵਾ ਅਸੀਂ ਬਹੁਤ ਜਲਦੀ ਪਕੜਿਆ ਹੈ। ਭਾਵ ਕਿ ਚਰਚ ਵਾਲੀ ਗੱਲ ਨੂੰ ਅਸੀਂ ਗੁਰਦੁਆਰੇ ਵਿੱਚ ਵੀ ਲੈ ਆਉਂਦਾ ਹੈ। ਇਕ ਵਿਦਵਾਨ ਲਿਖਦਾ ਹੈ ਕਿ ਇਕ ਝੂਠ ਨੂੰ ਸੌ ਵਾਰ ਬੋਲਿਆ ਜਾਏ ਤਾਂ ਉਹ ਸੱਚ ਮਹਿਸੂਸ ਹੋਣ ਲਗਦਾ ਹੈ। ਸਿੱਖੀ ਦਾ

ਨਿਆਰਾਪਨ ਹੀ ਇਹ ਹੈ ਕਿ ਇਸ ਦੇ ਆਪਣੇ ਸਿਧਾਂਤ ਹਨ ਜੋ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹਨ। ਗੁਰਬਾਣੀ ਸਿਧਾਂਤ ਵਾਲਾ ਕਦੇ ਦੁਨੀਆਂ ਨਾਲ ਸਮਝੌਤਾ ਨਹੀਂ ਕਰਦਾ। ਉਹ ਸ਼ਹੀਦੀਆਂ ਨੂੰ ਪਹਿਲ ਦੇਵੇਗਾ ਪਰ ਕਿਸੇ ਦੀ ਈਨ ਨਹੀਂ ਮੰਨੇਗਾ। ਉਹ ਸੱਚ 'ਤੇ ਪਹਿਰਾ ਦਿੰਦਾ ਹੈ। ਗੁਰਬਾਣੀ ਦੇ ਇਹਨਾਂ ਵਾਕਾਂ ਨੂੰ ਸਮਝਣ ਦਾ ਯਤਨ ਕਰੀਏ

ਨਾਨਕ ਦੁਨੀਆ ਕੈਸੀ ਹੋਈ॥
ਸਾਲਕੁ ਮਿਤੁ ਨ ਰਹਿਓ ਕੋਈ॥
ਭਾਈ ਬੰਧੀ ਹੇਤੁ ਚੁਕਾਇਆ ॥
ਦੁਨੀਆ ਕਾਰਣਿ ਦੀਨੁ ਗਵਾਇਆ॥

(1410)

ਅੱਖਰੀਂ ਅਰਥ ਹੇ ਨਾਨਕ! ਦੁਨੀਆਂ (ਦੀ ਲੁਕਾਈ) ਅਜਬ ਨੀਵੇਂ ਪਾਸੇ ਜਾ ਰਹੀ ਹੈ। ਸਹੀ ਜੀਵਨ-ਰਸਤਾ ਦੱਸਣ ਵਾਲਾ ਮਿੱਤਰ ਕਿਤੇ ਕੋਈ ਲੱਭਦਾ ਨਹੀਂ। ਭਰਾਵਾਂ ਸਨਬੰਧੀਆਂ ਦੇ ਮੋਹ ਵਿਚ ਫਸ ਕੇ (ਮਨੁੱਖ ਪਰਮਾਤਮਾ ਦਾ) ਪਿਆਰ (ਆਪਣੇ ਅੰਦਰੋਂ ਮੁਕਾਈ ਬੈਠਾ ਹੈ) ਦੁਨੀਆ (ਦੀ ਮਾਇਆ) ਦੀ ਖ਼ਾਤਰ ਆਤਮਕ ਜੀਵਨ ਦਾ ਸਰਮਾਇਆ ਗੰਵਾਈ ਜਾ ਰਿਹਾ ਹੈ।

ਉਪਰੋਕਤ ਸਲੋਕ ਵਿਚ ਗੁਰੂ ਨਾਨਕ ਸਾਹਿਬ ਜੀ ਫਰਮਾਉਂਦੇ ਹਨ ਕਿ ਦੁਨੀਆਂ ਨਾਲ ਸਮਝੌਤਾ ਕਰਕੇ ਇਸ ਨੇ ਈਮਾਨ ਗਵਾ ਲਿਆ ਹੈ। ਜਿਹੜੀ ਦੁਨੀਆਂ ਖਾਤਰ ਇਸ ਨੇ ਆਪਣਾ ਇਮਾਨ ਗਵਾਇਆ ਹੈ ਉਸ ਨੇ ਇਸ ਦਾ ਸਾਥ ਨਹੀਂ ਦਿੱਤਾ।

ਕਬੀਰ ਦੀਨੁ ਗਵਾਇਆ ਦੁਨੀ ਸਿਉ
ਦੁਨੀ ਨ ਚਾਲੀ ਸਾਥਿ ॥
ਪਾਇ ਕੁਹਾੜਾ ਮਾਰਿਆ
ਗਾਫਲਿ ਅਪੁਨੈ ਹਾਥਿ ॥ (1365)

ਅੱਖਰੀ ਅਰਥ ਹੇ ਕਬੀਰ! ਗ਼ਾਫ਼ਲ ਮਨੁੱਖ ਨੇ 'ਦੁਨੀਆਂ' (ਦੇ ਧਨ-ਪਦਾਰਥ) ਦੀ ਖ਼ਾਤਰ 'ਦੀਨ' ਗਵਾ ਲਿਆ, (ਅਖ਼ੀਰ ਵੇਲੇ ਇਹ) ਦੁਨੀਆ ਭੀ ਮਨੁੱਖ ਦੇ ਨਾਲ ਨਾਹ ਤੁਰੀ। (ਸੋ) ਲਾ-ਪਰਵਾਹ ਬੰਦੇ ਨੇ ਆਪਣੇ ਪੈਰ ਉਤੇ ਆਪਣੇ ਹੀ ਹੱਥ ਨਾਲ ਕੁਹਾੜਾ ਮਾਰ ਲਿਆ (ਭਾਵ, ਆਪਣਾ ਨੁਕਸਾਨ ਆਪ ਹੀ ਕਰ ਲਿਆ)।

ਬ੍ਰਾਹਮਣ ਭਾਵ ਤੇਜ਼ ਤਰਾਰ ਪੁਜਾਰੀ ਦੀ ਨੀਤੀ ਹੈ ਕਿ ਮੈਨੂੰ ਕਰਨਾ ਕੁਝ ਨਾ ਪਏ, ਲੋਕ ਮੇਰੀ ਉਪਜੀਵਕਾ ਲਈ ਕਈ ਸਾਲਾਂ ਦਾ ਆਪੇ ਹੀ ਪ੍ਰਬੰਧ ਕਰ ਦੇਣ। ਬ੍ਰਾਹਮਣ ਨੇ ਤਿਉਹਾਰਾਂ ਦੀ ਬਣਤਰ ਇਸ ਤਰ੍ਹਾਂ ਦੀ ਕੀਤੀ ਹੋਈ ਹੈ ਕਿ ਲੋਕ ਆਪਣੇ ਆਪ ਹੀ ਇਹਨਾਂ ਤਿਉਹਾਰਾਂ ਵਿਚ ਸ਼ਾਮਿਲ ਹੋ ਜਾਂਦੇ ਹਨ। ਤਿਉਹਾਰਾਂ ਪਿੱਛੇ ਮਨਸ਼ਾ ਵੀ ਏਦਾਂ ਦੀ ਰੱਖੀ ਹੋਈ ਹੈ ਕਿ ਲੋਕ ਮਹਿਸੂਸ ਕਰਨ ਕਿ ਇਹ ਤਿਉਹਾਰ ਵੱਡੀ ਪੱਧਰ 'ਤੇ ਮਨਾਉਣ ਨਾਲ ਸਾਡੇ ਘਰ ਵਿੱਚ ਸਭ ਖੁਸ਼ੀਆਂ ਆ ਜਾਣੀਆਂ ਹਨ।

ਤਿਉਹਾਰ

ਭਾਰਤ ਵਿਚ ਬਹੁਤ ਸਾਰੇ ਤਿਉਹਾਰਾਂ ਦਾ ਸਬੰਧ ਰੁੱਤਾਂ ਨਾਲ ਹੈ। ਕੁਝ ਤਿਉਹਾਰ ਇਸ ਤਰ੍ਹਾਂ ਦੇ ਵੀ ਹਨ ਜਿੰਨ੍ਹਾਂ ਦਾ ਸਬੰਧ ਵਰਣ ਆਸ਼ਰਮਾਂ ਨਾਲ ਹੈ। ਵੈਸਾਖੀ-ਬ੍ਰਾਹਮਣ, ਦੁਸਹਿਰਾ-ਖਤਰੀਆਂ ਲਈ, ਦੀਵਾਲੀ ਵੈਸ਼ਾਂ ਤੇ ਹੋਲੀ ਨੂੰ ਸ਼ੂਦਰਾਂ ਲਈ ਰਾਖਵਾਂ ਰੱਖਿਆ ਗਿਆ ਹੈ। ਇਹਨਾਂ ਵਿਚੋਂ ਬਹੁਤੇ ਤਿਉਹਾਰ ਮਿਥਿਹਾਸ ਨਾਲ ਸਬੰਧ ਰੱਖਦੇ ਹਨ। ਬ੍ਰਾਹਮਣ ਨੇ ਜਿਹੜੇ ਤਿਉਹਾਰ ਨਿਯਤ ਕੀਤੇ ਹਨ ਉਹਨਾਂ ਦੀ ਖਾਧ-ਖੁਰਾਕ ਵੀ ਵੱਖਰੀ ਵੱਖਰੀ ਹੈ। ਬ੍ਰਾਹਮਣ ਦੇ ਨਿਯਤ ਕੀਤੇ ਤਿਉਹਾਰਾਂ ਵਿਚ ਆਮ ਲੋਕ ਸ਼ਾਮਿਲ ਹੁੰਦੇ ਹਨ। ਇਹ ਤਿਉਹਾਰ ਆਪਣੇ ਆਪ ਵਿੱਚ ਇਕ ਬਹੁਤ ਵੱਡਾ ਪ੍ਰਚਾਰ ਕਰ ਜਾਂਦੇ ਹਨ। ਅਸਲ ਵਿੱਚ ਪੁਜਾਰੀ ਇਹ ਸਮਝਾਉਣ ਵਿੱਚ ਸਫਲ ਰਿਹਾ ਹੈ ਚੰਗੀਆਂ ਤੇ ਭੈੜੀਆਂ ਰੂਹਾਂ ਹੁੰਦੀਆਂ ਹਨ। ਉਹਨਾਂ ਦੀ ਪੂਜਾ ਕਰਨ ਨਾਲ ਸਾਨੂੰ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ ਤੇ ਪੂਜਾ ਨਾ ਕਰਨ ਕਰਕੇ ਉਹ ਕਰੋਪ ਹੋ ਜਾਂਦੀਆਂ ਹਨ। ਸਾਡੇ ਪਰਿਵਾਰਕ ਦੁੱਖਾਂ ਦਾ ਕਾਰਨ ਵੀ ਇਹੀ ਦਸਦੇ ਹਨ ਕਿ ਸਾਡੇ ਕੋਲੋਂ ਕਿਤੇ ਇਹਨਾਂ ਦੀ ਪੂਜਾ ਨਹੀਂ ਹੋਈ ਇਸ ਲਈ ਇਹ ਭੈੜੀਆਂ ਰੂਹਾਂ ਸਾਡੇ ਨਾਲ ਨਰਾਜ਼ ਚੱਲ ਰਹੀਆਂ ਹਨ। ਇੰਝ ਕੁਦਰਤ ਦੀਆਂ ਦਾਤਾਂ ਦੀ ਮਨੁੱਖ ਪਾਸੋਂ ਪੂਜਾ ਕਰਾਉਣੀ ਸ਼ੁਰੂ ਕਰ ਦਿੱਤੀ। ਡਰ ਜਾਂ ਲਾਭ ਕਰਕੇ ਪੁਜਾਰੀ ਨੇ ਕੁਦਰਤ ਦੀਆਂ ਸ਼ਕਤੀਆਂ ਚੰਦ੍ਰਮਾ, ਸੂਰਜ, ਅੱਗ, ਬੱਦਲਾਂ, ਹਨੇਰੀਆਂ, ਦਰੱਖਤਾਂ ਤੇ ਪਸ਼ੂ-ਪੰਛੀਆਂ ਆਦਿ ਦੀ ਪੂਜਾ 'ਤੇ ਮਨੁੱਖ ਨੂੰ ਲਗਾ ਦਿੱਤਾ ਗਿਆ। ਇੰਝ ਭੈੜੀਆਂ ਰੂਹਾਂ ਤੋਂ ਬਚਣ ਲਈ ਇਨ੍ਹਾਂ ਦੀ ਪੂਜਾ ਅਰੰਭੀ ਗਈ।

ਇਸ ਦੇ ਇਲਾਵਾ ਦਸ ਪੁਰਬ ਤਿਆਰ ਕੀਤੇ ਗਏ ਜਿਹੜੇ ਮਹੀਨਾਵਾਰੀ ਜਾਂ ਸਾਲ ਬਾਅਦ ਆਉਂਦੇ ਹਨ

ਸੂਰਜ ਚੰਦ੍ਰਮਾ ਨਾਲ ਸੰਬੰਧ ਰੱਖਣ ਵਾਲੇ ਹੇਠ-ਲਿਖੇ ਦਸ ਦਿਨ ਪਵਿੱਤਰ ਸਮਝੇ ਜਾ ਰਹੇ ਹਨ ਸੂਰਜ-ਗ੍ਰਹਿਣ, ਚੰਦ-ਗ੍ਰਹਿਣ, ਮੱਸਿਆ, ਪੁੰਨਿਆ, ਚਾਨਣਾ ਐਤਵਾਰ, ਸੰਗ੍ਰਾਂਦ, ਦੋ ਇਕਾਦਸ਼ੀਆਂ ਤੇ ਦੋ ਅਸ਼ਟਪਦੀਆਂ। ਇਹਨਾਂ ਦਸ ਦਿਨਾਂ ਨੂੰ ਪਵਿੱਤਰ ਦਿਨ ਮੰਨਿਆ ਜਾਂਦਾ ਹੈ। ਸੂਰਜ-ਦੇਵਤੇ ਨਾਲ ਸੰਬੰਧ ਰੱਖਣ ਵਾਲੇ ਇਨ੍ਹਾਂ ਵਿਚੋਂ ਸਿਰਫ਼ ਦੋ ਦਿਨ ਹਨ ਸੂਰਜ-ਗ੍ਰਹਿਣ ਅਤੇ ਸੰਗ੍ਰਾਂਦ। ਬਾਕੀ ਦੇ ਦਿਨ ਚੰਦ੍ਰਮਾ ਦੇ ਹਨ। 'ਚਾਨਣਾ ਐਤਵਾਰ' ਸੂਰਜ ਤੇ ਚੰਦ ਦੋਹਾਂ ਦਾ ਹੈ। ਵਖੋ-ਵਖ ਦੇਵਤਿਆਂ ਦੇ ਥਾਂ ਇਕ ਪਰਮਾਤਮਾ ਦੀ ਭਗਤੀ ਦਾ ਰਿਵਾਜ ਵਧਣ ਤੇ ਭੀ ਇਹਨਾਂ ਦਸ ਪੁਰਬਾਂ ਦੀ ਰਾਹੀਂ ਇਹਨਾਂ ਦੇਵਤਿਆਂ ਦੀ ਪੂਜਾ ਤੇ ਪਿਆਰ ਅਜੇ ਤਕ ਜੋਬਨ ਤੇ ਹੈ।

ਇਸ ਪ੍ਰਭਾਵ ਦੀ ਡੂੰਘਾਈ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਦੀ ਤਾਲੀਮ ਦੀ ਬਰਕਤਿ ਨਾਲ ਜੋ ਲੋਕ 'ਅੰਨ ਪੂਜਾ' ਛੱਡ ਕੇ ਇਕ ਅਕਾਲ ਪੁਰਖ ਨੂੰ ਮੰਨਣ ਵਾਲੇ ਹੋ ਚੁੱਕੇ ਸਨ ਉਹ ਭੀ ਅਜੇ ਸੂਰਜ ਦੀ ਯਾਦ ਮਨਾਣੀ ਨਹੀਂ ਛੱਡ ਸਕੇ।

ਤਿਉਹਾਰ ਦੇ ਅੱਖਰੀਂ ਅਰਥ ਹਨ ਤਿੱਥ, ਵਾਰ ਉਤਸਵ ਮਨਾਉਣ ਦਾ ਦਿਨ, ਪੁਰਬ ਦਾ ਦਿਨ, ਤਿਉਹਾਰ, ਵੈਸਾਖੀ, ਹੋਲੀ, ਈਦ ਅਤੇ ਕ੍ਰਿਸਮਿਸ ਆਦਿ।

ਗੁਰੂ ਅਮਰਦਾਸ ਜੀ ਦਾ ਬੜਾ ਪਿਆਰਾ ਵਾਕ ਹੈ ਕਿ ਹੇ ਮਨੁੱਖ ਜੇ ਤੂੰ ਆਪਣੇ ਜੀਵਨ ਵਿਚ ਪੁੱਤਰਾਂ ਤੋਂ ਸਪੁੱਤਰ ਬਣਨਾ ਚਾਹੁੰਦਾ ਏਂ ਤਾਂ ਆਪਣਿਆਂ ਬਜ਼ੁਰਗਾਂ ਦੀਆਂ ਕਥਾ ਕਹਾਣੀਆਂ ਤਥਾ ਉਹਨਾਂ ਵਲੋਂ ਸਿਰਜੇ ਵਿਰਸੇ ਨੂੰ ਯਾਦ ਕਰ ਲਿਆ ਕਰ

ਬਾਬਾਣੀਆ ਕਹਾਣੀਆ
ਪੁਤ ਸਪੁਤ ਕਰੇਨਿ॥ (951)

ਸਿੱਖੀ ਵਿਚ ਤਿਉਹਾਰਾਂ ਦੀ ਥਾਂ'ਤੇ ਪੁਰਬ ਸ਼ਬਦ ਵਰਤਿਆ ਗਿਆ ਹੈ। ਪੁਰਬਾਂ ਸਬੰਧੀ ਭਾਈ ਗੁਰਦਾਸ ਸਾਹਿਬ ਜੀ ਫੁਰਮਾਉਂਦੇ ਹਨ ਕਿ ਗੁਰਸਿੱਖ ਭੈ-ਭੈਵਨੀ ਵਿੱਚ ਆ ਕੇ ਆਪਣੇ ਗੁਰੂਆਂ ਦੇ ਪੁਰਬ ਮਨਾਉਂਦੇ ਹਨ ਮੈਂ ਉਹਨਾਂ ਤੋਂ ਸਦਕੇ ਜਾਂਦਾ ਹਾਂ

ਕੁਰਬਾਣੀ ਤਿਨਾਂ ਗੁਰਸਿਖਾਂ
ਭਾਇ ਭਗਤਿ ਗੁਰਪੁਰਬ ਕਰੰਦੇ॥

(ਵਾਰ-12, ਪਉੜੀ-2)

ਗੁਰੂ ਅਮਰਦਾਸ ਜੀ ਨੇ ਭਾਈ ਪਾਰੋ ਜੀ ਦੀ ਸਲਾਹ'ਤੇ ਵਿਸਾਖੀ ਨੂੰ ਗੁਰੂ ਨਾਨਕ ਸਾਹਿਬ ਜੀ ਦੇ ਆਗਮਨ ਪੁਰਬ 'ਤੇ ਗੋਇੰਦਵਾਲ ਵਿਖੇ ਸੰਗਤਾਂ ਨੂੰ ਇਕੱਠੇ ਹੋਣ ਲਈ ਕਿਹਾ ਜੋ ਇਤਿਹਾਸ ਦੇ ਪੰਨਿਆਂ'ਤੇ ਅੰਕਿਤ ਹੈ। ਇਸ ਇਕੱਠ ਵਿਚ ਭਵਿੱਖਤ ਦੀਆਂ ਨੀਤੀਆਂ ਤਿਆਰ ਕੀਤੀਆਂ ਗਈਆਂ।

ਦੀਵਾਲੀ

ਮਹਾਨ ਕੋਸ਼ ਵਿਚ ਦੀਵਾਲੀ ਦੇ ਅੱਖਰੀਂ ਅਰਥ ਇਸ ਪ੍ਰਕਾਰ ਲਿਖੇ ਹੋਏ ਹਨਸੰਗਯਾਦੀਵਾਰ ਕੰਧ ਜਾਂ ਚਾਰ ਦੀਵਾਰੀ ਬੈਠੇ ਜਾਇ ਸਮੀਪ ਦੀਵਾਲੀ (ਨ ਪ੍ਰ) 2 ਦੀਪਮਾਲਿਕਾ, ਦੀਪਵਲਿ, ਕਤਕ ਬਦੀ ਦਾ 30 ਦਾ ਤਿਉਹਾਰ ਹਿੰਦੂਮਤ ਵਿਚ ਇਹ ਲੱਛਮੀ ਪੂਜਨ ਦਾ ਪੁਰਵ ਹੈ। ਹਿੰਦੀ ਡਿਕਸ਼ਨਰੀ ਵਿੱਚ ਲਿਖਿਆ ਹੈਕਾਰਤਿਕ ਕੀ ਅਮਾਵਸ ਕੋ ਪੜ੍ਹਨੇ ਵਾਲਾ ਹਿੰਦੂਓ ਕਾ ਏਕ ਤਿਉਹਾਰ ਜਿਸ ਮੇਂ

ਲਕਛਮੀ ਪੂਜਨ ਹੋਤਾ ਹੈ। ਗੁਰੂ ਨਾਨਕ ਸਾਹਿਬ ਜੀ ਦੇ ਆਗਮਨ ਤੋ ਹਿੰਦੂ ਇਹ ਤਿਉਹਾਰ ਮਨਾਉਂਦੇ ਆਏ ਹਨ। ਦੇਖਾ-ਦੇਖੀ ਸਿੱਖ ਆਪ ਵੀ ਇਸ ਵਿੱਚ ਸ਼ਾਮਿਲ ਹੋ ਗਏ ਹਨ।

ਦੀਵਾਲੀ ਨਾਲ ਬਹੁਤ ਸਾਰੀਆਂ ਮਿਥਿਹਾਸਿਕ ਕਹਾਣੀਆਂ ਜੁੜੀਆਂ ਹੋਈਆਂ ਹਨ। ਜਿਸ ਤਰ੍ਹਾਂ ਕ੍ਰਿਸ਼ਨ ਵਲੋਂ ਕੰਸ ਨੂੰ ਕੇਸਾਂ ਤੋਂ ਫੜ ਕੇ ਮਾਰਨਾ ਦੂਜਾ ਬਿਕਰਮਾ ਦਿੱਤ ਦਾ ਤਖਤ 'ਤੇ ਬੈਠਣਾ ਤੀਜਾ ਰਾਮ ਚੰਦ੍ਰ ਦਾ ਬਨਵਾਸ ਕੱਟ ਕੇ ਵਾਪਸ ਅਯੁੱਧਿਆ ਆਉਣ ਦੀ ਖੁਸ਼ੀ ਵਿੱਚ ਲੋਕਾਂ ਨੇ ਆਪਣਿਆਂ ਘਰਾਂ ਵਿੱਚ ਦੀਪਮਾਲਾ ਕੀਤੀ। ਉਂਝ ਜਦੋਂ ਵੀ ਘਰ ਵਿੱਚ ਕੋਈ ਖੁਸ਼ੀ ਹੁੰਦੀ ਹੈ ਤਾਂ ਲੋਕ ਦੀਵੇ ਜਗਾ ਕੇ ਆਪਣੀ ਖੁਸ਼ੀ ਜ਼ਾਹਿਰ ਕਰਦੇ ਹਨ। ਪੁਜਾਰੀ ਨੇ ਸਿੱਖਾਂ ਨੂੰ ਸ਼ਾਮਿਲ ਕਰਨ ਲਈ ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾ ਹੋਣ ਵਾਲੀ ਸਾਖੀ ਜੋੜ ਦਿੱਤੀ ਹੈ। ਜਦ ਕਿ ਇਤਿਹਾਸਕ ਤੱਥਾਂ 'ਤੇ ਇਹ ਸਾਖੀ ਪੂਰੀ ਨਹੀਂ ਉਤਰਦੀ ਹੈ। ਦੀਵਾਲੀ ਦਾ ਤਿਉਹਾਰ ਸਦੀਆਂ ਤੋਂ ਮਨਾਇਆ ਜਾ ਰਿਹਾ ਹੈ ਤੇ ਸਿੱਖ ਇਸ ਵਿਚ ਧੱਕੇ ਨਾਲ ਹੀ ਸ਼ਾਮਿਲ ਹੋ ਗਏ ਹਨ ਜਾਂ ਕਰਾ ਦਿੱਤੇ ਗਏ।

ਦੀਵਾਲੀ ਤਥਾ ਲਛਮੀ ਦੀ ਪੂਜਾ

ਜਿਸ ਤਰ੍ਹਾਂ ਅੱਜ ਕਲ੍ਹ ਸਾਲ ਵਿੱਚ ਦੋ ਵਾਰੀ ਆਪਣੀ ਆਮਦਨੀ ਦਾ ਚਿੱਠਾ ਸਰਕਾਰ ਨੂੰ ਦਿਖਾਉਣਾ ਪੈਂਦਾ ਹੈ ਕੁਝ ਏਸੇ ਤਰ੍ਹਾਂ ਹੀ ਆਰੀਆ ਲੋਕਾਂ ਦੇ ਆਉਣ ਤੋਂ ਪਹਿਲਾਂ ਆਮ ਜਨਤਾ ਨੂੰ ਦੀਵਾਲੀ 'ਤੇ ਆਪਣਾ ਸਾਰਾ ਹਿਸਾਬ ਕਿਤਾਬ ਰੱਖਣਾ ਪੈਂਦਾ ਸੀ ਇਹ ਵੀ ਦੇਖਿਆ ਜਾਂਦਾ ਸੀ ਇਸ ਵਪਾਰੀ ਨੇ ਸਰਕਾਰੀ ਖ਼ਜ਼ਾਨੇ ਵਿੱਚ ਕਿੰਨਾ ਕੁਝ ਜਮ੍ਹਾਂ ਕਰਾਇਆ। ਵਪਾਰੀ ਲੋਕ ਇਸੇ ਦਿਨ ਆਪਣੇ ਵਹੀ ਖਾਤੇ ਦੀਆਂ ਨਵੀਆਂ ਵਹੀਆਂ ਸ਼ੁਰੂ ਕਰਦੇ ਸਨ। ਮੱਧ ਪ੍ਰਦੇਸ, ਗੁਜਰਾਤ ਤੇ ਮਹਾਂਰਾਸ਼ਟਰਾ ਦੇ ਵਪਾਰੀ ਤੇ ਆਮ ਲੋਕ ਆਪਣੇ ਨਵੇਂ ਵਹੀ ਖਾਤੇ ਲਗਾਉਂਦੇ ਸਨ। ਆਰੀਆ ਲੋਕਾਂ ਨੇ ਇਸ ਨੂੰ ਲਛਮੀ ਪੂਜਾ ਵਜੋਂ ਮਨਾਉਣਾ ਸ਼ੁਰੂ ਕਰ ਦਿੱਤਾ। ਇਹ ਕਹਿਣਾ ਸ਼ੁਰੂ ਦਿੱਤਾ ਕਿ ਦੀਵਾਲੀ ਵਾਲੇ ਦਿਨ ਆਪਣੇ ਘਰ ਵਿਚ ਦੀਵੇ ਬਾਲ ਕੇ ਰੱਖੇ ਜਾਣ ਤਾਂ ਕਿ ਲਛਮੀ ਲੋਅ ਅਤੇ ਖੁਲ੍ਹਾ ਘਰ ਦੇਖ ਆਪਣੇ ਆਪ ਹੀ ਘਰ ਵਿਚ ਪ੍ਰਵੇਸ਼ ਕਰ ਜਾਂਦੀ ਹੈ ਫਿਰ ਬੰਦੇ ਨੂੰ ਸਾਰੀ ਜ਼ਿੰਦਗੀ ਕੰਮ ਕਰਨ ਦੀ ਲੋੜ ਨਹੀਂ ਰਹਿ ਜਾਂਦੀ। ਵਰਤਮਾਨ ਸਮੇਂ ਅੰਦਰ ਵੀ ਦੀਵਾਲੀ ਨੂੰ ਲੱਛਮੀ ਪੂਜਾ ਕਰਕੇ ਪੂਜਿਆ ਜਾਂਦਾ ਹੈ। ਇਹ ਸਾਰੀਆਂ ਮਨੌਤਾਂ ਹੀ ਹਨ ਇੰਝ ਕਦੇ ਵੀ ਕਿਸੇ ਘਰ ਵਿਚ ਲੱਛਮੀ ਨਹੀਂ ਆ ਸਕਦੀ ਪਰ ਦੀਵਾਲੀ 'ਤੇ ਨਾ ਚਾਹੁੰਦਿਆਂ ਹੋਇਆਂ ਵੀ ਬੇ-ਲੋੜਾ ਖਰਚਾ ਲੋਕ ਕਰ ਲੈਂਦੇ ਹਨ।

ਕੀ ਗੁਰਮਤਿ ਲਛਮੀ ਦੀ ਪੂਜਾ ਕਰਨ ਦੀ ਆਗਿਆ ਦਿੰਦੀ ਹੈ?

ਜਦੋਂ ਸਿੱਖ ਅਰਦਾਸ ਕਰਦਾ ਹੈ ਤਾਂ ਦੇਗ ਤੇਗ ਫਤਹਿ ਵਾਲੇ ਸ਼ਬਦਾਂ ਨੂੰ ਦੋ ਵਾਰ ਪੜ੍ਹਦਾ ਹੈ। ਦੇਗ ਦਾ ਅਰਥ ਹੈ ਕਿਰਤ ਕਰਕੇ ਨਿਰਬਾਹ ਕਰਨਾ ਤੇ ਆਪਣੀ ਕਿਰਤ ਵਿਚੋਂ ਲੋੜਵੰਦਾਂ ਦੀ ਸਹਾਇਤਾ ਕਰਨਾ। ਤੇਗ ਦੇ ਅਰਥ ਵਿਚੋਂ ਹਰੇਕ ਮਨੁੱਖ ਨੂੰ ਪੂਰਨ ਅਜ਼ਾਦੀ, ਤਥਾ ਖੁਦਮੁਖਤਿਆਰੀ ਦਾ ਸੁਨੇਹਾ ਮਿਲਦਾ ਹੈ। ਦੌਲਤ ਗੁਜ਼ਰਾਨ ਹੈ ਦੱਬ ਕੇ ਕਿਰਤ ਕਰਨੀ ਚਾਹੀਦੀ ਹੈ ਪਰ ਇਹ ਨਹੀਂ ਕਿ ਸਿੱਖ ਇਕ ਅਕਾਲ ਪੁਰਖ ਦਾ ਪੁਜਾਰੀ ਹੋਣ ਦੀ ਥਾਂ 'ਤੇ ਲੱਛਮੀ ਦੀ ਪੂਜਾ ਕਰਨ ਲੱਗ ਜਾਏ।

ਲਛਮੀ ਸਬੰਧੀ ਗੁਰਬਾਣੀ ਫੁਰਮਾਣਾਂ ਨੂੰ ਸਮਝਣ ਦਾ ਯਤਨ ਕੀਤਾ ਜਾਏਗਾ।

ਜਿਹੜੇ ਸਿੱਖ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਬਾਣੀ ਹੁਕਮਾਂ ਨੂੰ ਭੁਲਾ ਕੇ ਆਪਣੀ ਆਗਿਆਨਤਾ ਕਾਰਣ ਦੀਵਾਲੀ ਮਨਾਉਂਦੇ ਹਨ ਉਹਨਾਂ ਪ੍ਰਤੀ ਗੁਰਬਾਣੀ ਦਾ ਬੜਾ ਪਿਆਰਾ ਵਾਕ ਹੈ

ਜਿਨੀ ਗੁਰਮੁਖਿ ਹਰਿ ਨਾਮ ਧਨੁ ਨ ਖਟਿਓ
ਸੇ ਦੇਵਾਲੀਏ ਜੁਗ ਮਾਹਿ॥
ਓਇ ਮੰਗਦੇ ਫਿਰਹਿ ਸਭ ਜਗਤ ਮਹਿ
ਕੋਈ ਮੁਹਿ ਥੁਕ ਨ ਤਿਨ ਕਉ ਪਾਹਿ ॥

(852)

ਅੱਖਰੀਂ ਅਰਥ ਹੇ ਭਾਈ! ਜਿਨ੍ਹਾਂ ਮਨੁੱਖਾਂ ਨੇ ਗੁਰੂ ਦੀ ਸਰਨ ਪੈ ਕੇ ਪਰਮਾਤਮਾ ਦਾ ਨਾਮ-ਧਨ ਨਹੀਂ ਕਮਾਇਆ, ਉਹ ਜਗਤ ਵਿਚ ਮਨੁੱਖਾ ਜੀਵਨ ਦੀ ਬਾਜ਼ੀ ਹਾਰ ਚੁਕੇ ਸਮਝੋ (ਜਿਵੇਂ ਜੁਆਰੀਆ ਜੂਏ ਵਿਚ ਹਾਰ ਕੇ ਕੰਗਾਲ ਹੋ ਜਾਂਦਾ ਹੈ)। ਇਹੋ ਜਿਹੇ ਮਨੁੱਖ (ਉਹਨਾਂ ਮੰਗਤਿਆਂ ਵਰਗੇ ਹਨ ਜੋ) ਸਾਰੇ ਸੰਸਾਰ ਵਿਚ ਮੰਗਦੇ ਫਿਰਦੇ ਹਨ, ਪਰ ਉਹਨਾਂ ਦੇ ਮੂੰਹ ਉਤੇ ਕੋਈ ਥੁੱਕਦਾ ਭੀ ਨਹੀਂ।

ਜਿਹੜਾ ਮਨੁੱਖ ਗੁਰੂ ਸਾਹਿਬ ਜੀ ਦੀ ਮਤ 'ਤੇ ਤੁਰਦਾ ਹੈ ਉਹ ਗੁਣਾਂ ਰੂਪੀ ਨਾਮ ਧਨ ਇਕੱਠਾ ਕਰ ਲੈਂਦਾ ਹੈ। ਇਕ ਗੱਲ ਹੋਰ ਸਮਝਣੀ ਚਾਹੀਦੀ ਹੈ ਕਿ ਗੁਰਬਾਣੀ ਸਿਧਾਂਤ ਧਨ ਕਮਾਉਣ ਤੋਂ ਮਨ੍ਹਾ ਨਹੀਂ ਕਰਦੀ ਪਰ ਇਹ ਵੀ ਨਸੀਹਤ ਦਿੰਦੀ ਹੈ ਭਲੇ ਦੂਜੇ ਦਾ ਹੱਕ ਨਾ ਮਾਰ ਅਜਿਹਾ ਕਰਨ ਨਾਲ ਤੈਨੂੰ ਅੰਤਰ-ਆਤਮੇ'ਤੇ ਜ਼ਲੀਲ ਹੋਣਾ ਪਏਗਾ---

ਕਾਚਾ ਧਨੁ ਸੰਚਹਿ ਮੂਰਖ ਗਾਵਾਰ॥ ਮਨਮੁਖ ਭੂਲੇ ਅੰਧ ਗਾਵਾਰ ॥ ਬਿਖਿਆ ਕੈ ਧਨਿ ਸਦਾ ਦੁਖੁ ਹੋਇ ॥ ਨਾ ਸਾਥਿ ਜਾਇ ਨ ਪਰਾਪਤਿ ਹੋਇ॥ ਸਾਚਾ ਧਨੁ ਗੁਰਮਤੀ ਪਾਏ ॥ ਕਾਚਾ ਧਨੁ ਫੁਨਿ ਆਵੈ ਜਾਏ ॥ (665)

ਅੱਖਰੀਂ ਅਰਥ -ਜਿਹੜਾ ਮਨੁੱਖ ਗੁਰੂ ਦੀ ਮਤਿ ਉਤੇ ਤੁਰਦਾ ਹੈ, ਉਹ ਸਦਾ ਕਾਇਮ ਰਹਿਣ ਵਾਲਾ ਹਰਿ-ਨਾਮ-ਧਨ ਹਾਸਲ ਕਰ ਲੈਂਦਾ ਹੈ। (ਪਰ ਦੁਨੀਆਂ ਵਾਲਾ) ਨਾਸਵੰਤ ਧਨ ਕਦੇ ਮਨੁੱਖ ਨੂੰ ਮਿਲ ਜਾਂਦਾ ਹੈ ਕਦੇ ਹੱਥੋਂ ਨਿਕਲ ਜਾਂਦਾ ਹੈ। ਰਹਾਉ। ਹੇ ਭਾਈ ! ਮੂਰਖ ਅੰਞਾਣ ਲੋਕ (ਸਿਰਫ਼ ਦੁਨੀਆ ਵਾਲਾ) ਨਾਸਵੰਤ ਧਨ (ਹੀ) ਜੋੜਦੇ ਰਹਿੰਦੇ ਹਨ। ਆਪਣੇ ਮਨ ਦੇ ਪਿੱਛੇ ਤੁਰਨ ਵਾਲੇ, ਮਾਇਆ ਦੇ ਮੋਹ ਵਿਚ ਅੰਨ੍ਹੇ ਹੋਏ ਹੋਏ ਮਨੁੱਖ ਕੁਰਾਹੇ ਪਏ ਰਹਿੰਦੇ ਹਨ। ਹੇ ਭਾਈ! ਮਾਇਆ ਦੇ ਧਨ ਨਾਲ ਸਦਾ ਦੁੱਖ (ਹੀ) ਮਿਲਦਾ ਹੈ। ਇਹ ਧਨ ਨਾਹ ਹੀ ਮਨੁੱਖ ਦੇ ਨਾਲ ਜਾਂਦਾ ਹੈ, ਅਤੇ, ਨਾਹ ਹੀ (ਇਸ ਨੂੰ ਜੋੜ ਜੋੜ ਕੇ) ਸੰਤੋਖ ਪ੍ਰਾਪਤ ਹੁੰਦਾ ਹੈ।

ਗੁਰਬਾਣੀ ਸਿਧਾਂਤ ਸਾਨੂੰ ਇਕ ਅਕਾਲ ਨਾਲ ਜੋੜਦੀ ਹੈ। ਧਨ ਕਮਾਉਣਾ ਕੋਈ ਮਾੜੀ ਗੱਲ ਨਹੀਂ ਪਰ ਧਨ ਦੀ ਪੂਜਾ ਕਰਨਾ ਸਿੱਖ ਸਿਧਾਂਤ ਨਹੀਂ ਹੈ। ਗੁਰੂ ਸਿਧਾਂਤ ਨੇ ਸਿੱਖ ਨੂੰ ਕਿਰਤੀ ਬਣਾਇਆ ਹੈ।

ਦੀਵਾਲੀ ਦਾ ਵਪਾਰੀਕਰਨ

ਜਿਸ ਤਰ੍ਹਾਂ ਸਾਲ ਵਿਚ ਸਰਕਾਰ ਇਹ ਦੇਖ ਲੈਂਦੀ ਸੀ ਲੋਕਾਂ ਪਾਸ ਕਿੰਨੀ ਧੰਨ ਦੌਲਤ ਹੈ ਸਰਕਾਰੀ ਖਜ਼ਾਨੇ ਵਿਚ ਕਿੰਨੀ ਜਮ੍ਹਾਂ ਹੋਈ ਹੈ। ਦੂਸਰਾ ਇਸ ਤਿਉਹਾਰ ਨੂੰ ਵਪਾਰੀ ਲੋਕਾਂ ਨੇ ਆਪਣੇ ਫਾਇਦੇ ਲਈ ਵਰਤਿਆ ਹੈ। ਦੀਵਾਲੀ ਦੇ ਦਸ ਦਿਨ ਪਹਿਲਾਂ ਹੀ ਦੁਕਾਨਦਾਰ ਆਪਣੀਆਂ ਦੁਕਾਨਾਂ ਸਜਾਉਣੀਆਂ ਸ਼ੁਰੂ ਕਰ ਦਿੰਦੇ ਹਨ। **ਕਿਹਾ ਜਾਂਦਾ ਹੈ ਕਿ ਦੀਵਾਲੀ ਵਾਲੇ ਦਿਨ ਲਛਮੀ ਲੋਕਾਂ ਦਿਆਂ ਘਰਾਂ ਵਿਚ ਪਰਵੇਸ਼ ਕਰਦੀ ਹੈ ਪਰ ਇਹ ਕਿੱਡਾ ਵੱਡਾ ਧੋਖਾ ਹੈ ਇਸ ਦਿਨ ਤਾਂ ਲਛਮੀ ਆਮ ਘਰਾਂ ਵਿਚੋਂ ਨਿਕਲ ਕੇ ਦੁਕਾਨਦਾਰਾਂ ਅਤੇ ਵਪਾਰੀਆਂ ਦੀਆਂ ਦੁਕਾਨਾਂ ਵਿਚ ਵੜ ਜਾਂਦੀ ਹੈ।** ਦੁਕਾਨਦਾਰ ਲੋਕਾਂ ਵਿਚ ਐਨਾ ਉਤਸ਼ਾਹ ਭਰ ਦਿੰਦੇ ਹਨ ਕਿ ਹਰੇਕ ਮਨੁੱਖ ਦੀਵਾਲੀ ਨੂੰ ਕੁਝ ਨਾ ਕੁਝ ਖਰੀਦਦਾ ਹੀ ਹੈ। ਇੰਝ ਦੀਵਾਲੀ ਨੂੰ ਵਪਾਰੀ ਲੋਕ ਸਸਤੀ ਵਸਤੂ ਵੀ ਮਹਿੰਗੇ ਭਾਅ ਵੇਚ ਕੇ ਆਪਣਾ ਹੀ ਘਰ ਭਰਦੇ ਹਨ। ਘਟੀਆ ਤੋਂ ਘਟੀਆ ਕਿਸਮ ਦੀ ਮਠਿਆਈ ਲੋਕ ਆਪਣਿਆਂ ਘਰਾਂ ਵਿਚ ਲੈ ਜਾਂਦੇ ਹਨ।

ਹੈਰਾਨਗੀ ਦੀ ਗੱਲ ਦੇਖੋ, ਦੇਸ਼-ਵਿਦੇਸ਼ ਦੇ ਤਮਾਮ ਗੁਰਦੁਆਰਿਆਂ ਵਿਚ ਬੇ-ਲੋੜੀ ਤੇ ਬੇ-ਓੜਕੀ ਮਠਿਆਈ ਚੜ੍ਹਦੀ ਹੈ। ਗੁਰਦੁਆਰੇ ਵਿਚ ਤਾਂ ਦਸ ਪੰਦਰ੍ਹਾਂ ਹੀ ਸੇਵਾ ਕਰਨ ਵਾਲੇ ਹੋਣਗੇ, ਤਿੰਨ ਕੁ ਡੱਬਿਆਂ ਨਾਲ ਹੀ ਸਰ ਸਕਦਾ ਹੈ। ਪਰ ਲੋਕ ਗੁਰਦੁਆਰਿਆਂ ਵਿਚ ਮਠਿਆਈ ਦੇ ਅੰਬਾਰ ਲਗਾ ਦਿੰਦੇ ਹਨ। ਜਦੋਂ ਸਿਹਤ ਵਿਭਾਗ ਵਾਲੇ ਮਠਿਆਈ ਦੇ ਨਮੂਨੇ ਭਰਦੇ ਹਨ ਬਹੁਤੇ ਨਮੂਨੇ ਫੇਲ੍ਹ ਹੀ ਹੁੰਦੇ ਹਨ। ਦੀਵਾਲੀ'ਤੇ ਵਪਾਰੀਆਂ ਤੇ ਪੁਜਾਰੀਆਂ ਨੇ ਲੋਕਾਂ ਨੂੰ ਪੂਰਾ ਪੂਰਾ ਲੁੱਟਣ ਦਾ ਪ੍ਰਬੰਧ ਕੀਤਾ ਹੋਇਆ ਹੈ। ਕਿਹਾ ਜਾ ਸਕਦਾ ਹੈ ਇਸ ਤਿਉਹਾਰ ਦਾ ਵਪਾਰੀਆਂ ਨੇ ਪੂਰਾ ਵਪਾਰੀ-ਕਰਨ ਕਰ ਦਿੱਤਾ ਹੈ।

-0-

ਭਾਗ ਦੂਜਾ

ਦੀਵਾਲੀ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਜੋੜਨਾ

ਸਿੱਖਾਂ ਦਾ ਲਛਮੀ ਪੂਜਾ ਨਾਲ ਕੋਈ ਸਬੰਧ ਨਹੀਂ ਹੈ। ਦੂਜਾ ਦੀਵੇ ਬਾਲਣ ਭਾਵ ਜਗਾਉਣ ਨਾਲ ਵੀ ਕੋਈ ਸਬੰਧ ਨਹੀਂ ਹੈ। ਪਰ ਕੁਝ ਘਟਨਾਵਾਂ ਨੂੰ ਸਿੱਖਾਂ ਨਾਲ ਜੋੜ ਕੇ ਸਿੱਖਾਂ ਨੂੰ ਹਿੰਦੂ ਸਾਬਤ ਕਰਨ ਵਿਚ ਕੋਈ ਕਸਰ ਨਹੀਂ ਛੱਡੀ ਜਾ ਰਹੀ। ਅਸੀਂ ਇਤਿਹਾਸ ਦੀ ਜਾਂ ਸਿਧਾਂਤ ਦੀ ਕੋਈ ਜਾਂਚ ਪੜਤਾਲ ਕੀਤੇ ਬਿਨਾਂ ਹੀ ਭੀੜ ਦਾ ਹਿੱਸਾ ਬਣ ਜਾਂਦੇ ਹਾਂ। ਦੀਵਾਲੀ ਸਿੱਖਾਂ ਦਾ ਤਿਉਹਾਰ ਸਾਬਤ ਕਰਨ ਲਈ ਪਿੱਛਲੇ ਲੰਬੇ ਸਮੇਂ ਤੋਂ ਦੋ ਹਵਾਲਿਆਂ ਨੂੰ ਵਰਤਿਆ ਜਾ ਰਿਹਾ ਹੈ। ਪਹਿਲਾ ਹਵਾਲਾ ਗੁਰੂ ਹਰਿ ਗੋਬਿੰਦ ਸਾਹਿਬ ਜੀ 52 ਰਾਜਸੀ ਕੈਦੀਆਂ ਨਾਲ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾ ਹੋ ਕੇ ਅੰਮ੍ਰਿਤਸਰ ਪਹੁੰਚਣ 'ਤੇ ਬਾਬਾ ਬੁੱਢਾ ਜੀ ਵਲੋਂ ਘਿਓ ਦੇ ਦੀਵੇ ਬਾਲ ਕੇ ਖੁਸ਼ੀ ਪ੍ਰਗਟ ਕੀਤੀ ਗਈ। ਦੂਜਾ ਹਵਾਲਾ ਭਾਈ ਗੁਰਦਾਸ ਸਾਹਿਬ ਦੀ ਇਕ ਰਚਨਾ ਦਾ ਦਿੱਤਾ ਜਾਂਦਾ ਹੈ ਜਿਸ ਵਿਚ ਦੀਵਾਲੀ ਦੀ ਰਾਤ ਨੂੰ ਦੀਵੇ ਬਾਲਣ ਦਾ ਜ਼ਿਕਰ ਆਉਂਦਾ ਹੈ। ਅਸੀਂ ਸਮਝ ਲਿਆ ਕਿ ਸ਼ਾਇਦ ਭਾਈ ਗੁਰਦਾਸ ਸਾਹਿਬ ਜੀ ਦੀਵੇ ਬਾਲਣ ਲਈ ਕਹਿ ਰਹੇ ਹਨ। ਜਦ ਕੇ ਉਹਨਾਂ ਬੁਝੈ ਦੀਵਿਆਂ 'ਤੇ ਵਿਅੰਗ ਕੀਤਾ ਹੈ। ਇਹ ਦੋਵੇਂ ਹਵਾਲੇ ਗੁਰਮਤਿ ਤੇ ਇਤਿਹਾਸ ਦੀ ਕਸਵੱਟੀ 'ਤੇ ਪੂਰੇ ਨਹੀਂ ਉਤਰਦੇ।

ਸਾਡੇ ਗੁਰਦੇਵ ਪੁਸਤਕ ਵਿਚ ਪ੍ਰੋ. ਪਿਆਰਾ ਸਿੰਘ ਜੀ ਲਿਖਤ ਦਾ ਇਕ ਪਹਿਰਾ ਲਿਆ ਹੈ ਜਿਹੜਾ ਵਿਸ਼ੇ ਨੂੰ ਹੋਰ ਵੀ ਸੁੰਦਰ ਢੰਗ ਨਾਲ ਸਪੱਸ਼ਟਤਾ ਦਿੰਦਾ ਹੈ ਸੋ ਇਹ ਜਨਮ ਸੰਮਤ ਅਸੀਂ ਮਨ-ਮਰਜ਼ੀ ਅਨੁਸਾਰ ਬਦਲਣ ਦੇ ਹਾਮੀ ਨਹੀਂ ਹਾਂ, ਪ੍ਰੰਤੂ ਇਤਿਹਾਸਕ ਖੋਜ ਦੇ ਮੁੱਢਲੇ ਅਸੂਲ ਅਨੁਸਾਰ ਜ਼ਰੂਰੀ ਹੈ ਕਿ ਉਨੀਵੀਂ ਸਦੀ ਦੇ ਮੁਕਾਬਲੇ 17ਵੀਂ ਅਤੇ 18ਵੀਂ ਸਦੀ ਦੀਆਂ ਸਮਕਾਲੀ ਲਿਖਤਾਂ ਨੂੰ ਵਧੇਰੇ ਪ੍ਰਮਾਣੀਕ ਮੰਨਿਆ ਜਾਏ। ਉਪਰੋਕਤ ਗਲਤ ਜਨਮ-ਸੰਮਤ ਉਨ੍ਹੀਵੀਂ ਸਦੀ ਦੀਆਂ ਲਿਖਤਾਂ ਵਿਚੋਂ ਹੀ ਆਏ ਹਨ। ਭਾਈ ਸੰਤੋਖ ਸਿੰਘ ਤੇ ਗਿਆਨੀ ਗਿਆਨ ਸਿੰਘ ਦੀਆਂ ਦੱਸੀਆਂ ਤਰੀਕਾਂ ਨੂੰ ਮਿਸਟਰ ਮੈਕਾਲਫ਼ ਨੇ ਅਪਣਾ ਕੇ ਅੰਗਰੇਜ਼ੀ ਲਿਖਤ ਵਿਚ ਲਿਆਂਦਾ, ਜਿਸ ਕਰਕੇ ਛਾਪੇ ਕਾਰਨ ਇਹਨਾਂ ਦਾ ਵਧੇਰੇ ਪ੍ਰਚਾਰ ਹੋ ਗਿਆ। ਸੋ ਸਾਨੂੰ ਸਹੀ ਗੱਲ ਨਿਤਾਰਨ ਲਈ ਇਹ ਦੇਖਣ ਦੀ ਲੋੜ ਨਹੀਂ ਇਹ ਸੰਮਤ ਕਿੰਨੇ ਲੋਕਾਂ ਨੇ ਲਿਖੇ ਹਨ, ਠਰੰਮ੍ਹੇ ਤੇ ਗਹਿਰਾਈ ਨਾਲ ਇਹ ਵਿਚਾਰਨ ਦੀ ਲੋੜ ਹੈ ਕਿ ਸਭ ਤੋਂ ਪੁਰਾਤਨ ਲਿਖਤਾਂ ਵਿਚ ਕਿਹੜਾ ਸੰਮਤ ਹੈ ਤੇ ਉਸ ਨਾਲ ਸਾਡੀਆਂ ਆਪ ਪਾਈਆਂ ਗੁੰਝਲਾਂ ਖੁੱਲ੍ਹਦੀਆਂ ਦਿਖਾਈ ਦਿੰਦੀਆਂ ਹਨ।

ਪੁਸਤਕ ਦੀ ਭੂਮਿਕਾ ਵਿਚ ਪ੍ਰੋ. ਪਿਆਰਾ ਸਿੰਘ ਜੀ ਪਦਮ ਅੱਗੇ ਲਿਖਦੇ ਹਨ। ਸ੍ਰ ਕਰਮ ਸਿੰਘ ਹਿਸਟੋਰੀਅਨ ਪਹਿਲੇ ਖੋਜੀ ਵਿਦਵਾਨ ਸਨ ਜਿੰਨਾਂ ਇਹਨਾਂ ਜਨਮ ਮਰਨ ਦੇ ਸੰਮਤਾਂ ਬਾਰੇ ਗੁਰਪੁਰਬ ਨਿਰਣੈ ਵਿਚ ਕੁਝ ਵਿਚਾਰ ਕੀਤਾ ਸੀ, ਲੇਕਿਨ ਉਹਨਾਂ ਦੇ ਜ਼ਮਾਨੇ ਭੱਟ ਵਹੀਆਂ, ਗੁਰੂ ਕੀਆਂ ਸਾਖੀਆਂ, ਬਸੰਵਲੀ ਨਾਮੇ ਤੇ ਸ: ਜੱਸਾ ਸਿੰਘ ਬਿਨੋਦ ਆਦਿ ਪੁਰਾਤਨ ਲਿਖਤਾਂ ਪ੍ਰਕਾਸ਼ ਵਿਚ ਨਹੀਂ ਸੀ ਆਈਆਂ। ਹੁਣ ਇਹਨਾਂ ਲਿਖਤਾਂ ਨੇ ਕਈ ਭੁਲੇਖੇ ਦੂਰ ਕੀਤੇ ਹਨ, ਸੋ ਇਹਨਾਂ ਨੂੰ ਅਪਨਾਉਣਾ ਯੋਗ ਹੈ। **ਜੇ ਰਵਾਇਤ ਗਲਤ ਪ੍ਰਚੱਲਤ ਹੋ ਗਈ ਹੋਵੇ ਤਾਂ ਜ਼ਰੂਰੀ ਨਹੀਂ ਕਿ ਅਸੀਂ ਵੀ ਲਕੀਰ ਦੇ ਫਕੀਰ ਹੀ ਬਣੇ ਰਹੀਏ। ਲੋੜ ਹੈ ਪ੍ਰਾਪਤ ਸਮੱਗਰੀ ਦੇ ਅਧਾਰ 'ਤੇ ਖੋਜ ਪੜਤਾਲ ਬਾਅਦ ਸਹੀ ਸਿੱਟੇ ਕੱਢੀਏ ਤੇ ਉਹਨਾਂ ਨੂੰ ਅਪਨਾਈਏ।**

ਭੱਟ ਵਹੀ ਤਲਾਉਂਡਾ ਪਰਗਣਾ ਜੀਂਦ ਵਿਚ ਇਸ ਪ੍ਰਕਾਰ ਲਿਖਿਆ ਹੈ

ਗੁਰੂ ਹਰਿ ਗੋਬਿੰਦ ਜੀ ਮਹਲ ਛਟਾ ਬੇਟਾ ਗੁਰੂ ਅਰਜਨ ਜੀ ਕਾ ਸੰਮਤ ਸੋਲਾਂ ਸੋਲਹਾਂ ਸੈ ਸਤੱਤਰਾ ਮਾਘ ਪ੍ਰਵਿਸ਼ਟੇ ਪਹਿਲੀ ਕੇ ਦਿਹੁੰ ਹੇਹਰ ਮਗਰੀ ਸੇ ਚਲ ਕਰ ਗ੍ਰਾਮ ਗੁਰੂ ਕੇ ਚੱਕ ਪਰਗਣਾ ਨਿਝਰਆਲਾ ਆਏ। ਗੈਲੋਂ ਅਰਜਾਨੀ ਬੇਟਾ ਮੋਹਰੀ ਜੀ ਕਾ, ਮਿਹਰਬਾਨ ਬੇਟਾ ਪ੍ਰਿਥੀ ਚੰਦ ਜੀ ਕਾ ਬਾਬਾ ਬੁੱਢਾ ਰਾਮਦਾਸ ਬੇਟਾ ਸੁਘੇ ਰੰਧਾਵੇ ਕਾ, ਗੁਰਦਾਸ ਬੇਟਾ ਈਸ਼ਰਦਾਸ ਬੱਲੇ ਕਾ, ਬਲੂ ਰਾਏ ਬੇਟਾ ਮੂਲਚੰਦ ਜਲ੍ਹਾਨੇ ਕਾ, ਕੌਲ ਜੀ ਬੇਟਾ ਅੰਬੀਏ ਹਜਾਵਤ ਕਾ, ਹੋਰ ਸਿੱਖ ਫਕੀਰ ਆਏ।

ਇਤਿਹਾਸ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਕਿਲ੍ਹੇ ਤੋਂ ਰਿਹਾਅ ਹੋ ਕੇ ਗੋਇੰਦਵਾਲ ਆਏ ਹਨ ਤੇ ਫਿਰ ਅੰਮ੍ਰਿਤਸਰ ਪਹੁੰਚੇ ਹਨ ਭਾਵ ਕਿ ਇਹ ਕਹਿਣ ਵਿਚ ਕੋਈ ਸੰਕੋਚ ਨਹੀਂ ਕਿ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਅੰਮ੍ਰਿਤਸਰ ਆਏ ਸਨ ਓਦੋਂ ਕਤਕ ਦੀ ਦੀਵਾਲੀ ਨਹੀਂ ਸੀ। ਇੰਜ ਦੀਵਾਲੀ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਜੋੜਨਾ ਇਤਿਹਾਸ ਨਾਲ ਅਨਿਆਏ ਹੈ।


ਅਖੇ ਸਿੱਖ ਦੀਵਾਲੀ ਨਹੀਂ ਬੰਦੀ ਛੋੜ ਦਿਵਸ ਮਨਾਉਂਦੇ ਹਨ

ਜਦੋਂ ਬੰਦਾ ਗਲਤ ਹੋਵੇ ਤਾਂ ਉਹ ਆਪਣੇ ਆਪ ਨੂੰ ਸਹੀ ਸਾਬਤ ਕਰਨ ਲਈ ਕਈ ਪ੍ਰਕਾਰ ਦੀਆਂ ਦਲੀਲਾਂ ਘੜ ਕੇ ਰੱਖਦਾ ਹੈ। ਜਦੋਂ ਆਮ ਲੋਕਾਂ ਦੀ ਇਹ ਧਾਰਨਾ ਬਣ ਗਈ ਹੋਵੇ ਕਿ ਇਸ ਦਿਨ ਲਛਮੀ ਦੀ ਪੂਜਾ ਕਰਨ ਨਾਲ ਧਨ ਵਿਚ ਪ੍ਰਾਪਤੀ ਹੁੰਦੀ ਤਾਂ ਜਨ ਸਧਾਰਨ ਬੰਦਾ ਵੀ ਪੂਜਾ ਵਾਲੇ ਪਾਸੇ ਤੁਰ ਪੈਂਦਾ ਹੈ। ਹਿੰਦੂ ਇਹ ਮੰਨਦੇ ਹਨ ਦੀਵਾਲੀ ਵਾਲੇ ਦਿਨ ਭਗਵਾਨ ਰਾਮ ਚੰਦਰ ਨੇ ਚੌਦ੍ਹਾਂ ਸਾਲ ਦਾ ਬਨਵਾਸ ਕੱਟ ਕੇ ਸੀਤਾ ਨੂੰ ਰਾਵਣ ਦੀ ਕੈਦ ਵਿਚੋਂ ਛਡਾ ਕੇ ਵਾਪਸ ਅਯੁੱਧਿਆ ਆਏ ਤਾਂ ਲੋਕਾਂ ਨੇ ਘਿਓ ਦੇ ਦੀਵੇ ਬਾਲ ਕੇ ਆਪਣੀ ਖੁਸ਼ੀ ਪ੍ਰਗਟ ਕੀਤੀ। ਸਿੱਖਾਂ ਵਲੋਂ ਵੀ ਦੀਵਾਲੀ ਵਾਲੇ ਤਿਉਹਾਰ ਵਿਚ ਰਲਣ ਲਈ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾਈ ਨਾਲ ਜੋੜ ਦਿੱਤਾ ਗਿਆ ਹੈ। ਭੱਟ ਵਹੀਆਂ ਅਨੁਸਾਰ ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ 28 ਫਰਵਰੀ 1620 ਨੂੰ ਅੰਮ੍ਰਿਤਸਰ ਆਉਣਾ ਮੰਨਿਆ ਗਿਆ ਹੈ ਜੋ ਕਿ ਦੀਵਾਲੀ ਵਾਲਾ ਦਿਨ ਨਹੀਂ ਬਣਦਾ। ਦੀਵਾਲੀ ਅਕਤੂਬਰ ਜਾਂ ਨਵੰਬਰ ਵਿਚ ਅਕਸਰ ਆਉਂਦੀ ਹੈ। ਹੁਣ ਪਤਾ ਨਹੀਂ ਸਿੱਖਾਂ ਨੂੰ ਕੀ ਮਜ਼ਬੂਰੀ ਬਣ ਗਈ ਹੈ ਦੀਵਾਲੀ ਨਹੀਂ ਜੀ ਅਸੀਂ ਤਾਂ ਬੰਦੀ ਛੋੜ ਦਿਵਸ ਮਨਾਉਂਦੇ ਹਾਂ। ਭਾਵ ਗਲਤ ਪ੍ਰੰਪਰਾਵਾਂ ਨੂੰ ਸਹੀ ਠਹਿਰਾਉਣ ਲਈ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੂੰ ਰਾਮ ਚੰਦ੍ਰ ਦੇ ਨਾਲ ਜੋੜ ਦਿੱਤਾ ਤੇ ਸਿੱਖ ਬੜੇ ਅਰਾਮ ਨਾਲ ਇਸ ਮਨੌਤ ਨੂੰ ਮੰਨ ਗਏ ਹਨ। ਕੇਵਲ 52 ਰਾਜੇ ਮੁਕਤ ਨਹੀਂ ਕਰਾਏ ਉਸ ਕਿਲ੍ਹੇ ਵਿਚ 101 ਰਾਜੇ ਸਨ ਜਿੰਨਾਂ ਵਿਚੋਂ 51 ਨੂੰ ਪਹਿਲਾਂ ਰਿਹਾ ਕਰਾ ਦਿੱਤਾ ਗਿਆ ਸੀ। ਗੁਰੂ ਸਾਹਿਬ ਜੀ ਨੇ ਗਵਾਲੀਅਰ ਦੇ ਬਦਨਾਮ ਕਿਲ੍ਹੇ ਵਿਚੋਂ 101 ਰਾਜਿਆਂ ਨੂੰ ਰਿਹਾ ਕਰਵਾਇਆ ਸੀ ਇਸ ਲਈ ਗੁਰਦੇਵ ਪਿਤਾ ਜੀ ਨੂੰ 'ਬੰਦੀ ਛੋੜ ਦਾਤਾ' ਕਿਹਾ ਜਾਂਦਾ ਹੈ।

ਸਿੱਖ ਇਤਿਹਾਸ ਵਿਚ ਹੋਰ ਵੀ ਬੰਦੀ ਛੋੜ ਦਿਹਾੜੇ ਹਨ ਜਿੰਨ੍ਹਾਂ ਵਲ ਅਸੀਂ ਕਦੇ ਧਿਆਨ ਨਹੀਂ ਦਿੱਤਾ।

1. ਗੁਰੂ ਨਾਨਕ ਸਾਹਿਬ ਜੀ ਸੰਨ 1521 ਨੂੰ ਬਾਬਰ ਦੀ ਕੈਦ ਵਿਚੋਂ ਐਮਨਾਬਾਦ ਤੇ ਆਮ ਲੋਕਾਂ ਸਮੇਤ ਰਿਹਾਅ ਹੋਏ ਸੀ। ਕੀ ਗੁਰੂ ਨਾਨਕ ਸਾਹਿਬ ਜੀ ਨੂੰ ਬੰਦੀ ਛੋੜ ਨਹੀਂ ਕਹਿਣਾ ਚਾਹੀਦਾ? ਗੁਰੂ ਨਾਨਕ ਸਾਹਿਬ ਜੀ ਨੇ ਅਣਗਿਣਤ ਗਰੀਬ ਲਾਚਾਰ ਲੋਕਾਂ ਨੂੰ ਰਿਹਾਅ ਕਰਾਇਆ ਸੀ। ਕੀ ਸਾਨੂੰ ਇਸ ਦਿਨ ਘਿਓ ਦੇ ਦੀਵੇ ਨਹੀਂ ਜਗਾਉਣੇ ਚਾਹੀਦੇ?

2. ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਜੀਵਨ ਗਾਥਾ ਵਿਚ ਭਾਈ ਮਹਿੰਦਰ ਸਿੰਘ ਜੋਸ਼ ਜੀ ਲਿਖਦੇ ਹਨ- 13 ਦਸੰਬਰ 1665 ਔਰੰਗਜ਼ੇਬ ਨੇ ਇਕ ਮਹੀਨੇ ਦੀ ਕੈਦ ਉਪਰੰਤ ਰਿਹਾਅ ਕੀਤਾ ਸੀ। 1670 ਨੂੰ ਦੂਜੀ ਗ੍ਰਿਫਤਾਰੀ ਭਾਵ



ਗਵਾਲੀਅਰ ਦਾ ਕਿਲਾ

ਕਿ ਦੋ ਮਹੀਨੇ ਤੇ 13 ਦਿਨ ਪਿੱਛੋਂ ਗੁਰਦੇਵ ਪਿਤਾ ਜੀ ਨੂੰ ਰਿਹਾ ਕੀਤਾ ਗਿਆ ਸੀ ਤੇ ਤੀਜੀ ਗਿਫਤਾਰੀ 1675 ਦੀ ਹੈ ਜਿਸ ਵਿਚ ਗੁਰਦੇਵ ਪਿਤਾ ਜੀ ਨੂੰ ਸ਼ਹੀਦ ਕੀਤਾ ਗਿਆ ਸੀ। ਕੀ ਗੁਰੂ ਤੇਗ ਬਹਾਦਰ ਸਾਹਿਬ ਜੀ ਬੰਦੀ ਛੋੜ ਨਹੀਂ ਸਨ? ਕੀ ਸਾਨੂੰ ਇਥੇ 'ਬੰਦੀ ਛੋੜ' ਦਿਵਸ ਨਹੀਂ ਮਨਾਉਣਾ ਚਾਹੀਦਾ?

3. ਮਹਾਨ ਕੋਸ਼ ਦੇ ਕਰਤਾ ਭਾਈ ਕਾਹਨ ਸਿੰਘ ਜੀ ਨਾਭਾ ਲਿਖਦੇ ਹਨ ਸਰਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਨੂੰ ਵੀ 'ਬੰਦੀ ਛੋੜ' ਕਿਹਾ ਜਾਂਦਾ ਹੈ। ਜਦੋਂ ਅਹਿਮਦਸ਼ਾਹ ਦੁਰਾਨੀ 2200 ਹਿੰਦੂ ਬੱਚੀਆਂ ਤੇ ਬੱਚਿਆਂ ਨੂੰ ਗਜ਼ਨਵੀ ਦੇ ਬਜ਼ਾਰਾਂ ਵਿਚ ਵੇਚਣ ਲਈ ਆਪਣੇ ਨਾਲ ਲਿਜਾ ਰਿਹਾ ਸੀ ਤਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਆਂ ਦੀ ਕਮਾਨ ਹੇਠ ਉਹਨਾਂ ਬੱਚੀਆਂ ਨੂੰ ਅਹਿਮਦਸ਼ਾਹ ਦੇ ਕਬਜ਼ੇ ਵਿਚੋਂ ਛਡਵਾਇਆ ਇੰਝ ਆਹਲੂਵਾਲੀਆ ਜੀ ਨੂੰ 'ਬੰਦੀ ਛੋੜ' ਦੀ ਪਦਵੀ ਹਾਸਲ ਕੀਤੀ। ਲੋਕਾਂ ਨੇ ਤਾਂ ਗੀਤ ਹੀ ਏਦਾਂ ਦੇ ਬਣਾ ਲਏ ਸਨ।

ਵੇ ਮੋੜੀਂ ਭਾਈ ਕੱਛ ਵਾਲਿਆ ਸਰਦਾਰਾ।
ਧੀ ਸਾਡੀ ਗਈ, ਬਸਰੇ ਨੂੰ।
ਏਨ੍ਹਾਂ ਦੀਆਂ ਗੁੱਡੀਆਂ
ਭੁਆਈਂ ਸਿੰਘਾ ਛਈ।
ਵੇ ਮੋੜੀ ਭਾਈ ਕੱਛ ਵਾਲਿਆ ਸਰਦਾਰਾ।

ਭੁਲੇਖਾ-ਦਰ-ਭੁਲੇਖਾ

ਸਾਡੀ ਮਾਨਸਿਕਤਾ ਵਿਚ ਇੱਥੋਂ ਤਕ ਗਿਰਾਵਟ ਆ ਗਈ ਹੈ ਕਿ ਹੁਣ ਕਈ ਵਾਰੀਂ ਕਈ ਗੁਰਦੁਆਰਿਆਂ ਵਿਚੋਂ ਰਾਮਨੌਮੀ ਤੇ ਜਨਮ ਅਸ਼ਟਮੀਆਂ ਦੇ ਸਮੇਂ ਗੁਰਬਾਣੀ ਦੇ ਉਹਨਾਂ ਸ਼ਬਦਾਂ ਦਾ ਕੀਰਤਨ ਕੀਤਾ ਜਾਂਦਾ ਹੈ ਜਿੰਨ੍ਹਾਂ ਵਿਚ ਰਾਮ ਤੇ ਕ੍ਰਿਸ਼ਨ ਦਾ ਜ਼ਿਕਰ ਆਉਂਦਾ ਹੈ। ਇਹਨਾਂ ਸ਼ਬਦਾਂ ਦਾ ਕੀਰਤਨ ਕਰਕੇ ਬਹੁ ਗਿਣਤੀ ਹਿੰਦੂਆਂ ਨੂੰ ਖੁਸ਼ ਕੀਤਾ ਜਾਂਦਾ ਹੈ ਕਿ ਦੇਖੋ ਜੀ ਗੁਰਬਾਣੀ ਵਿਚ ਵੀ ਇਹ ਨਾਂ ਆਏ ਹਨ। ਅਸਲ ਵਿਚ ਅਸੀਂ ਬਹੁ ਗਿਣਤੀ ਦੇ ਪਿਛਲੱਗ ਬਣ ਕੇ ਉਹਨਾਂ ਨੂੰ ਹਰ ਹਾਲ ਵਿਚ ਖੁਸ਼ ਕਰਨ ਦਾ ਯਤਨ ਕਰ ਰਹੇ ਹਾਂ। ਅਜੇਹੀ ਪ੍ਰਕਿਰਿਆ ਵਿਚ ਅਸੀਂ ਸਿੱਖ ਸਿਧਾਂਤ ਦੀਆਂ ਚੂਲਾਂ ਹਿਲਾ ਰਹੇ ਹੁੰਦੇ ਹਾਂ। ਗੁਰਬਾਣੀ ਸਿਧਾਂਤ ਨੂੰ ਨਾ ਸਮਝਣ ਕਰਕੇ ਸੰਗਤਾਂ ਨੂੰ ਗੁਰਬਾਣੀ ਦੁਆਰਾ ਹੀ ਭੁਲੇਖਾ ਖੜਾ ਕਰ ਰਹੇ ਹਾਂ। ਪਹਿਲਾਂ ਕਿਸੇ ਨੂੰ ਪਤਾ ਸੀ ਜਾਂ ਨਹੀਂ ਪਤਾ ਸੀ ਪਰ ਹੁਣ ਟੀਵੀ ਮਾਧਿਅਮ ਰਾਹੀਂ **ਦੀਵਾਲੀ ਕੀ ਰਾਤ ਦੀਵੇ ਬਾਲੀਅਨਿ** ਆਦਿ ਤੁਕਾਂ ਨੂੰ ਅਧਾਰ ਬਣਾ ਕੇ ਏਦਾਂ ਗਾਇਨ ਕੀਤਾ ਗਿਆ ਹੈ ਕਿ ਸੁਣਨ ਵਾਲੇ ਨੂੰ ਇਹ ਹੀ ਮਹਿਸੂਸ ਹੁੰਦਾ ਹੈ ਕਿ ਭਾਈ ਗੁਰਦਾਸ ਜੀ ਦੀਵਾਲੀ ਦੀ ਰਾਤ ਨੂੰ ਦੀਵੇ ਜਗਾਉਣ ਲਈ ਜਾਂ ਦੀਵਾਲੀ ਮਨਾਉਣ ਲਈ ਕਹਿ ਰਹੇ ਹਨ। ਭਾਈ ਗੁਰਦਾਸ ਜੀ ਦੀ ਰਚਿਤ ਵਾਰਾਂ ਠੇਠ ਪੰਜਾਬੀ ਭਾਸ਼ਾ ਵਿਚ ਹਨ। ਭਾਈ ਗੁਰਦਾਸ ਜੀ ਜਦੋਂ ਕੋਈ ਗੁਰਮਤਿ ਦਾ ਨੁਕਤਾ ਸਮਝਾਉਂਦੇ ਹਨ ਕਈ ਕਈ ਦਲੀਲਾਂ ਦੇ ਕੇ ਫਿਰ ਗੁਰਮਤਿ ਦਾ ਨੁਕਤਾ ਦਸਦੇ ਹਨ ਤਾਂ ਕਿਸੇ ਨੂੰ ਕੋਈ ਭੁਲੇਖਾ ਨਾ ਲੱਗ ਜਾਏ। ਦੀਵਾਲੀ ਵਾਲੇ ਦਿਨ ਰਾਗੀ ਸਿੰਘ ਪਉੜੀ ਦੀ ਪਹਿਲੀ ਤੁਕ ਦਾ ਅਧਾਰ ਬਣਾ ਕੇ ਕੀਰਤਨ ਕਰਦੇ, ਜਿਸ ਨਾਲ ਸੰਗਤ ਇਹ ਮਹਿਸੂਸ ਕਰਦੀ ਹੈ ਕਿ ਸ਼ਾਇਦ ਭਾਈ ਗੁਰਦਾਸ ਜੀ ਦੀਵਾਲੀ ਵਾਲੀ ਰਾਤ ਨੂੰ ਦੀਵੇ ਜਗਾਉਣ ਲਈ ਕਹਿ ਰਹੇ ਹਨ ਜਦ ਕਿ ਪਉੜੀ ਦੀ ਅਖੀਰਲੀ ਤੁਕ ਦਾ ਅਧਾਰ ਬਣਾ ਕੇ ਕੀਰਤਨ ਕੀਤਾ ਜਾਏ ਤਾਂ ਗੁਰਮਤਿ ਸਿਧਾਂਤ ਆਪਣੇ ਆਪ ਹੀ ਸਮਝ ਵਿਚ ਆ ਸਕਦਾ ਹੈ। ਭਾਈ ਗੁਰਦਾਸ ਜੀ ਲਿਖਦੇ ਹਨ

ਦੀਵਾਲੀ ਦੀ ਰਾਤ ਦੀਵੇ ਬਾਲੀਅਨਿ॥

ਕਿ ਜਿਸ ਤਰ੍ਹਾਂ ਦੀਵਾਲੀ ਦੀ ਰਾਤ ਨੂੰ ਦੀਵੇ ਬਾਲੇ ਜਾਂਦੇ ਹਨ ਪਰ ਥੋੜ੍ਹੇ ਹੀ ਚਿਰ ਵਿਚ ਉਹਨਾਂ ਵਿਚੋਂ ਤੇਲ ਖਤਮ ਹੋ ਜਾਣ ਕਾਰਣ ਉਹ ਬੁਝ ਜਾਂਦੇ ਹਨ।

ਤਾਰੇ ਜਾਤ ਸਨਾਤ ਅੰਬਰ ਭਾਲੀਅਨਿ॥

ਜਿਵੇਂ ਰਾਤ ਨੂੰ ਸੂਰਜ ਛੁਪਣ ਪਿਛੋਂ ਅਸਮਾਨ ਵਿਚ ਛੋਟੇ ਵੱਡੇ ਤਾਰੇ ਦਿਸਦੇ ਹਨ ਪਰ ਸਵੇਰੇ ਸੂਰਜ ਚੜ੍ਹਨ ਸਮੇਂ ਉਹ ਸਾਰੇ ਦਿਸਣੋਂ ਬੰਦ ਹੋ ਜਾਂਦੇ ਹਨ।

ਫੁਲਾਂ ਦੀ ਬਾਗਾਤ ਚੁਣ ਚੁਣ ਚਾਲੀਅਨਿ॥

ਜਿਵੇਂ ਫੁੱਲਾਂ ਦੀ ਬਗੀਚੀ ਵਿਚੋਂ ਚੁਣ ਚੁਣ ਕੇ ਖਿੜੇ ਫੁੱਲ ਤੋੜ ਕੇ ਉਹਨਾਂ ਦਾ ਹਾਰ ਬਣਾਇਆ ਜਾਂਦਾ ਹੈ ਅਤੇ ਉਨ੍ਹਾਂ ਵਿਚੋਂ ਸੁਗੰਧੀ ਲਈ ਜਾਂਦੀ ਹੈ ਪਰ ਥੋੜ੍ਹੇ ਹੀ ਸਮੇਂ ਉਹ ਫੁੱਲ ਮੁਰਝਾ ਜਾਂਦੇ ਹਨ ਤੇ ਉਨ੍ਹਾਂ ਵਿਚੋਂ ਸੁਗੰਧੀ ਦੀ ਥਾਂ ਬਦਬੂ ਆਉਣੀ ਸ਼ੁਰੂ ਹੋ ਜਾਂਦੀ ਹੈ।

ਤੀਰਥਿ ਜਾਤੀ ਜਾਤ ਨੈਣ ਨਿਹਾਲੀਅਨਿ॥

ਜਿਵੇਂ ਮੇਲਿਆਂ ਸਮੇਂ ਯਾਤਰੀ ਤੀਰਥਾਂ 'ਤੇ ਵੱਡੀ ਗਿਣਤੀ ਵਿੱਚ ਜਾਂਦੇ ਹਨ ਜਿਨ੍ਹਾਂ ਸਦਕਾ ਮੇਲੇ ਵਿੱਚ ਅੱਖਾਂ ਲਈ ਬਹੁਤ ਰੌਣਕ ਵੇਖਣ ਨੂੰ ਮਿਲਦੀ ਹੈ। ਪਰ ਮੇਲਾ ਵਿਛੜਨ'ਤੇ ਸਾਰੇ ਹੀ ਆਪਣੇ ਘਰਾਂ ਨੂੰ ਵਾਪਸ ਮੁੜ ਜਾਂਦੇ ਹਨ। ਜਿਸ ਕਾਰਣ ਰੌਣਕ ਖਤਮ ਹੋ ਜਾਂਦੀ ਹੈ ਤੇ ਉਨ੍ਹਾਂ ਵਲੋਂ ਖਿਲਾਰਿਆ ਗੰਦ ਓੱਥੇ ਹੀ ਰਹਿ ਜਾਂਦਾ ਹੈ।

ਹਰਿ ਚੰਦੁਰੀ ਝਾਤ ਵਸਾਇ ਉਚਾਲੀਅਨਿ॥

ਹਰੀ ਚੰਦ ਦੀ ਖਿਆਲੀ ਨਗਰੀ ਚਿਤਵੀ ਜਾਂਦੀ ਹੈ ਪਰ ਅਸਲੀਅਤ ਵਿੱਚ ਅਜਿਹੀ ਕੋਈ ਨਗਰੀ ਨਹੀਂ ਹੁੰਦੀ।

ਗੁਰਮੁਖ ਸੁਖਫਲ ਦਾਤ ਸ਼ਬਦ ਸਮ੍ਹਾਲੀਅਨਿ ॥

(ਵਾਰ-19, ਪਉੜੀ-6)

ਪਰ ਗੁਰੂ ਦੀ ਦੀ ਸ਼ਰਨ ਵਿੱਚ ਪੈ ਕੇ ਸ਼ਬਦ ਗੁਰੂ ਦੀ ਸਿੱਖਿਆ ਆਪਣੇ ਹਿਰਦੇ ਵਿੱਚ ਸਾਂਭ ਕੇ ਰੱਖਣ ਨਾਲ ਗੁਰੂ ਪਾਸੋਂ ਸੁੱਖਾਂ ਦੀ ਦਾਤਿ ਮਿਲਦੀ ਜਿਹੜੀ ਹਮੇਸ਼ਾਂ ਵਾਸਤੇ ਆਨੰਦ ਵਿੱਚ ਰੱਖਦੀ ਹੈ।

ਇਸ ਪਉੜੀ ਤੋਂ ਇਕ ਗੱਲ ਸਪੱਸ਼ਟ ਹੁੰਦੀ ਹੈ ਕਿ ਲੋਕ ਦੀਵਾਲੀ ਸਦੀਆਂ ਤੋਂ ਮਨਾਉਂਦੇ ਆ ਰਹੇ ਸਨ। ਸਨਾਤਨੀ ਮਤ ਵਾਲੇ ਪੁਜਾਰੀ ਜਦੋਂ ਦਰਬਾਰ ਸਾਹਿਬ'ਤੇ ਕਾਬਜ਼ ਸਨ ਤਾਂ ਉਹਨਾਂ ਨੇ ਦੀਵਾਲੀ ਨੂੰ ਗੁਰੂ ਹਰਿ ਗੋਬਿੰਦ ਸਾਹਿਬ ਜੀ ਨਾਲ ਜੋੜ ਕੇ ਇਤਿਹਾਸ ਨੂੰ ਪੁੱਠਾ ਗੇੜਾ ਦੇਣ ਵਿਚ ਕੋਈ ਦੇਰ ਨਹੀਂ ਕੀਤੀ। ਇੰਜ ਇਹ ਦੀਵਾਲੀ ਸਿੱਖਾਂ ਨੂੰ ਵੀ ਮਨਾਉਣ 'ਤੇ ਲਗਾ ਦਿੱਤਾ। ਦੂਜਾ ਅਜੇਹੀਆਂ ਮਨਮਤਾਂ ਸਾਡੇ ਅਵੇਸਲਾ-ਪਨ ਕਰਕੇ ਹੀ ਸ਼ੁਰੂ ਹੋਈਆਂ ਹਨ। **ਇਕ ਦੀਵਾਲੀ ਨਹੀਂ ਸਗੋਂ ਹੋਰ ਵੀ ਬਹੁਤ ਸਾਰੀਆਂ ਮਨਮਤਾਂ ਸਿੱਖ ਕੌਮ ਵਿਚ ਸ਼ੁਰੂ ਹੋਈਆਂ ਹਨ।**

ਭਾਈ ਗੁਰਦਾਸ ਜੀ ਤਾਂ ਕਹਿ ਰਹੇ ਕਿ ਜਿਸ ਤਰ੍ਹਾਂ ਲੋਕ ਦੀਵਾਲੀ ਨੂੰ ਬੇਫਜ਼ੂਲ ਖਰਚ ਕਰਕੇ ਦੀਵੇ ਜਗਾਉਂਦੇ ਹਨ। ਤੇਲ ਮੁੱਕਣ 'ਤੇ ਬੱਤੀ ਸੜ੍ਹ ਜਾਂਦੀ ਹੈ ਪਿੱਛੇ ਕੇਵਲ ਕਾਂਵਾਂ ਦੇ ਨੁੰਗਿਆ ਜੋਗੇ ਰਹਿ ਜਾਂਦੇ ਹਨ ਖਾਲੀ ਦੀਵੇ। ਰਾਤ ਨੂੰ ਤਾਰੇ ਬਹੁਤ ਖੁਬਸੂਰਤ ਲੱਗਦੇ ਹਨ ਪਰ ਸਵੇਰ ਹੁੰਦਿਆਂ ਹੀ ਉਹ ਸੂਰਜ ਦੀ ਰੌਸ਼ਨੀ ਕਰਕੇ ਅਲੋਪ ਹੋ ਜਾਂਦੇ ਹਨ। ਫੁੱਲ ਖਿੜੇ ਹੋਏ ਸੋਹਣੇ ਲੱਗਦੇ ਹਨ ਟੁੱਟਣ 'ਤੇ ਉਹੀ ਫੁੱਲ ਬਦਬੂ ਮਾਰਨ ਲੱਗ ਜਾਂਦੇ ਹਨ। ਤੀਰਥ ਲੋਕਾਂ ਦੀ ਭੀੜ ਨਾਲ ਹੀ ਚੰਗੇ ਲਗਦੇ ਹਨ ਪਰ ਜਦੋਂ ਭੀੜ ਚਲੇ ਜਾਂਦੀ ਹੈ ਤਾਂ ਪਿੱਛੇ ਰਹਿ ਜਾਂਦਾ ਹੈ ਤੀਰਥ ਯਾਤਰੀਆਂ ਵਲੋਂ ਪਾਇਆ ਹੋਇਆ ਗੰਦ। ਭਾਈ ਸਾਹਿਬ ਜੀ ਗੁਰਮਤਿ ਦਾ ਨੁਕਤਾ ਸਮਝਾਉਂਦਿਆ ਹੋਇਆਂ ਫੁਰਮਾਇਆ ਹੈ ਕਿ ਅਸਲ ਸੁੱਖ ਦੀਵਾਲੀ 'ਤੇ ਦੀਵੇ ਜਗਾਉਣ ਨਾਲ ਜਾਂ ਤੀਰਥਾਂ 'ਤੇ ਯਾਤਰਾ ਕਰਨ ਨਾਲ ਨਹੀਂ ਆ ਸਕਦਾ ਇਹ ਤਾਂ ਗੁਰੂ ਦੇ ਸ਼ਬਦ ਦੀ ਵਿਚਾਰ ਕਰਕੇ ਹੀ ਆ ਸਕਦਾ ਹੈ। ਗੁਰਮਤਿ ਦੇ ਸਿਧਾਂਤ ਨੂੰ ਸਮਝ ਕੇ ਜੀਵਨ ਵਿਚ ਅਪਣਾਉਣ ਨਾਲ ਹੀ ਆ ਸਕਦਾ ਹੈ। ਪਰ ਰਾਗੀਆਂ ਨੇ ਸਿੱਖ ਸਿਧਾਂਤ ਨਾਲ ਧਰੋਹ ਕਮਾਉਂਦਿਆਂ ਤੇ 'ਦੀਵਾਲੀ ਕੀ ਰਾਤ ਦੀਵੇ ਬਾਲੀਅਨਿ' ਸ਼ਬਦ ਦਾ ਗਾਇਨ ਕਰਕੇ ਸਿਧਾਂਤ ਨੂੰ ਪੁੱਠਾ ਗੇੜਾ ਦਿੱਤਾ ਹੈ। ਚਾਹੀਦਾ ਤਾਂ ਇਹ ਸੀ ਇਸ ਪਉੜੀ ਦੀ ਮਗਰਲੀ ਤੁਕ **"ਗੁਰਮੁਖ ਸੁਖਫਲ ਦਾਤ ਸ਼ਬਦ ਸਮ੍ਹਾਲੀਅਨਿ"** ਨੂੰ ਟੇਕ ਬਣਾ ਕੇ ਕੀਰਤਨ ਕਰਦੇ ਤਾਂ ਕਦੇ ਵੀ ਭੁਲੇਖਾ ਨਹੀਂ ਸੀ ਲਗਣਾ। ਜਦੋਂ ਕੀਰਤਨ ਦੀ **ਦੀਵਾਲੀ ਦੀ ਰਾਤ ਦੀਵੇ ਬਾਲੀਅਨਿ॥** ਦੀ ਟੇਕ ਰੱਖੀ ਜਾਵੇ ਤਾਂ ਕੁਦਰਤੀ ਲੋਕਾਂ ਦੀਵੇ ਬਾਲਣੇ ਹੀ ਹਨ।

ਅੱਜ ਦੇ ਹਾਲਾਤਾਂ ਵਿਚ ਸਾਡਾ ਸਮਾਜ ਨਸ਼ਿਆਂ ਅਤੇ ਹੋਰ ਸਮਾਜਿਕ ਕੁਰੀਤੀਆਂ ਵਿਚ ਬੁਰੀ ਤਰ੍ਹਾਂ ਜਕੜਿਆ ਹੋਇਆ ਹੈ। ਗੁਰੂ ਦੀ ਓਟ ਜਾਂ ਗੁਰਬਾਣੀ ਦਾ ਆਸਰਾ ਲੈ ਕੇ ਇਨ੍ਹਾਂ ਜੰਜਾਲਾਂ ਵਿਚੋਂ ਨਿਕਲਣ ਨੂੰ ਵੀ 'ਬੰਦੀ ਛੋੜ' ਕਿਹਾ ਜਾ ਸਕਦਾ ਹੈ। ਅਸਲ 'ਬੰਦੀ ਛੋੜ' ਇਹੋ ਹੈ ਕਿ ਅਸੀਂ ਉਪਰੋਕਤ ਕੁਰੀਤੀਆਂ ਵਿਚ ਪਏ ਲੋਕਾਂ ਨੂੰ ਬਾਹਰ ਕੱਢ ਸਕੀਏ।

-0-

ਸਵਾਲ-ਜਵਾਬ

ਪ੍ਰਸ਼ਨ 138. ਗੁਰੂ ਤੇਗ ਬਹਾਦਰ ਜੀ ਦਾ ਧੜ ਕਿਸ ਨੇ ਚੁੱਕਿਆ?

ਉੱਤਰ:- ਭਾਈ ਲੱਖੀ ਸ਼ਾਹ ਵਣਜਾਰਾ ਬਣੀ ਸਕੀਮ ਨਾਲ ਧੜ ਗੱਡੇ ਤੇ ਲੱਦ ਕੇ ਲੈ ਗਿਆ ਤੇ ਸੀਸ ਦੂਜੇ ਸਿੱਖਾਂ ਚੁੱਕ ਲਿਆ।

ਪ੍ਰਸ਼ਨ 139.ਗੁਰੂ ਤੇਗ ਬਹਾਦਰ ਜੀ ਦੇ ਧੜ ਦਾ ਸਸਕਾਰ ਕਿਸ ਨੇ ਕੀਤਾ?

ਉੱਤਰ :- ਭਾਈ ਲੱਖੀ ਸ਼ਾਹ ਵਣਜਾਰਾ ਅਤੇ ਉਸਦੇ ਪੁੱਤਰਾਂ ਭਾਈ ਨਗਾਹੀਆ ਅਤੇ ਭਾਈ ਹੇਮਾ।

ਪ੍ਰਸ਼ਨ 140. ਗੁਰੂ ਤੇਗ ਬਹਾਦਰ ਜੀ ਦੇ ਧੜ ਦਾ ਸਸਕਾਰ ਕਿਵੇਂ ਕੀਤਾ ਗਿਆ?

ਉੱਤਰ :- ਘਰ ਨੂੰ ਅੱਗ ਲਾ ਕੇ।

ਪ੍ਰਸ਼ਨ 141. ਗੁਰੂ ਤੇਗ ਬਹਾਦਰ ਜੀ ਦੇ ਧੜ ਦਾ ਸਸਕਾਰ ਕਿਥੇ ਕੀਤਾ ਗਿਆ?

ਉੱਤਰ :- ਪਿੰਡ ਰਾਇ ਸੀਨਾ (ਦਿੱਲੀ)

ਪ੍ਰਸ਼ਨ 142.ਗੁਰੂ ਤੇਗ ਬਹਾਦਰ ਜੀ ਦੇ ਧੜ ਦੇ ਸਸਕਾਰ ਵਾਲੀ ਜਗ੍ਹਾ ਕਿਹੜਾ ਗੁਰਦੁਆਰਾ ਹੈ?

ਉੱਤਰ :-ਗੁਰਦੁਆਰਾ ਰਕਾਬ ਗੰਜ।

ਪ੍ਰਸ਼ਨ 143.ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਵਾਲੇ ਸਥਾਨ 'ਤੇ ਕਿਹੜਾ ਗੁਰਦੁਆਰਾ ਮੌਜੂਦ ਹੈ?

ਉੱਤਰ :- ਚਾਂਦਨੀ ਚੌਂਕ ਵਿੱਚ ਗੁਰਦੁਆਰਾ ਸੀਸ ਗੰਜ ਸਾਹਿਬ।

ਪ੍ਰਸ਼ਨ 144. ਦਿੱਲੀ ਵਿੱਚ ਇਨ੍ਹਾਂ ਗੁਰਦੁਆਰਿਆਂ ਦੀ ਸੇਵਾ ਕਿਸ ਨੇ ਕਰਵਾਈ?

ਉੱਤਰ :-ਬਾਬਾ ਬਘੇਲ ਸਿੰਘ ਜੀ।

ਪ੍ਰਸ਼ਨ 145.ਜਿਥੇ ਗੁਰੂ ਤੇਗ ਬਹਾਦਰ ਜੀ ਦੇ ਸੀਸ ਦਾ ਸੰਸਕਾਰ ਕੀਤਾ ਗਿਆ ਅੱਜ ਉਥੇ ਕਿਹੜਾ ਗੁਰਦੁਆਰਾ ਹੈ?

ਉੱਤਰ :-ਗੁਰਦੁਆਰਾ ਸੀਸ ਗੰਜ ਸਾਹਿਬ (ਅਨੰਦਪੁਰ ਸਾਹਿਬ)।

ਪ੍ਰਸ਼ਨ 146.ਗੁਰੂ ਤੇਗ ਬਹਾਦਰ ਜੀ ਦਾ ਸੀਸ ਲੈ ਕੇ ਆਏ ਭਾਈ ਜੈਤਾ ਜੀ ਅਤੇ ਬਾਕੀ ਸਿੱਖਾਂ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਕੀ ਕਿਹਾ?

ਉੱਤਰ :- ਗੁਰੂ ਜੀ ਬਹੁਤ ਸਤਿਕਾਰ ਕੀਤਾ, ਗਲ ਨਾਲ ਲਾਇਆ ਅਤੇ ਭਾਈ ਜੈਤਾ ਜੀ ਨੂੰ ਰੰਘਰੇਟਾ ਗੁਰੂ ਕਾ ਬੇਟਾ ਵੀ ਕਿਹਾ।

ਪ੍ਰਸ਼ਨ 147.ਭਾਈ ਜੀਵਨ ਸਿੰਘ (ਭਾਈ ਜੈਤਾ) ਜੀ ਦੀ ਸ਼ਹੀਦੀ ਕਿਥੇ ਹੋਈ?

ਉੱਤਰ :-ਸਰਸਾ ਨਦੀ ਦੇ ਕੰਢੇ, ਗੁਰੂ ਜੀ ਵਲੋਂ ਅਨੰਦਪੁਰ ਸਾਹਿਬ ਛੱਡਣ ਉਪਰੰਤ 1704 ਈ: ਵਿੱਚ।

ਪ੍ਰਸ਼ਨ 148.ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ ਦੀ ਸ਼ਹਾਦਤ ਤੋਂ ਸਾਨੂੰ ਕੀ ਸਿਖਿਆ ਮਿਲਦੀ ਹੈ।

ਉੱਤਰ :- ਗੁਰੂ ਨਾਲ ਪਿਆਰ ਕਰਨਾ, ਕੁਰਬਾਨ ਜਾਣਾ, ਅੱਜ ਦੇ ਦੌਰ ਵਿੱਚ ਨੌਜਵਾਨਾਂ 'ਚੋਂ ਸਿੱਖੀ ਦੇ ਰੰਗ ਨੂੰ ਕਦੇ ਫਿੱਕਾ ਨਹੀ ਪੈਣ ਦੇਵੇਗੀ।

ਪ੍ਰਸ਼ਨ 149. ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦੇ ਕੋਈ ਦੋ ਕਾਰਨ ਦੱਸੋ?

ਉੱਤਰ :- 1. ਸਿੱਖੀ ਦੇ ਪ੍ਰਚਾਰ ਦੀ ਬੁਲੰਦੀ, 2.ਜੁਲਮੀ ਹਕੂਮਤ ਵਿਰੁੱਧ ਅਵਾਜ ਨੂੰ ਬੁਲੰਦ ਕਰਨਾ।

ਪ੍ਰਸ਼ਨ 150. ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸ਼ਹੀਦ ਕਰਨ ਵਾਲੇ ਕਾਜੀ ਦਾ ਅੰਤ ਕਿਦਾਂ ਦਾ ਸੀ?

ਉੱਤਰ:- ਮਾਨਸਿਕ ਤੌਰ 'ਤੇ ਬਹੁਤ ਪ੍ਰੇਸ਼ਾਨੀ,ਸਰੀਰ ਨਕਾਰਾ ਹੋ ਗਿਆ, ਬੁਰੀ ਹਾਲਤ ਵਿੱਚ ਮਰਿਆ।


ਪ੍ਰਸ਼ਨ 151. ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਮੇਂ ਔਰੰਗਜੇਬ ਕਿਥੇ ਸੀ।

ਉੱਤਰ :-ਹਸਨ ਅਬਦਾਲ (ਪੰਜਾ ਸਾਹਿਬ) ਪਾਕਿਸਤਾਨ।

ਪ੍ਰਸ਼ਨ 152. ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦੇ ਸਮਾਜ, ਰਾਜਨੀਤੀ ਅਤੇ ਧਰਮ ਤੇ ਕੀ ਪ੍ਰਭਾਵ ਪਏ?

ਉੱਤਰ :- ਸਮਾਜ ਦੇ ਹਰੇਕ ਵਰਗ ਵਿੱਚ ਰੋਹ ਸੀ, ਰਾਜਨੀਤੀ ਆਪਣਾ ਪ੍ਰਭਾਵ ਲਿਆ ਥੁ-ਥੁ ਹਰ ਪਾਸੇ ਹੋਈ, ਧਾਰਮਕ ਲੋਕ ਹਰ ਹਾਲਤ ਵਿੱਚ ਹਕੂਮਤ ਨਾਲ ਟਕਰਾਉਣ ਲਈ ਤਿਆਰ ਹੋ ਗਏ, ਲਗਭਗ ਹਕੂਮਤ ਦੀਆਂ ਜੜ੍ਹਾਂ ਹਿਲ ਗਈਆਂ ਸਨ।

***



ਸੂਚਨਾ

ਪਾਠਕ ਜਨਾਂ ਦਾ ਕੋਈ ਗੁਰਮਤਿ ਸਬੰਧੀ ਸਵਾਲ ਹੈ ਤਾਂ ਜ਼ਰੂਰ ਲਿਖ ਭੇਜੋ ਜੀ ਅਤੇ ਇਸ ਨੰਬਰ 79733-70542 'ਤੇ ਵਟਸਐੱਪ ਕਰ ਸਕਦੇ ਹੋ।



ਉਸਤਤਿ ਨਿੰਦਿਆ ਨਾਹਿ ਜਿਹਿ...

ਸਲੋਕ ੧੪
ਮੁਕਤ ਕਿੱਦਾਂ ਹੋਈਏ

ਭੂਮਿਕਾ— ਮਨੁੱਖੀ ਸੁਭਾਅ ਦੀ ਵੱਡੀ ਕਮਜ਼ੋਰੀ ਹੈ ਆਪਣੀ ਉਸਤਿਤ ਤੇ ਗੁਆਂਢੀਆਂ ਦੀ ਨਿੰਦਿਆ ਸੁਣਨ ਦੀ। ਆਪਣੀ ਉਸਤਿਤ ਹੋਵੇ ਜਾਂ ਦੂਜੇ ਦੀ ਨਿੰਦਿਆ ਤਾਂ ਇਹ ਘੰਟਿਆਂ ਬੱਧੀ ਸੁਣ ਸਕਦਾ ਹੈ। ਉਸਤਿਤ ਤੇ ਨਿੰਦਿਆ ਦੇ ਸਵਾਦ ਵਿੱਚ ਫਸਿਆ ਮਨੁੱਖ ਕਦੇ ਵੀ ਸਹੀ ਫੈਸਲੇ ਨਹੀਂ ਕਰ ਸਕਦਾ। ਰਾਜਨੀਤਿਕ, ਧਾਰਮਿਕ ਤੇ ਸਮਾਜਿਕ ਵਰਤਾਰੇ ਵਿੱਚ ਵੱਡੀ ਸਮੱਸਿਆ ਹੈ ਕਿ ਆਪਣੇ ਨੇੜੇ ਦੇ ਬੰਦੇ ਦੀ ਛੋਟੀ ਤੋਂ ਛੋਟੀ ਗੱਲ ਨੂੰ ਬਹੁਤ ਵਧਾਅ-ਚੜ੍ਹਾਅ ਕਿ ਪੇਸ਼ ਕੀਤਾ ਜਾਂਦਾ ਹੈ ਜੋ ਬੇ-ਲੋੜੀ ਉਸਤਿਤ ਵਿੱਚ ਆਉਂਦੀ ਹੈ। ਦੂਸਰਾ ਆਪਣੇ ਵਿਰੋਧੀ ਦੀ ਛੋਟੀ ਜੇਹੀ ਗਲਤੀ ਜਾਂ ਕੋਈ ਮਾੜੀ ਮੋਟੀ ਕਮਜ਼ੋਰੀ ਨੂੰ ਵੀ ਬਹੁਤ ਵਧਾਅ-ਚੜ੍ਹਾਅ ਕੇ ਪੇਸ਼ ਕੀਤਾ ਜਾਂਦਾ ਹੈ ਤਾਂ ਇਹ ਨਿੰਦਿਆ ਹੈ। ਉਸਤਿਤ ਕਰਨ ਵਾਲੇ ਮਨੁੱਖ ਨੂੰ ਬਾਰ ਬਾਰ ਝੂਠ ਦਾ ਸਹਾਰਾ ਲੈਣਾ ਪੈਂਦਾ ਹੈ।



ਪ੍ਰੋ. ਗੁਰਬਚਨ ਸਿੰਘ ਪੰਨਵਾਂ
99155-29725

ਆਪਣੀ ਉਸਤਤਿ ਸੁਣਨ ਵਾਲਾ ਅਫ਼ਸਰ ਕਦੇ ਵੀ ਸਹੀ ਫੈਸਲੇ ਨਹੀਂ ਕਰ ਸਕਦਾ। ਜਦੋਂ ਅਸੀਂ ਕਿਸੇ ਦੀ ਝੂਠੀ ਉਸਤਿਤ ਕਰਦੇ ਹਾਂ, ਤਾਂ ਉਸ ਵਿੱਚ ਆਪਣਾ ਲਾਲਚ ਝਲ਼ਕਦਾ ਹੁੰਦਾ ਹੈ। ਜਦੋਂ ਕੋਲ਼ੋਂ ਬਣਾ ਕੇ ਨਿੰਦਿਆ ਕਰਦੇ ਹਾਂ ਓਦੋਂ ਈਰਖਾ ਕੰਮ ਕਰਦੀ ਦਿਖਾਈ ਦਿੰਦੀ ਹੈ। ਜੇ ਜਿਉਂਦੇ ਸਮੇਂ ਵਿੱਚ ਮੁਕਤ ਹੋਣਾ ਹੈ ਤਾਂ ਹਰ ਵਸਤੂ, ਹਰ ਵਿਚਾਰ ਦੀ ਅਸਲੀਅਤ ਤੋਂ ਜਾਣੂੰ ਹੋਣਾ ਪਏਗਾ। ਇਹ ਸਾਰਾ ਕੁਝ ਤਾਂ ਸਮਝਿਆ ਜਾ ਸਕਦਾ ਹੈ ਜਦੋਂ ਬਿਬੇਕ ਬਿਰਤੀ ਸਹੀ ਦਿਸ਼ਾ ਵਿੱਚ ਕੰਮ ਕਰਦੀ ਹੈ। ਬਿਬੇਕ ਬਿਰਤੀ ਗਿਆਨ ਵਿਚੋਂ ਹਾਸਲ ਹੋਣੀ ਹੈ।

ਇਸ ਸਲੋਕ ਵਿੱਚ ਮੁੱਖ ਮੁੱਦਾ ਮੁਕਤ ਹੋਣ ਦਾ ਹੈ। ਧਾਰਮਿਕ ਕਾਰ-ਵਿਹਾਰ ਏਸੇ ਗੱਲ 'ਤੇ ਖੜਾ ਹੈ, ਮਨੁੱਖ ਨੇ ਮਰਨ ਉਪਰੰਤ ਮੁਕਤ ਹੋਣਾ ਹੈ। ਦਾਨ-ਪੁੰਨ ਜਾਂ ਧਰਮ ਦੇ ਨਾਂ 'ਤੇ ਕੀਤੇ ਜਾਂਦੇ ਤਮਾਮ ਕਰਮ-ਕਾਂਡ ਮਰਨ ਉਪਰੰਤ ਮੁਕਤੀ ਦੀ ਲਾਲਸਾ ਜਗਾਈ ਰੱਖਦੇ ਹਨ। ਇਸ ਮੁਕਤੀ ਨੂੰ ਭਗਤ ਨਾਮਦੇਵ ਜੀ ਨੇ ਮੁੱਢੋਂ ਰੱਦ ਕੀਤਾ ਹੈ—

ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ॥ (੧੨੯੨)

ਅਸਲ ਮੁਕਤੀ ਕੀ ਹੈ ਇਸ ਦੀ ਵਿਚਾਰ ਇਸ ਸਲੋਕ ਵਿੱਚ ਹੈ—

ਸਲੋਕ—

ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ॥
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥੧੪॥

ਪਦ ਅਰਥ— ਉਸਤਿਤ-ਵਡਿਆਈ। ਜਿਹਿ-ਜਿਸ ਦੇ ਮਨ ਨੂੰ। ਕੰਚਨ ਸੋਨਾ। ਲੋਹ-ਲੋਹਾ। ਸਮਾਨਿ-ਇਕੋ ਜੇਹਾ। ਮੁਕਤਿ-ਮੋਹ ਤੋਂ ਖਲਾਸੀ। ਤਾਹਿ-ਉਸ (ਮਨੁੱਖ) ਨੇ (ਪ੍ਰਾਪਤ ਕੀਤੀ ਹੈ) ਤੇ-ਤੂੰ। ਜਾਨਿ-ਸਮਝ ਲੈ।੧੪

ਅੱਖਰੀ ਅਰਥ— ਜਿਸ ਮਨੁੱਖ ਦੇ ਮਨ 'ਤੇ ਝੂਠੀ ਉਸਤਤ ਅਤੇ ਕੋਲੋਂ ਬਣਾ ਕੇ ਕੀਤੀ ਨਿੰਦਿਆ ਆਪਣਾ ਪ੍ਰਭਾਵ ਨਹੀਂ ਪਾ ਸਕਦੀ, ਸੋਨੇ ਨੂੰ ਸੋਨੇ ਸਮਾਨ ਸਮਝਦਾ ਹੈ, ਲੋਹੇ ਨੂੰ ਲੋਹੇ ਸਮਾਨ ਸਮਝਦਾ ਹੈ, ਭਾਵ ਦੋਹਾਂ ਦੀ ਅਸਲੀਅਤ ਸਮਝਦਾ ਹੈ।

ਹੇ ਨਾਨਕ ਆਖ! ਭਾਵ ਗੁਰੂ ਤੇਗ ਬਹਾਦਰ ਸਾਹਿਬ ਜੀ ਫਰਮਾਉਂਦੇ ਹਨ—ਹੇ ਮਨ! ਸੁਣ, ਇਹ ਗੱਲ ਪੱਕੀ ਤਰ੍ਹਾਂ ਜਾਣ ਲੈ ਕਿ ਉਹ ਮਨੁੱਖ ਜੀਵਨ ਮੁਕਤ ਹੈ ਜਿਸ ਨੇ ਹਰੇਕ ਪੱਖ ਨੂੰ ਬਿਬੇਕਤਾ ਨਾਲ ਨਿਖੇੜ ਕੇ ਸਮਝਣਾ ਸਿੱਖ ਲਿਆ ਹੈ।

ਵਿਚਾਰ ਚਰਚਾ ਤੇ ਵਿਹਾਰਕ ਪੱਖ—

ਆਮ ਕਰਕੇ ਸਮਝਿਆ ਜਾਂਦਾ ਹੈ ਕਿ ਮਰਨ ਉਪਰੰਤ ਮਨੁੱਖ ਨੂੰ ਮੁਕਤੀ ਮਿਲਣੀ ਹੈ। ਇਸ ਦਾ ਕਾਰਨ ਹੈ ਕਿ ਸ਼ਬਦ ਗੁਰਬਾਣੀ ਦਾ ਲਿਆ ਜਾਂਦਾ ਹੈ ਤੇ ਵਿਆਖਿਆ ਗਰੜ ਪੁਰਾਣ ਦੀ ਕੀਤੀ ਜਾਂਦੀ ਹੈ। ਮਰਨ ਉਪਰੰਤ ਵਾਲੀ ਮੁਕਤੀ ਨਹੀਂ ਸਗੋਂ ਜਿਉਂਦੇ ਜੀ ਭੈੜੀਆਂ ਵਾਦੀਆਂ ਤੋਂ ਮੁਕਤ ਹੋਣਾ ਸੀ। ਰੱਬੀ ਗੁਣਾਂ, ਜਿਸ ਨੂੰ ਹਰਿ ਕਾ ਨਾਮ ਕਿਹਾ ਜਾਂਦਾ ਹੈ, ਉਸ ਨੂੰ ਮਨ ਵਿਚ ਵਸਾਉਣ ਨਾਲ ਵਿਕਾਰਾਂ ਵਲੋਂ ਮੁਕਤ ਹੋ ਸਕਦੇ ਹਾਂ—

ਸਤਿਗੁਰੁ ਮਿਲੈ ਤਾ ਤਤੁ ਪਾਏ॥ ਹਰਿ ਕਾ ਨਾਮੁ ਮੰਨਿ ਵਸਾਏ॥
ਸਬਦਿ ਮਰੈ ਮਨੁ ਮਾਰੈ ਅਪੁਨਾ ਮੁਕਤੀ ਕਾ ਦਰੁ ਪਾਵਣਿਆ॥੩॥ (੧੧੭)


ਸਿਆਣਿਆਂ ਦਾ ਕਥਨ ਹੈ ਕਿ ਮਨੁੱਖ ਨੂੰ ਆਪਣੀ ਅਸਲੀਅਤ ਸਮਝ ਕੇ ਚੱਲਣਾ ਚਾਹੀਦਾ ਹੈ। ਦੋ ਪ੍ਰਕਾਰ ਦੇ ਮਨੱਖ ਹਨ, ਇੱਕ ਝੂਠੀ ਉਸਤਿਤ ਤੇ ਨਿੰਦਿਆ ਸੁਣਾਉਣ ਵਾਲਾ ਤੇ ਦੂਜਾ ਇਨ੍ਹਾਂ ਦੋਹਾਂ ਨੂੰ ਸੁਣਨ ਵਾਲਾ। ਇਹ ਦੋਵੇਂ ਸੁਭਾਅ ਫੋਕੀ ਸ਼ੋਹਰਤ 'ਤੇ ਜਿਉਂਦੇ ਹਨ। ਵਿਆਹ ਸ਼ਾਦੀਆਂ 'ਤੇ ਬੇ-ਓੜਕਾਂ ਰੁਪਿਆ ਲਾਇਆ ਜਾਂਦਾ ਹੈ ਕਿ ਲੋਕ ਸਾਨੂੰ ਕਹਿਣ ਕਿ ਵਾਹ! ਕਿਆ ਵਿਆਹ ਕੀਤਾ ਹੈ। ਏਨੀ ਗੱਲ ਸੁਣਨ ਲਈ ਹੀ ਘਰ ਫੂਕ ਤਮਾਸ਼ਾ ਦੇਖ ਰਹੇ ਹਾਂ। ਰਾਜਨੀਤੀ ਵਿੱਚ ਆਪਣੇ ਵਿਰੋਧੀ ਦੇ ਹੱਦੋਂ ਵੱਧ ਨੁਕਸ ਕੱਢ-ਕੱਢ ਕੇ ਆਪਣੇ ਆਪ ਨੂੰ ਸੱਚੇ ਹੋਣ ਦਾ ਦਾਅਵਾ ਕਰਦੇ ਹਾਂ। ਫੁੱਲ ਨੂੰ ਕੰਡਾ ਆਖਣਾ ਨਿੰਦਿਆ ਹੈ ਜਦ ਕਿ ਕੰਡੇ ਨੂੰ ਫੁੱਲ ਆਖਣਾ ਉਸਤਿਤ ਵਿੱਚ ਗਿਣਿਆ ਗਿਆ ਹੈ। *"ਉਸਤਿਤ ਨਿੰਦਿਆ ਨਾਹਿ ਜਿਹਿ"* ਬਿਬੇਕ ਬਿਰਤੀ ਵਾਲਾ ਨਾ ਤਾਂ ਆਪਣੀ ਉਸਤਿਤ ਸੁਣਦਾ ਹੈ ਤੇ ਨਾ ਹੀ ਕਿਸੇ ਦੀ ਬਿਨਾ ਵਜਾ ਬਦਖੋਹੀ ਕਰਦਾ ਹੈ ਕਿਉਂ ਕਿ ਉਸ ਨੂੰ ਕੋਈ ਲਾਲਚ ਨਹੀਂ ਹੁੰਦਾ। ਉਹ ਬੇ-ਗ਼ਰਜ਼ ਇਨਸਾਨ ਹੁੰਦਾ ਹੈ— *"ਕੰਚਨ ਲੋਹ ਸਮਾਨਿ"* ਸੋਨੇ ਤੇ ਲੋਹੇ ਦੀ ਅਸਲੀਅਤ ਨੂੰ ਸਮਝ ਲੈਂਦਾ ਹੈ। ਸੋਨਾ ਮਹਿੰਗੀ ਤੇ ਲੋਹਾ ਸਸਤੀ ਵਸਤੂ ਦਾ ਪ੍ਰਤੀਕ ਹੈ ਪਰ ਬਿਬੇਕ ਬਿਰਤੀ ਵਾਲਾ ਸੋਨੇ ਤੇ ਲੋਹੇ ਦੀ ਅਸਲੀਅਤ ਨੂੰ ਸਮਝਦਾ ਹੈ। ਏਦਾਂ ਵੀ ਸਮਝਿਆ ਜਾ ਸਕਦਾ ਹੈ ਕਿ ਸੋਨਾ ਮਹਿੰਗਾ ਹੋਣ ਕਰਕੇ ਸਿਰਫ

ਬਾਕੀ ਸਫਾ 13 'ਤੇ

ਗੁਰੂ ਨਾਨਕ ਸਾਹਿਬ ਜੀ ਦਾ ਵਿਸ਼ਵ 'ਤੇ ਪ੍ਰਭਾਵ

ਡਾ: ਦਲਵਿੰਦਰ ਸਿੰਘ ਗ੍ਰੇਵਾਲ

ਪੰਜਾਹ ਕੁ ਸਾਲ ਤੋਂ ਇਹ ਲੇਖਕ ਗੁਰੂ ਨਾਨਕ ਸਾਹਿਬ ਜੀ ਦੇ ਚਰਨ-ਛੋਹ ਸਥਾਨਾਂ ਦੀ ਖੋਜ ਵਿਚ ਲੱਗਿਆ ਹੋਇਆ ਹੈ ਤੇ ਦੇਖਿਆ ਹੈ ਕਿ ਦੁਨੀਆਂ ਦੇ ਹਰ ਕੋਨੇ ਵਿੱਚ ਗੁਰੂ ਨਾਨਕ-ਨਾਮ ਲੇਵਾ ਹਨ, ਜਿਨ੍ਹਾਂ ਦੀ ਗਿਣਤੀ 14 ਕ੍ਰੋੜ ਤੋਂ ਉਪਰ ਦੱਸੀ ਜਾਂਦੀ ਹੈ। ਇਨ੍ਹਾਂ ਮੰਨਣ ਵਾਲਿਆਂ ਵਿੱਚ ਸਿੱਖ ਹੀ ਨਹੀਂ, ਹਿੰਦੂ, ਬੋਧੀ, ਜੈਨੀ, ਮੁਸਲਿਮ ਤੇ ਈਸਾਈ ਮਤਾਂ ਦੇ ਲੋਕ ਵੀ ਸ਼ਾਮਿਲ ਹਨ। ਵੱਡੀ ਗਿਣਤੀ ਵਿੱਚ ਸਿਕਲੀਗਰ, ਵਣਜਾਰੇ, ਸਤਨਾਮੀਏਂ, ਜੌਹਰੀ, ਥਾਰੂ, ਸਿੰਧੀ , ਲਾਮੇ, ਯੋਗੀ ਹਰਭਜਨ ਸਿੰਘ ਨਾਲ ਜੁੜੇ ਗੋਰੇ ਤੇ ਅਫਰੀਕਣ ਸਿੱਖ ਵੀ ਹਨ। ਇਹ ਸਭ ਇਸ ਲਈ ਜੁੜੇ ਹਨ, ਕਿਉਂਕਿ ਗੁਰੂ ਨਾਨਕ ਸਾਹਿਬ ਜੀ ਦੀਆਂ ਸਿਖਿਆਵਾਂ ਕਿਸੇ ਇਕ ਇਲਾਕੇ ਜਾਂ ਫਿਰਕੇ ਲਈ ਨਹੀਂ ਸਗੋਂ ਸਾਰੇ ਵਿਸ਼ਵ ਦੇ ਪ੍ਰਾਣੀਆਂ ਲਈ ਹਨ। ਕਈਆਂ ਨੇ ਗੁਰੁ ਨਾਨਕ ਸਾਹਿਬ ਜੀ ਨੂੰ ਅਪਣੇ ਨਾਲ ਜੋੜਣ ਲਈ ਨਵੇਂ ਨਾਮ ਦੇ ਰੱਖੇ ਹਨ ਜਿਵੇਂ ਕਿ ਅਰਬ ਦੇਸ਼ਾਂ ਵਿੱਚ ਵਲੀ-ਹਿੰਦ, ਲਾਮਿਆਂ ਵਿੱਚ ਗੁਰੂ ਰਿੰਪੋਸ਼ ਤੇ ਭਦਰਾ ਗੁਰੂ, ਨੇਪਾਲ ਵਿਚ ਨਾਨਕ ਰਿਸ਼ੀ, ਤੁਰਕਿਸਤਾਨ ਤੇ ਉਜ਼ਬੇਕਿਸਤਾਨ ਵਿੱਚ ਨਾਨਕ ਕਲੰਦਰ, ਅਫਗਾਨਿਸਤਾਨ ਵਿਚ ਬਾਲਗਦਾਂ ਤੇ ਚੀਨ ਵਿਚ ਬਾਬਾ ਫੂ ਸਾ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ।



ਗੁਰੂ ਨਾਨਕ ਸਾਹਿਬ ਜੀ ਦੇ ਨਾਮ ਤੇ ਅਨੇਕਾਂ ਪਿੰਡ ਗਰਾਂ ਵਸ ਗਏ ਹਨ, ਜਿਵੇਂ ਕਿ ਪਾਕਿਸਤਾਨ ਵਿੱਚ ਨਨਕਾਣਾ ਸਾਹਿਬ ਤੇ ਨਾਨਕਸਰ (ਹੜੱਪਾ), ਯੂ. ਪੀ. ਵਿੱਚ ਨਾਨਕ ਮਤਾ, ਗੁਜਰਾਤ ਵਿੱਚ ਨਾਨਕ ਲੋਧੀਆਂ ਢੋਲਕਾ, ਯੂਗੰਡਾਤ ਵਿੱਚ ਬਾਬਾ ਨਾਨਕ, ਹਾਂਗਕਾਂਗ ਵਿੱਚ ਨਾਨਕ ਫੁੰਗੀ, ਚੀਨ ਵਿੱਚ ਨਾਨਕਿਆਂਗ, ਭਾਰਤ-ਤਿੱਬਤ ਹੱਦ ਤੇ ਨਾਨਕੇਨ-ਥਾਗਲਾ-ਰਿਜ, ਨੇਪਾਲ ਵਿਚ ਨਾਨਕੀ ਲਾ, ਕਰਨਾਟਕ ਵਿੱਚ ਨਾਨਕ-ਝੀਰਾ, ਪੰਜਾਬ ਵਿਚ ਡੇਰਾ ਬਾਬਾ ਨਾਨਕ ਆਦਿ।

ਗੁਰੂ ਨਾਨਕ ਸਾਹਿਬ ਜੀ ਦੇ ਸਰੀਰਕ ਅੰਗਾਂ ਦੀਆਂ ਛਾਪਾਂ ਨੂੰ ਵੀ ਕਈ ਥਾਂ ਸੰਭਾਲ ਕੇ ਰਖਿਆ ਹੋਇਆ ਹੈ। ਗੁਰੂ ਨਾਨਕ ਸਾਹਿਬ ਜੀ ਦੇ ਚਰਨ-ਚਿੰਨ੍ਹ ਕਰਨਾਟਕ ਵਿੱਚ ਨਾਨਕ ਝੀਰਾ, ਬਿਦਰ, ਲਾਚਿਨ ਦੇ ਗੋਂਫਾ ਵਿੱਚ, ਚੁੰਗਥਾਂਗ ਪੱਥਰ ਸਾਹਿਬ ਉਪਰ, ਹਜੋ ਆਸਾਮ ਵਿੱਚ, ਗੁਜਰਾਤ ਵਿੱਚ, ਜੂਨਾਗੜ੍ਹ ਦੀ ਪਹਾੜੀ ਉਪਰ, ਉਤਰਾਖੰਡ ਵਿੱਚ ਕੋਟਦਵਾਰ ਤੇ ਸ੍ਰੀਨਗਰ ਵਿੱਚ ਬਲੋਚਿਸਤਾਨ ਵਿੱਚ, ਕਠਮੰਡੂ ਨੇਪਾਲ ਵਿੱਚ, ਵਾਟ ਸਰਕਾਟ ਬੰਗਕੌਕ ਥਾਈਲੈਂਡ ਵਿੱਚ ਬੰਗਲਾ ਦੇਸ਼ ਦੇ ਢਾਕਾ ਤੇ ਸੁਜਾਤਪੁਰ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ ਹੱਥਾਂ ਦੇ ਨਿਸ਼ਾਨ ਪੰਜਾ ਸਾਹਿਬ ਵਿੱਚ, ਸਰੀਰ ਦੇ ਨਿਸ਼ਾਨ ਨਿਮੋ-ਲੇਹ ਲਦਾਖ ਤੇ ਮੰਚੂਖਾ ਅਰੁਣਾਂਚਲ ਪ੍ਰਦੇਸ਼ ਵਿੱਚ ਹਨ।

ਗੁਰੂ ਨਾਨਕ ਸਾਹਿਬ ਜੀ ਨਾਲ ਸਬੰਧਤ ਤਲਾ, ਦਰੱਖਤ ਤੇ ਥੜੇ ਵੀ ਸਾਰੀ ਦੁਨੀਆਂ ਵਿੱਚ ਹਨ। ਰੀਠਾ ਸਾਹਿਬ ਉਤਰਾਖੰਡ ਤੇ ਸ੍ਰੀ ਲੰਕਾ ਵਿੱਚ, ਨਾਨਕ ਬਗੀਚੀ ਯੂ. ਪੀ. ਵਿੱਚ, ਖੂੰਡੀ ਸਾਹਿਬ ਤੇ ਚੌਲਾਂ ਦੀ ਖੇਤੀ ਚੁੰਗਥਾਂਗ ਸਾਹਿਬ, ਨਾਨਕ ਥੜਾ ਨੈਨੀ ਤਾਲ ਵਿੱਚ, ਥੜਾ ਸਾਹਿਬ ਦਿੱਲੀ ਵਿੱਚ, ਵਾਹਿਗੁਰੂ ਮੱਠ ਤੇ ਬਾਉਲੀ ਮੱਠ ਜਗਨਨਾਥ ਪੁਰੀ ਵਿੱਚ, ਗੁਰੂ ਕਾ ਬਾਗ (ਮਾਲਦਾ, ਬੰਗਾਲ ਵਿੱਚ) ਨਾਨਕ ਘਰ ਹਜੋ ਗੁਹਾਟੀ ਵਿੱਚ, ਮਾਲ-ਟੇਕਰੀ ਨਾਦੇੜ ਵਿੱਚ, ਗੁਰੂ ਘਾਟੀ ਅਜਮੇਰ ਵਿੱਚ, ਰਾਮ-ਟੇਕਰੀ ਪੁਣੇ ਵਿੱਚ ਹਨ।

ਲਦਾਖ, ਉਤਰਾਖੰਡ, ਸਿਕਿਮ, ਭੁਟਾਨ, ਨੇਪਾਲ, ਅਰੁਣਾਚਲ ਪ੍ਰਦੇਸ਼ ਤੇ ਤਿੱਬਤ ਦੇ ਕਰਮਾਪਾ ਬੋਧ ਮੱਠਾਂ ਵਿੱਚ ਗੁਰੂ ਨਾਨਕ ਸਾਹਿਬ ਜੀ ਦੀਆਂ ਮੂਰਤੀਆਂ ਸਥਾਪਿਤ ਹਨ। ਗੁਰੂ ਨਾਨਕ ਸਾਹਿਬ ਜੀ ਦੇ ਸੰਗਤੀ ਅਸਥਾਨ ਵਿੱਚ ਨਾਨਕਸ਼ਾਹੀ ਸੰਗਤ, ਨਾਨਕ ਪੰਥੀ, ਮੁਰੀਦ ਨਾਨਕੀ ਆਦਿ ਨਾਮ ਲੇਵਾ ਹਨ।

ਗੁਰੂ ਨਾਨਕ ਸਾਹਿਬ ਜੀ ਦੀ ਫਿਲਾਸਫੀ ਤੇ ਸਿਖਿਆਵਾਂ ਨੂੰ ਵਧਾਉਣ ਫੈਲਾਉਣ ਵਿੱਚ ਬਾਕੀ ਨੌਂ ਗੁਰੂ ਸਾਹਿਬਾਨ ਦਾ ਬਹੁਤ ਵੱਡਾ ਯੋਗਦਾਨ ਹੈ। ਗੁਰੂ ਨਾਨਕ ਸਾਹਿਬ ਜੀ ਦੀ ਫਿਲਾਸਫੀ ਨੂੰ ਉਨ੍ਹਾਂ ਪਰਚਾਰਿਆ ਪਰਸਾਰਿਆ ਹੀ ਨਹੀਂ ਸਗੋਂ ਬਾਣੀ ਵੀ ਰਚੀ ਤੇ ਅਪਣੇ ਆਪ ਨੂੰ ਗੁਰੂ ਨਾਨਕ ਸਾਹਿਬ ਜੀ ਦਾ ਮਹਲ ਹੀ ਜਣਾਇਆ ਤੇ ਅਪਣੀ ਬਾਣੀ ਵਿੱਚ ਨਾਨਕ ਨਾਮ ਹੀ ਵਰਤਿਆ, ਜਿਵੇਂ ਕਿ ਮਹਲ ਦੂਜਾ ਗੁਰੂ ਅੰਗਦ ਸਾਹਿਬ ਜੀ, ਮਹਲ ਤੀਜਾ ਗੁਰੂ ਅਮਰਦਾਸ ਜੀ ...ਮਹਲ ਨੌਵਾਂ ਗੁਰੂ ਤੇਗ ਬਹਾਦਰ ਜੀ ਆਦਿ। ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਜੀ ਦੀ ਜੋਤ ਅੱਗੇ ਫੈਲਦੀ ਚਲੀ ਗਈ ਤੇ ਜਗਤ ਦਾ ਹਨੇਰਾ ਕੱਟਦੀ ਚਲੀ ਗਈ। ਗੁਰੂ ਅਰਜਨ ਸਾਹਿਬ ਜੀ ਨੇ ਪੰਜ ਗੁਰੂ ਸਾਹਿਬਾਨ ਤੇ ਗੁਰੂ ਨਾਨਕ ਫਿਲਾਸਫੀ ਅਨੁਸਾਰ ਹੋਰ ਸੰਤਾਂ ਭਗਤਾਂ ਦੀ ਬਾਣੀ ਨੂੰ ਸੰਪਾਦਨ ਕਰਕੇ ਆਦਿ ਗ੍ਰੰਥ ਰਚਿਆ, ਜਿਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਜੋੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਦਾ ਲਈ ਗੁਰੂ ਸਥਾਪਿਤ ਕਰ ਦਿਤਾ।

ਲੱਖਾਂ ਗੁਰਦੁਆਰੇ ਹਨ, ਜਿਨ੍ਹਾਂ ਵਿੱਚ ਗੁਰੂ ਨਾਨਕ ਸਾਹਿਬ ਜੀ ਦੀਆਂ ਜਲਾਈਆਂ ਇਹ ਸਦੀਵੀ ਜੋਤਾਂ ਗਿਆਨ ਬਣ ਬਣ ਦਲਾਂ-ਮਨਾਂ ਨੂੰ ਜਗਾਉਂਦੀਆਂ-ਹਲੂਣਦੀਆਂ-ਟੋਂਭਦੀਆਂ ਤੇ ਸੱਚ ਦੇ ਰਸਤੇ ਪਾਉਂਦੀਆਂ ਹਨ। ਹਰ ਰੋਜ਼ ਪ੍ਰਮੁੱਖ ਗੁਰਦੁਆਰਿਆਂ ਵਿੱਚ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਸੰਗੀਤਬੱਧ ਕਰਕੇ ਸੰਗਤਾਂ ਤੱਕ ਪਹੁੰਚਦੀ ਹੈ, ਹਜ਼ਾਰਾਂ ਕੀਰਤਨੀਏ ਲਗਾਤਾਰ ਗੁਰਬਾਣੀ ਗਾਣ ਕਰਦੇ ਹਨ ਤੇ ਸੰਗਤਾਂ ਗੁਰੂ ਨਾਨਕ ਬਾਣੀ ਦੀ ਚਰਚਾ ਕਰਦੀਆਂ ਹਨ।

ਪਿਛਲੇ ਦਿਨੀਂ ਮੈਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਗਿਆ, ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਸ਼ੁਸ਼ੋਭਤ ਹਨ ਅਤੇ ਗੁਰਬਾਣੀ ਦੇ ਕੀਰਤਨ ਦਾ

ਪ੍ਰਵਾਹ ਲਗਾਤਾਰ ਹੁੰਦਾ ਹੈ। ਇਤਨੀ ਸੰਗਤ ਸੀ ਕਿ ਮੈਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋਣ ਲਈ ਢਾਈ ਘੰਟੇ ਲੱਗ ਗਏ। ਹੁਣ ਤੁਸੀਂ ਖੁਦ ਹੀ ਸਮਝ ਲਉ ਕਿ ਕਿਤਨੇ ਨਾਮ ਲੇਵਾ ਹਰ ਰੋਜ਼ ਸ੍ਰੀ ਦਰਬਾਰ ਸਾਹਿਬ ਪਹੁੰਚਦੇ ਹਨ ਤੇ ਫਿਰ ਤਿਥ ਤਿਉਹਾਰ ਤੇ ਜਦੋਂ ਤਿਲ ਧਰਨ ਦੀ ਥਾਂ ਵੀ ਨਹੀਂ ਹੁੰਦੀ, ਕਿਤਨੇ ਕੁ ਦਰਸ਼ਨ ਅਭਿਲਾਸ਼ੀ ਹਾਜ਼ਰ ਹੁੰਦੇ ਹੋਣਗੇ। ਤੁਹਾਨੂੰ ਸਭ ਨੂੰ ਯਾਦ ਹੋਵੇਗਾ ਕਿ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਤਿੰਨ ਸੌ ਸਾਲਾ ਸਥਾਪਨਾ ਦਿਵਸ ਮਨਾਇਆ ਗਿਆ ਸੀ ਤਾਂ ਸਾਰੇ ਹਿੰਦੁਸਤਾਨ ਵਿੱਚ 'ਤਿੰਨ ਸੌ ਸਾਲ ਗੁਰੂ ਦੇ ਨਾਲ ਗੂੰਜ ਰਿਹਾ ਸੀ ਤੇ ਦੀਦ ਪਾਉਣ ਵਾਲੀਆਂ ਸੰਗਤਾਂ ਦੀ ਲੰਬੀ ਕਤਾਰ ਹਰ ਥਾਂ ਹੁੰਦੀ ਸੀ। ਇਸੇ ਤਰ੍ਹਾਂ ਸਾਰੀ ਦੁਨੀਆਂ ਵਿੱਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਥਾਪਨਾ ਦਿਵਸ ਮਨਾਇਆ ਗਿਆ ਸੀ। ਇਸ ਤੋਂ ਭਾਵ ਗੁਰੂ ਨਾਨਕ ਸਾਹਿਬ ਜੀ ਦੀ ਵਿਚਾਰਧਾਰਾ, ਫਿਲਾਸਫੀ ਸਾਰੀ ਦੁਨੀਆਂ ਵਿੱਚ ਗੂੰਜ ਰਹੀ ਹੈ ਤੇ ਨਾਨਕ ਨਾਮ ਲੇਵਾ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ।

ਸੱਚ ਦਾ ਚਾਨਣ, ਹੱਕ ਦਾ ਚਾਨਣ, ਇਨਸਾਫ ਦਾ ਚਾਨਣ ਜੋ ਗੁਰੂ ਨਾਨਕ ਸਾਹਿਬ ਜੀ ਤੋਂ ਚਲ ਕੇ ਦਸ ਗੁਰੂ ਸਾਹਿਬਾਨ ਤੇ ਫਿਰ ਸਦੀਵੀ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਰਾਹੀਂ ਘਰ ਘਰ ਪਹੁੰਚ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਸਾਹਿਬ ਜੀ ਦੇ 957 ਸ਼ਬਦ ਮੁੱਖ ਚਾਨਣ ਮੁਨਾਰਾ ਹਨ। ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਫਿਲਾਸਫੀ ਦਾ ਸਾਰ ਕਰਨਾ ਹੋਵੇ ਤਾਂ ਜਪੁਜੀ ਵਿਚ ਮਿਲ ਜਾਵੇਗਾ ਤੇ ਜੇ ਇਕ ਅੱਖਰ ਵਿਚ ਕਹੀਏ ਤਾਂ ੧ਓ ਹੀ ਸਾਰੀ ਬਾਣੀ ਦਾ ਸਾਰ ਹੈ ਜੋ ਗੁਰੂ ਨਾਨਕ ਸਾਹਿਬ ਜੀ ਦੀ ਰਚਨਾ ਹਨ। ਅੱਗੇ ਸਾਰਾ ਗੁਰੂ ਗ੍ਰੰਥ ਸਾਹਿਬ ਸਮੁੱਚੇ ਤੌਰ ਤੇ ਇਸੇ ਫਿਲਾਸਫੀ ਨੂੰ ਅਗੇ ਵਧਾਉਂਦਾ ਹੈ ਜੋ ਮੁਢਲੀ ਫਿਲਾਸਫੀ ਗੁਰੂ ਨਾਨਕ ਸਾਹਿਬ ਜੀ ਦੀ ਹੀ ਹੈ।

ਲੱਖਾਂ ਪੁਸਤਕਾਂ ਗੁਰੂ ਨਾਨਕ ਸਾਹਿਬ ਜੀ ਬਾਰੇ ਤੇ ਉਨ੍ਹਾਂ ਦੇ ਦਿਤੇ ਸੁਨੇਹੜਿਆ ਬਾਰੇ ਸਾਰੇ ਵਿਸ਼ਵ ਵਿੱਚ ਪਹੁੰਚ ਗਈਆਂ ਹਨ। ਹਜ਼ਾਰਾਂ ਸੈਮੀਨਾਰਾਂ ਵਿਚ ਕਵੀ ਦਰਬਾਰਾਂ ਵਿਚ ਗੁਰੂ ਨਾਨਕ ਸਾਹਿਬ ਜੀ ਬਾਰੇ ਚਰਚਾ ਹੁੰਦੀ ਹੈ।

ਗੁਰੂ ਨਾਨਕ ਸਾਹਿਬ ਜੀ ਦੀ ਫਿਲਾਸਫੀ ਦਾ ਪਰਚਾਰ ਪਰਸਾਰ ਕਰਨ ਲਈ ਦੋ ਯੂਨੀਵਰਸਿਟੀਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਨਨਕਾਣਾ ਸਾਹਿਬ ਹੋਂਦ ਵਿਚ ਆ ਚੁਕੀਆਂ ਹਨ। ਕਈ ਕਾਲਜ ਤੇ ਸੰਸਥਾਵਾਂ ਨੇ ਆਪਣਾ ਨਾਮ ਗੁਰੂ ਨਾਨਕ ਸਾਹਿਬ ਜੀ ਨਾਲ ਜੋੜ ਰੱਖਿਆ ਹੈ। ਕਈ ਯੂਨੀਵਰਸਿਟੀਆਂ ਨੇ ਗੁਰੂ ਨਾਨਕ ਸਾਹਿਬ ਜੀ ਉਪਰ ਖੋਜ ਕਰਨ ਲਈ ਗੁਰੂ ਨਾਨਕ ਸਾਹਿਬ ਚੇਅਰ ਸਥਾਪਿਤ ਕੀਤੀ ਹੈ। ਗੁਰੂ ਨਾਨਕ ਸਾਹਿਬ ਜੀ ਉਪਰ ਖੋਜ ਕਰਕੇ ਕਈ ਵਿਦਿਆਰਥੀ ਪੀ. ਐਚ. ਡੀ. ਦੀਆਂ ਡਿਗਰੀਆਂ ਪ੍ਰਾਪਤ ਕਰ ਚੁੱਕੇ ਹਨ ਕਰ ਰਹੇ ਹਨ ਤੇ ਕਰਨਗੇ ਵੀ। ਲੱਖਾਂ ਲੇਖ ਗੁਰੂ ਨਾਨਕ ਸਾਹਿਬ ਜੀ ਉਪਰ ਲਿਖੇ ਜਾ ਚੁਕੇ ਹਨ, ਬੜੀਆਂ ਕਿਤਾਬਾਂ ਛਪ ਚੁਕੀਆਂ ਹਨ। ਕਈ ਫਿਲਮਾਂ ਤੇ ਵੀਡੀਓ ਗੁਰੂ ਨਾਨਕ ਸਾਹਿਬ ਜੀ ਨਾਲ ਉਨ੍ਹਾਂ ਦੇ ਸਥਾਨਾਂ ਨਾਲ ਸਬੰਧਿਤ ਬਣ ਚੁਕੇ ਹਨ। ਗੁਰੂ ਨਾਨਕ ਸਾਹਿਬ ਜੀ ਦੀ ਪੰਜ ਸੌ ਸਾਲਾ ਸ਼ਤਾਬਦੀ ਸਮਾਰੋਹ ਅਤੇ 550 ਸਾਲਾ ਅਧ-ਸ਼ਤਾਬਦੀ ਨੂੰ ਦੁਨੀਆਂ ਦੇ ਸਾਰੇ ਸਫਾਰਤ ਖਾਨਿਆਂ ਤੋਂ ਇਲਾਵਾ ਹਰ ਦੇਸ਼ ਵਿਚ ਧੂੰਮ ਧਾਮ ਨਾਲ ਮਨਾਇਆ ਗਿਆ। ਹੋਰ ਤਾਂ ਹੋਰ ਵਪਾਰੀ ਵਰਗ ਨੇ ਵੀ ਕਈ ਦੁਕਾਨਾਂ ਤੇ ਵਪਾਰਕ ਕੇਂਦਰ ਗੁਰੂ ਨਾਨਕ ਸਾਹਿਬ ਜੀ ਦੇ ਨਾਮ ਤੇ ਰੱਖੇ ਹਨ। ਕਈ ਮਾਵਾਂ ਨੇ ਵੀ ਆਪਣੇ ਪੁੱਤਰਾਂ ਦੇ ਨਾਮ ਨਾਨਕ ਨਾਮ ਨਾਲ ਰੱਖੇ ਹਨ।

ਗੁਰੂ ਨਾਨਕ ਸਾਹਿਬ ਜੀ ਦੀ ਫਿਲਾਸਫੀ:

ਜਿਵੇਂ ਕਿ ਪਹਿਲਾਂ ਦਸਿਆ ਗਿਆ ਹੈ ਗੁਰੂ ਜੀ ਦੀ ਫਿਲਾਸਫੀ ਦਾ ਧੁਰਾ 'ਮੂਲ ਮੰਤਰ' ਹੈ।

੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ (1)

ਸਭ ਤੋਂ ਵੱਡਾ, ਸਭ ਨੂੰ ਰਚਣ, ਪਾਲਣ, ਵਿਸਥਾਰਨ ਤੇ ਸੰਘਾਰਣ ਵਾਲਾ ਸਿਰਫ ਪ੍ਰਮਾਤਮਾ ਹੀ ਹੈ। ਉਸੇ ਦਾ ਨਾਮ ਸੱਚਾ ਹੈ ਸਥਾਈ ਹੈ ਕਿਉਂਕਿ ਉਹ ਬਦਲਣਹਾਰ ਨਹੀ। ਬਾਕੀ ਸਾਰੀ ਰਚਨਾ ਬਦਲਣਹਾਰ ਹੈ ਇਸ ਲਈ ਝੂਠੀ ਹੈ। ਸਾਰੀ ਦੁਨੀਆਂ ਦਾ ਕਰਤਾ ਹੀ ਵਿਸ਼ਵ ਦਾ ਪੁਰਖਾ ਹੈ ਜਿਸ ਦਾ ਹੁਕਮ ਸਭ ਨੇ ਮੰਨਣਾ ਹੈ। ਉਸ ਦੇ ਹੁਕਮੋ ਬਗੈਰ ਪੱਤਾ ਵੀ ਨਹੀਂ ਹਿਲਦਾ। ਉਹ ਕਿਸੇ ਤੋਂ ਨਾ ਡਰਦਾ ਹੈ ਤੇ ਨਾ ਹੀ ਕਿਸੇ ਦੇ ਨਾਲ ਵੈਰ ਰਖਦਾ ਹੈ, ਕਿਉਂਕਿ ਉਸ ਦੇ ਬਰਾਬਰ ਦਾ ਹੈ ਹੀ ਕੋਈ ਨਹੀਂ, ਇਹ ਰਾਜੇ ਮਹਾਰਾਜੇ, ਸੁਲਤਾਨ ਖਾਨ ਵੀ ਨਹੀਂ, ਜੋ ਉਸੇ ਦੇ ਹੀ ਬਣਾਏ ਹੋਏ ਹਨ। ਇਹ ਜੋ ਰਾਜੇ ਮਹਾਰਾਜੇ ਪਰਜਾ ਉਪਰ ਇਤਨੇ ਜ਼ੁਲਮ ਕਰਦੇ ਹਨ, ਇਨ੍ਹਾਂ ਸਭ ਨੇ ਮਿਟ ਜਾਣਾ ਹੈ। ਇਹ ਸਭ ਤੋਂ ਵੱਡੇ ਨਹੀਂ, ਇਨ੍ਹਾਂ ਤੋਂ ਵੱਡਾ ਪਰਮਾਤਮਾ ਹੈ ਅਤੇ ਸਭ ਉਸੇ ਹੁਕਮ ਵਿਚ ਚਲਦੇ ਹਨ, ਉਸ ਦੇ ਹੁਕਮ ਬਿਨਾਂ ਕੁਝ ਨਹੀਂ ਕਰ ਸਕਦੇ। ਉਸ ਦੀ ਨਜ਼ਰ ਪੁੱਠੀ ਹੋ ਜਾਵੇ ਤਾਂ ਸਾਰੇ ਖਾਨ ਸੁਲਤਾਨ ਮਾਰੇ ਜਾਣਗੇ ਜਾਂ ਮੰਗਣ ਤੇ ਆ ਜਾਣਗੇ।

ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ॥ (6)
ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ॥ (16)
ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ। (472)
ਭਾਣੈ ਤਖਤਿ ਵਡਾਈਆ ਭਾਣੈ ਭੀਖ ਉਦਾਸਿ ਜੀਉ॥ (762)

ਉਸ ਇਕੋ ਦਾ ਹੁਕਮ ਸਾਰੇ ਵਿਸ਼ਵ ਉਤੇ ਚਲਦਾ ਹੈ। ਉਸ ਇਕ ਤੋਂ ਹੀ ਤਾਂ ਸਾਰੇ ਪੈਦਾ ਹੋਏ ਹਨ:

ਏਕੋ ਹੁਕਮੁ ਵਰਤੈ ਸਭ ਲੋਈ॥ ਏਕਸੁ ਤੇ ਸਭ ਓਪਤਿ ਹੋਈ॥ (223)
ਹੁਕਮੁ ਚਲਾਇ ਰਹਿਆ ਭਰਪੂਰੇ। (1042)
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥ (1)
ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ॥ (64)
ਜੋ ਉਸਾਰੇ ਸੋ ਢਾਹਸੀ ਤਿਸੁ ਬਿਨੁ ਅਵਰੁ ਨ ਕੋਇ॥ (934)
ਮੰਗਣ ਵਾਲੇ ਕੇਤੜੇ ਦਾਤਾ ਏਕੋ ਸੋਇ॥ (18)
ਜੀਆ ਮਾਰਿ ਜੀਵਾਲੇ ਸੋਈ ਅਵਰੁ ਨ ਕੋਈ ਰਖੈ॥ (150)
ਜੋ ਕਰਤਾ ਕਾਦਰ ਕਰੀਮੁ ਦੇ ਜੀਆ ਰਿਜਕੁ ਸੰਬਾਹਿ॥ (475)
ਵਡਹੁ ਵਡਾ ਵਡ ਮੇਦਨੀ ਸਿਰੇ ਸਿਰਿ ਧੰਧੈ ਲਾਇਦਾ॥ (472)

ਪ੍ਰਮਾਤਮਾ ਤਾਂ ਸਦੀਵੀ ਹੈ ਕਾਲ ਰਹਿਤ ਹੈ, ਕਿਸੇ ਜੂਨ ਵਿਚ ਨਹੀਂ ਪੈਂਦਾ। ਉਸ ਦਾ ਰਚਣ ਵਾਲਾ ਕੋਈ ਨਹੀਂ ਉਹ ਤਾਂ ਅਪਣੇ ਆਪ ਤੋਂ ਹੀ ਉਜਾਗਰ ਹੋਇਆ ਹੈ। ਬ੍ਰਹਮਾ, ਵਿਸ਼ਨੂੰ, ਮਹੇਸ਼ ਵੀ ਨਹੀਂ ਜੋ ਸਭ ਉਸੇ ਦੇ ਰਚੇ ਹੋਏ ਹਨ ਤੇ ਜਨਮ ਮਰਨ ਦੇ ਚੱਕਰ ਵਿਚ ਹਨ:

ਬ੍ਰਹਮਾ ਬਿਸਨੁ ਮਹੇਸ ਇਕ ਮੂਰਤਿ ਆਪੇ ਕਰਤਾ ਕਾਰੀ॥ (908)

ਜੋ ਪੱਥਰ ਦੀਆਂ ਮੂਰਤੀਆਂ ਨੂੰ ਪੂਜਦੇ ਹਨ, ਇਨ੍ਹਾਂ ਨੇ ਬੁਤ ਪੂਜਕਾਂ ਨੂੰ ਕੀ ਦੇ ਦੇਣਾ ਹੈ ਜਦ ਉਨ੍ਹਾਂ ਕੋਲ ਹੈ ਹੀ ਕੁਝ ਨਹੀਂ; ਜਿਹੜੇ ਪੱਥਰ ਨਵਾ ਧੁਲਾ ਕੇ ਪਾਣੀ ਵਿੱਚ ਛਡੇ ਸਨ, ਉਹ ਤਾਂ ਪਾਣੀ ਵਿੱਚ ਹੀ ਡੁੱਬ ਗਏ, ਉਨ੍ਹਾਂ ਨੇ ਇਨਸਾਨ ਨੂੰ ਭਵ ਸਾਗਰ ਤੋਂ ਕੀ ਪਾਰ ਕਰਾਉਣਾ ਹੈ? ਸੋ ਇਸ ਲਈ ਮੰਨਣਾ, ਪੂਜਣਾ ਜਪਣਾ ਤਾਂ ਸਿਰਫ ਇੱਕ ਪ੍ਰਮਾਤਮਾ ਨੂੰ ਹੀ ਹੈ ਜੋ ਵਡਾ ਦਾਤਾ ਹੈ ਜਿਸ ਘਰ ਕਦੇ ਦਾਤਾਂ ਦਾ ਅੰਤ ਨਹੀਂ, ਸਾਰੇ ਹੀ ਉਸ ਤੋਂ ਪਾਉਂਦੇ ਹਨ,

ਹੋਰ ਕਿਸੇ ਤੋਂ ਨਹੀਂ।

ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ॥
ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ॥
(637)

ਉਸ ਨੂੰ ਪ੍ਰਾਪਤ ਕਰਨਾ ਹੀ ਇਨਸਾਨੀ ਜੀਵਨ ਦਾ ਅਸਲ ਮਕਸਦ ਹੈ ਪਰ ਇਸ ਲਈ ਸੱਚੇ ਸਤਿਗੁਰ ਨਦਰ ਮਿਹਰ ਜ਼ਰੂਰੀ ਹੈ। ਵਾਹਿਗੁਰੂ ਤੇ ਉਸ ਦੀ ਰਚਨਾ ਨਾਲ ਸਮੁੱਚੇ ਪਿਆਰ ਦੀ ਹੈ। ਇਕੋ ਪਿਤਾ ਦੀ ਸਾਰੀ ਰਚਨਾ ਹੋਣ ਕਰਕੇ ਬਰਾਬਰਤਾ ਤੇ ਭਰਾਤਰੀਭਾਵ ਨੂੰ ਮੁੱਖ ਰੱਖਿਆ ਹੈ। ਕਿਰਤ ਕਰਨਾ, ਨਾਮ ਜਪਣਾ ਤੇ ਵੰਡ ਛਕਣਾ ਨਾਮ-ਦਾਨ-ਇਸ਼ਨਾਨ, ਸੇਵਾ-ਸਿਮਰਨ ਤੇ ਸਰਬੱਤ ਦਾ ਭਲਾ ਗੁਰੂ ਨਾਨਕ ਸਾਹਿਬ ਜੀ ਦੀ ਫਿਲਾਸਫੀ ਦੇ ਪਰੈਕਟੀਕਲ ਹਨ। ਉਸੇ ਦਾ ਨਾਮ ਦਾ ਸਹਾਰਾ ਲੈਣਾ ਚਾਹੀਦਾ ਹੈ ਅਤੇ ਉਸ ਸੱਚੇ ਤੇ ਹੀ ਆਸ ਰੱਖਣੀ ਚਾਹੀਦੀ ਹੈ:

– ਤੇਰਾ ਏਕੁ ਨਾਮੁ ਤਾਰੇ ਸੰਸਾਰੁ ॥
ਮੈ ਏਹਾ ਆਸ ਏਹੋ ਆਧਾਰੁ ॥੧॥ ਰਹਾਉ ॥(24)

ਗੁਰੂ ਸਾਹਿਬ ਦੇ ਸ਼ਬਦਾਂ ਵਿੱਚ ਅੰਤਾਂ ਦੀ ਰਹਿਨੁਮਾਈ ਸਿਆਣਪ ਹੈ:

–ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥੫॥ (62)
–ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥ (470)
–ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥(1245)
–ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥(953)
– ਧਨੁ ਲੇਖਾਰੀ ਨਾਨਕਾ ਪਿਆਰੇ ਸਾਚੁ ਲਿਖੈ ਉਰਿ ਧਾਰਿ ॥
(636)
– ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ ॥
ਮੂਰਖੈ ਨਾਲਿ ਨ ਲੁਝੀਐ ॥(473)
– ਵੇਖਿ ਵਿਡਾਣੁ ਰਹਿਆ ਵਿਸਮਾਦੁ ॥
ਨਾਨਕ ਬੁਝਣੁ ਪੂਰੈ ਭਾਗਿ ॥(464)
– ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥ (473)
– ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥ (473)
– ਨਾਨਕ ਕੰਮਿ ਨ ਆਵਈ ਜਿਤੁ ਤਨਿ ਨਾਹੀ ਸਚਾ ਨਾਉ ॥
(730)
– ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ ॥(467)
–ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥ (356)

ਯਾਤਰਾਵਾਂ–

ਹੱਕ, ਸੱਚ, ਇਨਸਾਫ, ਬਰਾਬਰੀ, ਭਾਈਵਾਲਤਾ, ਸ਼ਾਂਤੀ, ਪ੍ਰੇਮ ਦੀ ਇਸ ਫਿਲਾਸਫੀ ਦੇ ਪ੍ਰਚਾਰ ਪ੍ਰਸਾਰ ਲਈ ਗੁਰੂ ਨਾਨਕ ਸਾਹਿਬ ਜੀ ਨੇ ਲਗਭਗ ਸਾਰੇ ਵਿਸ਼ਵ ਦੀ ਯਾਤਰਾ ਕੀਤੀ ਤੇ ਹਰ ਵਰਗ ਰਾਜੇ, ਵਜ਼ੀਰ, ਮੁਕੱਦਮ, ਮੌਲਵੀ, ਮੁਲਾਂ, ਬ੍ਰਾਹਮਣ. ਪੰਡਿਤ, ਹਰ ਧਰਮ ਤੇ ਹਰ ਵਰਗ ਦੇ ਆਮ ਲੋਕ ਸਭਨਾਂ ਨੂੰ ਮੁਖਾਤਬ ਹੋਏ ਤੇ ਉਨ੍ਹਾਂ ਦੀ ਸਥਿਤੀ ਅਨੁਸਾਰ ਉਨ੍ਹਾਂ ਨੂੰ ਇਸ ਵਿਚਾਰ ਧਾਰਾ ਤੋ ਜਾਣੂ ਕਰਵਾ ਕੇ ਸੱਚ ਨਾਲ ਜੋੜਿਆ ਤੇ ਕੂੜ ਕੁਸਤ ਤੋਂ ਮੋੜਿਆ। ਪਹਿਲੀ ਉਦਾਸੀ ਵਿਚ ਉਹ ਸੁਲਤਾਨਪੁਰ ਲੋਧੀ ਤੋਂ ਚਲ ਕੇ ਪੰਜਾਬ ਗਾਹ ਕੇ ਅਜੋਕੇ ਹਰਿਆਣਾ, ਦਿੱਲੀ, ਉਤਰ ਪ੍ਰਦੇਸ਼, ਬਿਹਾਰ, ਬੰਗਾਲ ਸਮੇਤ ਅਜੋਕਾ ਬੰਗਲਾ ਦੇਸ਼, ਆਸਾਮ ਤੇ ਫਿਰ ਪੂਰਬੀ ਏਸ਼ੀਆ ਦੇ ਦੀਪਾਂ ਵਿਚੋਂ ਦੀ ਵਿਚਰਦੇ ਹੋਏ ਮੁੜ ਬੰਗਾਲ ਰਾਹੀਂ ਬਿਹਾਰ, ਉੜੀਸਾ, ਮੱਧ ਪ੍ਰਦੇਸ਼, ਪੱਛਮੀ ਯੂ. ਪੀ. ਤੇ ਹਰਿਆਣਾ ਹੁੰਦੇ ਹੋਏ ਸੁਲਤਾਨਪੁਰ ਲੋਧੀ ਪੰਜਾਬ ਪਰਤੇ।

ਦੂਜੀ ਉਦਾਸੀ ਵੀ ਸੁਲਤਾਨਪੁਰੋਂ ਸ਼ੁਰੂ ਕਰ ਰਾਜਿਸਥਾਨ, ਪੱਛਮੀ ਮੱਧ ਪ੍ਰਦੇਸ਼, ਮਹਾਰਾਸ਼ਟਰ, ਆਂਧਰਾ, ਤਮਿਲਨਾਡੂ, ਸ੍ਰੀ ਲੰਕਾ ਪਹੁੰਚੇ ਜਿਥੋਂ ਕੇਰਲ, ਕਰਨਾਟਕ, ਪੱਛਮੀ ਮਹਾਰਾਸ਼ਟਰ, ਗੁਜਰਾਤ ਹੁੰਦੇ ਹੋਏ ਸਿੰਧ ਰਾਹੀਂ ਪੰਜਾਬ ਪਹੁੰਚੇ ਤੇ ਕਰਤਾਰਪੁਰ ਵਸਾਇਆ।

ਤੀਜੀ ਉਦਾਸੀ ਕਰਤਾਰਪੁਰੋਂ ਚੱਲ ਹਿਮਾਚਲ, ਉਤਰਾਂਚਲ, ਮਾਨਸਰੋਵਰ, ਨੇਪਾਲ, ਸਿਕਿਮ, ਭੂਟਾਨ, ਤਿੱਬਤ, ਅਰੁਣਾਚਲ ਪ੍ਰਦੇਸ਼ ਹੁੰਦੇ ਹੋਏ ਚੀਨ, ਉਤਰੀ ਤਿੱਬਤ ਰਾਹੀਂ ਲੱਦਾਖ, ਕਸ਼ਮੀਰ ਜੰਮੂ ਹੁੰਦੇ ਹੋਏ ਕਰਤਾਰਪੁਰ ਪਹੁੰਚੇ।

ਚੌਥੀ ਉਦਾਸੀ ਪੰਜਾਬ ਵਿਚੋਂ ਦੀ ਸਿੰਧ ਹੁੰਦੇ ਹੋਏ ਸਮੁੰਦਰੀ ਜਹਾਜ਼ ਰਾਹੀਂ ਯਮਨ, ਯੂਗਾਂਡਾ, ਮਿਸਰ, ਸਉਦੀ ਅਰਬ, ਇਜ਼ਰਾਈਲ, ਸੀਰੀਆ, ਤੁਰਕੀ, ਗਰੀਸ ਹੁੰਦੇ ਹੋਏ ਇਟਲੀ ਰੋਮ ਪਹੁੰਚੇ ਤੇ ਵਾਪਸੀ 'ਤੇ ਆਜ਼ਰਬਾਇਜਨ ਰਾਹੀਂ ਇਰਾਕ, ਇਰਾਨ ਤੇ ਮੱਧ ਪੂਰਬ ਏਸ਼ੀਆ ਦੀ ਰਿਆਸਤਾਂ ਵਿਚੋਂ ਦੀ ਅਫਗਾਨਿਸਤਾਨ ਹੁੰਦੇ ਹੋਏ ਕਰਤਾਰਪੁਰ ਪਹੁੰਚੇ। ਅਖੀਰਲੀ ਉਦਾਸੀ ਦੱਖਣੀ ਤੇ ਪੂਰਬੀ ਅਫਗਾਨਿਸਤਾਨ ਦੀ ਹੈ। ਗੁਰੂ ਜੀ ਨੇ ਲੱਖਾਂ ਮੀਲਾਂ ਦਾ ਸਫਰ ਕੀਤਾ, ਬਹੁਤ ਪੈਦਲ ਤੇ ਕੁਝ ਸਮੁੰਦਰੀ ਜਹਾਜ਼ਾਂ ਤੇ ਹੋਰ ਸਾਧਨਾਂ ਰਾਹੀਂ ਕੀਤਾ। ਗੁਰੂ ਨਾਨਕ ਸਾਹਿਬ ਜੀ ਨੇ ਜ਼ਿਆਦਾਤਰ ਪ੍ਰਚਾਰ ਸੰਗੀਤਕ ਸ਼ਬਦਾਂ ਨਾਲ ਕੀਤਾ, ਜਿਸ ਵਿੱਚ ਭਾਈ ਮਰਦਾਨਾ ਉਸ ਨਾਲ ਰਬਾਬ ਨਾਲ ਸੰਗਤ ਕਰਦੇ ਸਨ। ਸ਼ਬਦ ਸਿੱਧੇ ਸ਼ਪੱਸ਼ਟ ਰੂਹਾਂ ਝੰਝੋੜ ਦੇਣ ਵਾਲੇ ਸਨ। ਉਨ੍ਹਾਂ ਦੇ ਇਹ ਸਾਰੇ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ।

-0-

ਸ਼ਬਦ ਵਿਚਾਰ **ਸਫਾ 10 ਦਾ ਬਾਕੀ**

ਗਹਿਣਿਆਂ ਦੇ ਰੂਪ ਵਿੱਚ ਹੀ ਪਹਿਨਿਆ, ਜਾਂ ਲੋਕਾਂ ਨੂੰ ਦਿਖਾਇਆ ਜਾਂਦਾ ਹੈ। ਲੋਹਾ ਮਜ਼ਬੂਤੀ ਦੇ ਤੌਰ ਤੇ ਜਾਣਿਆ ਜਾਂਦਾ ਹੈ। ਲੋਹੇ ਦੇ ਹਥਿਆਰ ਬਣਦੇ ਹਨ ਕਿਉਂ ਕਿ ਲੋਹਾ ਮਜ਼ਬੂਤ ਹੁੰਦਾ ਹੈ। ਸੋਨੇ ਵਰਗਾ ਸ਼ੁੱਧ ਤੇ ਮਜ਼ਬੂਤ ਲੋਹੇ ਵਰਗਾ ਬਣਨ ਦਾ ਯਤਨ ਕਰ। ਮਨ ਨੂੰ ਸੰਬੋਧਨ ਕਰਦਿਆਂ ਗੁਰਦੇਵ ਪਿਤਾ ਜੀ ਫਰਮਾਉਂਦੇ *ਹਨ ਕਿ "ਕਹੁ ਨਾਨਕ ਸੁਨਿ ਰੇ ਮਨਾ"* ਵਿਚਾਰ ਸਾਰੀ ਮਨ ਦੀ ਕੀਤੀ ਗਈ ਹੈ ਜੇ ਆਪਣੇ ਵਿਚਾਰ ਬਦਲ ਲਏਗਾਂ ਤਾਂ ਜੀਵਨ ਵਿੱਚ ਵਿਕਾਰਾਂ ਵਲੋਂ ਮੁਕਤ ਹੋ ਸਕਦਾ ਏਂ- ਭਾਵ ਮਨ ਦ ਭੈੜੇ ਫੁਰਨਿਆਂ ਵਲੋਂ ਮੁਕਤ ਹੋ ਜਾਏਂਗਾ- *"ਮੁਕਤਿ ਤਾਹਿ ਤੈ ਜਾਨਿ"*

ਉਸਤਿਤ ਤੇ ਨਿਦਿਆ ਦਾ ਬੇ-ਲੋੜਾ ਭਾਰ ਛੱਡ, ਸੋਨੇ ਵਾਂਗ ਸ਼ੁੱਧ ਤੇ ਲੋਹੇ ਵਾਂਗ ਮਜ਼ਬੂਤ ਇਰਾਦਾ ਰੱਖਣ ਨਾਲ, ਮੁਕਤੀ ਦਾ ਰਾਹ ਖੁੱਲ੍ਹਦਾ ਹੈ—੧੪

1. ਕਿਸੇ ਦੀ ਬੇ-ਲੋੜੀ ਖੁਸ਼ਾਮਦ ਤੇ ਨਿੰਦਿਆ ਕਰਨ ਨਾਲ ਮਾਨਸਿਕ ਵਿਕਾਸ ਨਹੀਂ ਹੋ ਸਕਦਾ।

2. ਲੋਹੇ ਤੇ ਸੋਨੇ ਦੀ ਅਸਲੀਅਤ ਨੂੰ ਪਛਾਨਣ ਦਾ ਯਤਨ ਕਰਨਾ ਹੈ।

3. ਬੰਦਿਆ! ਮਰਨ ਤੋਂ ਬਾਅਦ ਵਾਲੀ ਮੁਕਤੀ ਦਾ ਖਹਿੜਾ ਛੱਡ।

4. ਵਰਤਮਾਨ ਸਮੇਂ ਵਿੱਚ ਹੀ ਔਗੁਣਾਂ ਵਲੋਂ ਮੁਕਤ ਹੋਣਾ ਹੈ--

ਉਸਤਿਤ ਮਨ ਮਹਿ ਕਰਿ ਨਿਰੰਕਾਰ॥
ਕਰਿ ਮਨ ਮੇਰੇ ਸਤਿ ਬਿਉਹਾਰ॥ (੨੮੧)

-0-

ਮਨੁੱਖਤਾ ਦੇ ਮਸੀਹਾ ਗੁਰੂ ਨਾਨਕ ਸਾਹਿਬ ਜੀ

ਸਰਬਜੀਤ ਸਿੰਘ ਕੰਵਲ # 98150-85016

ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਸੰਨ 1469 ਈ. ਵਿਚ ਰਾਏ ਭੋਏ ਦੀ ਤਲਵੰਡੀ ਵਿੱਚ ਹੋਇਆ, ਜਿਸ ਨੂੰ ਹੁਣ ਨਨਕਾਣਾ ਸਾਹਿਬ ਕਿਹਾ ਜਾਂਦਾ ਹੈ। ਗੁਰੂ ਜੀ ਨੇ ਆਪਣੇ ਜੀਵਨ ਵਿਚ ਚਾਰ ਉਦਾਸੀਆਂ ਦੌਰਾਨ ਦੇਸ਼-ਵਿਦੇਸ਼ ਵਿਚ ਗਿਆਨ ਅਤੇ ਰੂਹਾਨੀਅਤ ਦੇ ਸੁਨੇਹੇ ਪਹੁੰਚਾਏ। ਗੁਰੂ ਸਾਹਿਬ ਦਾ 555ਵਾਂ ਪ੍ਰਕਾਸ਼ ਦਿਹਾੜਾ ਮਨਾਉਂਦਿਆਂ, ਆਓ ਉਨ੍ਹਾਂ ਦੀਆਂ ਸਿੱਖਿਆਵਾਂ ਬਾਰੇ ਵਿਚਾਰ ਕਰੀਏ, ਜਿਨ੍ਹਾਂ 'ਤੇ ਅਮਲ ਕਰਕੇ ਅਸੀਂ ਆਪਣਾ ਜੀਵਨ ਉੱਚੇ ਤੇ ਸੁੱਚੇ ਆਚਰਣ ਵਾਲਾ ਬਣਾ ਸਕਦੇ ਹਾਂ।

ਸਮਾਜਿਕ ਬਰਾਬਰਤਾ ਅਤੇ ਸਰਬ ਸਾਂਝੀਵਾਲਤਾ

ਗੁਰੂ ਨਾਨਕ ਸਾਹਿਬ ਜੀ ਨੇ ਇਕ ਪਰਮਾਤਮਾ (ਇਕ ਓਅੰਕਾਰ) 'ਤੇ ਯਕੀਨ ਰੱਖਣ ਦੀ ਸਿੱਖਿਆ ਦਿੱਤੀ, ਜਿਸ ਦੀ ਜੋਤ ਹਰ ਜੀਵ ਦੇ ਹਿਰਦੇ ਅੰਦਰ ਜਗ ਰਹੀ ਹੈ। ਸਾਰਿਆਂ ਅੰਦਰ ਇਕ ਜੋਤ ਹੋਣ ਦਾ ਗਿਆਨ ਹੋਣ ਮਗਰੋਂ ਅਸੀਂ ਕਿਸੇ ਨਾਲ ਬੁਰਾ ਨਹੀਂ ਕਰਦੇ। ਸਾਡੇ ਅੰਦਰ ਸਾਰੇ ਮਨੁੱਖਾਂ ਅਤੇ ਜੀਵ-ਜੰਤੂਆਂ ਪ੍ਰਤੀ ਦਇਆ ਭਾਵਨਾ ਉਤਪਨ ਹੋਣ ਲੱਗਦੀ ਹੈ। ਗੁਰੂ ਜੀ ਨੇ ਸਮਝਾਇਆ ਕਿ ਧਰਮ ਜਾਂ ਜਾਤੀ ਦੇ ਆਧਾਰ 'ਤੇ ਕਿਸੇ ਨੂੰ ਨਫਰਤ ਕਰਨਾ ਸਾਨੂੰ ਪਰਮਾਤਮਾ ਤੋਂ ਦੂਰ ਕਰਦਾ ਹੈ। ਇਨ੍ਹਾਂ ਕਦਰਾਂ-ਕੀਮਤਾਂ ਨੂੰ ਅਮਲੀ ਤੌਰ 'ਤੇ ਪ੍ਰਫੁੱਲਤ ਕਰਕੇ ਸਮੁੱਚੀ ਮਾਨਵਤਾ ਨੂੰ ਇਕ ਸੂਤਰ ਵਿਚ ਪ੍ਰੋਣ ਲਈ ਪੰਗਤ ਅਤੇ ਸੰਗਤ ਦੀ ਪ੍ਰੰਪਰਾ ਆਰੰਭ ਕੀਤੀ ਗਈ, ਜਿੱਥੇ ਹਰ ਮੂਲ ਦੇ ਲੋਕ ਇਕੱਠੇ ਬੈਠ ਕੇ ਲੰਗਰ ਛਕਦੇ ਹਨ ਅਤੇ ਨਾਮ ਜਪਦੇ ਹਨ।

ਔਰਤਾਂ ਲਈ ਬਰਾਬਰੀ ਦਾ ਦਰਜਾ

ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਔਰਤਾਂ ਦੀ ਹਾਲਤ ਬਹੁਤ ਤਰਸਯੋਗ ਸੀ। ਕੋਈ ਵੀ ਉਨ੍ਹਾਂ ਦੇ ਹੱਕ 'ਚ ਨਹੀਂ ਬੋਲਦਾ ਸੀ। ਗੁਰੂ ਜੀ ਨੇ ਔਰਤਾਂ ਦੇ ਸਤਿਕਾਰ ਲਈ ਆਵਾਜ਼ ਬੁਲੰਦ ਕੀਤੀ ਅਤੇ ਧਾਰਮਿਕ ਕਾਰਜਾਂ ਵਿਚ ਉਨ੍ਹਾਂ ਨੂੰ ਬਰਾਬਰੀ ਦਾ ਸਥਾਨ ਦਿਤਾ। ਉਨ੍ਹਾਂ ਸਵਾਲ ਕੀਤਾ ਕਿ ਜੋ ਇਸਤਰੀ ਰਾਜਿਆਂ ਨੂੰ ਜਨਮ ਦਿੰਦੀ ਹੈ, ਉਹ ਬੁਰੀ ਕਿਵੇਂ ਹੋ ਸਕਦੀ ਹੈ।

ਨਿਸ਼ਕਾਮ ਸੇਵਾ

ਗੁਰੂ ਨਾਨਕ ਸਾਹਿਬ ਜੀ ਨੇ ਅਧਿਆਤਮਕ ਵਿਕਾਸ ਅਤੇ ਸਮਾਜ ਭਲਾਈ ਲਈ ਨਿਸ਼ਕਾਮ ਸੇਵਾ ਕਰਨ ਦਾ ਉਪਦੇਸ਼ ਦਿੱਤਾ। ਨਿੱਜੀ ਲਾਭ ਜਾਂ ਪ੍ਰਸ਼ੰਸਾ ਪ੍ਰਾਪਤ ਕਰਨ ਦੀ ਕਾਮਨਾ ਤੋਂ ਬਿਨਾਂ ਕੀਤੀ ਸੇਵਾ ਨਿਸ਼ਕਾਮ ਸੇਵਾ ਅਖਵਾਉਂਦੀ ਹੈ। ਇਹ ਸੇਵਾ ਪਿਆਰ, ਨੇਕ ਨੀਅਤ, ਸ਼ੁਭ ਭਾਵਨਾਵਾਂ ਅਤੇ ਨਿਮਰਤਾ ਨਾਲ ਸਰਸ਼ਾਰ ਹੁੰਦੀ ਹੈ। ਸੇਵਾ ਨਾਲ ਹੰਕਾਰ ਤੇ ਸੁਆਰਥ ਦੂਰ ਹੁੰਦਾ ਹੈ ਅਤੇ ਦੂਜਿਆਂ ਨੂੰ ਸਮਝਣ ਦੀ ਸਮਰਥਾ ਪੈਦਾ ਹੁੰਦੀ ਹੈ। ਕਿਸੇ ਦੀ ਸੇਵਾ ਕਰਕੇ ਅਸੀਂ ਅਸਲ ਵਿਚ ਉਸ ਪਰਮਾਤਮਾ ਦੀ ਹੀ ਸੇਵਾ ਕਰ ਰਹੇ ਹੁੰਦੇ ਹਾਂ, ਜੋ ਹਰ ਜੀਵ ਅੰਦਰ ਵਸਦਾ ਹੈ। ਗੁਰੂ ਸਾਹਿਬ ਨੇ ਸਾਨੂੰ ਉਨ੍ਹਾਂ ਨਾਲ ਵੀ ਹਮਦਰਦੀ ਕਰਨੀ ਸਿਖਾਈ, ਜਿਨ੍ਹਾਂ ਨੇ ਸਾਡਾ ਬੁਰਾ ਕੀਤਾ ਹੋਵੇ। ਅਜਿਹਾ ਕਰਕੇ ਉਨ੍ਹਾਂ ਅੰਦਰੋਂ ਬੁਰਾਈ ਨੂੰ ਮਾਰਿਆ ਜਾ ਸਕਦਾ ਹੈ।

ਵਿਗਿਆਨਿਕ ਸੋਚ ਦਾ ਪ੍ਰਚਾਰ

ਗੁਰੂ ਨਾਨਕ ਸਾਹਿਬ ਜੀ ਨੇ ਵਿਗਿਆਨਿਕ ਸੋਚ ਨੂੰ ਅਪਨਾਉਣ ਦਾ ਹੋਕਾ ਦਿੱਤਾ। ਬਾਹਰੀ ਦਿਖਾਵਿਆਂ, ਪਖੰਡਾਂ, ਕਰਮਕਾਂਡਾਂ, ਜਾਦੂ-ਟੂਣਿਆਂ, ਅੰਧਵਿਸ਼ਵਾਸ ਅਤੇ ਵਹਿਮਾਂ-ਭਰਮਾਂ ਦਾ ਖੰਡਨ ਕਰਕੇ ਡੂੰਘੇ ਨੈਤਿਕ ਧਰਮ ਦਾ ਪ੍ਰਚਾਰ ਕੀਤਾ। ਭੋਲੇ ਭਾਲੇ ਲੋਕਾਂ ਨੂੰ ਧਰਮ ਦੇ ਠੇਕੇਦਾਰਾਂ ਦੇ ਚੁੰਗਲ ਤੋਂ ਛੁਡਾ ਕੇ ਗੁਰਬਾਣੀ ਦੁਆਰਾ ਸਿੱਧਾ ਰੱਬ ਨਾਲ ਜੋੜਿਆ।

ਕਿਰਤ ਕਰਨਾ ਅਤੇ ਵੰਡ ਕੇ ਛਕਣਾ

ਗੁਰੂ ਜੀ ਨੇ ਇਮਾਨਦਾਰੀ ਨਾਲ ਕਮਾਈ ਕਰਨ 'ਤੇ ਜ਼ੋਰ ਦਿੱਤਾ, ਜਿਸ ਨੂੰ ਦਸਾਂ ਨਹੁੰਆਂ ਦੀ ਕਿਰਤ ਕਹਿੰਦੇ ਹਨ। ਉਨ੍ਹਾਂ ਫੁਰਮਾਇਆ ਕਿ ਪਰਾਇਆ ਹੱਕ ਹਿੰਦੂ ਲਈ ਗਾਂ ਅਤੇ ਮੁਸਲਮਾਨ ਲਈ ਸੂਰ ਖਾਣ ਸਮਾਨ ਹੈ, ਭਾਵ ਬੇਈਮਾਨੀ ਘੋਰ ਪਾਪ ਹੈ। ਗੁਰੂ ਜੀ ਦੇ ਵੰਡ ਕੇ ਛਕਣ ਦੇ ਉਪਦੇਸ਼ ਤੋਂ ਦਸਵੰਧ ਪ੍ਰਥਾ ਸ਼ੁਰੂ ਹੋਈ ਜਿਸ ਵਿਚ ਆਪਣੀ ਨੇਕ ਕਮਾਈ ਦਾ 10 ਫੀਸਦ ਹਿੱਸਾ ਲੋੜਵੰਦਾਂ ਨੂੰ ਦਾਨ ਦਿੱਤਾ ਜਾਂਦਾ ਹੈ। ਜੇ ਸਾਰੇ ਦਸਵੰਧ ਕੱਢਣ ਲੱਗ ਜਾਣ ਤਾਂ ਦੁਨੀਆਂ ਵਿੱਚ ਕੋਈ ਭੁੱਖਾ ਨਹੀਂ ਰਹੇਗਾ।

ਮਿਠਾਸ ਅਤੇ ਨਿਮਰਤਾ

ਗੁਰੂ ਜੀ ਅਨੁਸਾਰ ਮਿਠਾਸ ਤੇ ਨਿਮਰਤਾ ਸਾਰੇ ਗੁਣਾਂ ਅਤੇ ਚੰਗਿਆਈਆਂ ਦਾ ਨਿਚੋੜ ਹੈ, ਬਸ਼ਰਤੇ ਕਿ ਉਪਰੋਂ-ਉਪਰੋਂ ਮਿੱਠੀਆਂ ਗੱਲਾਂ ਕਰਨ ਦੀ ਥਾਂ ਇਨਸਾਨ ਦਾ ਮਨ ਸਾਫ ਹੋਵੇ। ਜਿਵੇਂ ਮੈਲੇ ਬਰਤਨ ਵਿਚ ਦੁੱਧ ਨਹੀਂ ਸੰਭਾਲਿਆ ਜਾ ਸਕਦਾ, ਉਵੇਂ ਮਨ 'ਚੋਂ ਈਰਖਾ, ਨਫ਼ਰਤ, ਨਿੰਦਿਆ-ਚੁਗਲੀ ਦੀ ਮੈਲ ਸਾਫ ਕੀਤੇ ਬਿਨਾਂ ਇਸ ਵਿਚ ਪ੍ਰਭੂ ਦਾ ਨਾਮ ਸੰਚਿਤ ਨਹੀਂ ਕੀਤਾ ਜਾ ਸਕਦਾ। ਧਨ-ਦੌਲਤ, ਤਾਕਤ, ਰੁਤਬਾ ਅਤੇ ਜਵਾਨੀ ਸਭ ਨਾਸ਼ਵਾਨ ਹਨ ਜਦਕਿ ਨਿਮਰਤਾ, ਸੇਵਾ ਅਤੇ ਪਰਉਪਕਾਰ ਦੇ ਗੁਣ ਸਦੀਵੀ ਸੁੱਖ ਦਿੰਦੇ ਹਨ। ਹੰਕਾਰ ਮਨੁੱਖ ਨੂੰ ਸਮਾਜ ਅਤੇ ਰਿਸ਼ਤਿਆਂ ਤੋਂ ਦੂਰ ਕਰ ਦਿੰਦਾ ਹੈ। ਗੁਰੂ ਜੀ ਅਨੁਸਾਰ ਜਦੋਂ ਇਹ ਸੋਝੀ ਆ ਜਾਵੇ ਕਿ ਸਭ ਕੁਝ ਪ੍ਰਮਾਤਮਾ ਦੇ ਹੁਕਮ ਵਿੱਚ ਹੁੰਦਾ ਹੈ ਤਾਂ ਫਿਰ ਹੰਕਾਰ ਨਹੀਂ ਰਹਿੰਦਾ। ਗੁਰੂ ਜੀ ਨੇ ਕਦੇ ਵੀ ਸ੍ਰੇਸ਼ਠ ਹੋਣ ਦਾ ਦਾਅਵਾ ਨਹੀਂ ਕੀਤਾ ਬਲਕਿ ਆਪਣੇ ਆਪ ਨੂੰ ਨੀਵਿਆਂ ਤੋਂ ਵੀ ਨੀਵਾਂ ਆਖਿਆ।

ਸੰਤੋਖ ਅਤੇ ਭਾਣਾ

ਸੰਤੋਖ ਦਾ ਭਾਵ ਹੈ ਕਿ ਜੋ ਆਪਣੇ ਕੋਲ ਹੈ, ਉਸ ਲਈ ਸ਼ੁਕਰਗੁਜ਼ਾਰ ਹੋਣਾ ਅਤੇ ਜੋ ਨਹੀਂ ਹੈ, ਉਸ ਦੀ ਲਾਲਸਾ ਕਾਰਨ ਦੁਖੀ ਨਹੀਂ ਹੋਣਾ। ਪ੍ਰਮਾਤਮਾ ਦੀ ਮਰਜ਼ੀ ਖੁਸ਼ੀ-ਖੁਸ਼ੀ ਮੰਨਣ ਨੂੰ ਭਾਣਾ ਮੰਨਣਾ ਕਹਿੰਦੇ ਹਨ। ਗੁਰਬਾਣੀ ਦੇ ਅਰਥ ਪੜ੍ਹ ਕੇ ਅਸੀਂ ਦੁਖ ਵਿਚ ਵੀ ਚੜ੍ਹਦੀਕਲਾ ਵਿਚ ਰਹਿਣ ਦੀ ਜੁਗਤ ਸਿੱਖ ਜਾਂਦੇ ਹਾਂ। ਇਸ ਤਰ੍ਹਾਂ ਅਸੀਂ ਤਣਾਅ, ਨਿਰਾਸ਼ਾ, ਡਿਪ੍ਰੈਸ਼ਨ ਅਤੇ ਆਤਮਘਾਤ ਵਰਗੀਆਂ ਮਾਨਸਿਕ ਬਿਮਾਰੀਆਂ ਤੋਂ ਬਚ ਕੇ ਸੰਤੁਲਿਤ ਜੀਵਨ ਜੀ ਸਕਦੇ ਹਾਂ।

ਆਤਮਕ ਅਨੰਦ ਦੀ ਪ੍ਰਾਪਤੀ

ਗੁਰੂ ਜੀ ਨੇ ਅਗੰਮੀ ਜੋਤ ਵਿਚ ਲੀਨ ਹੋਣ ਲਈ ਪ੍ਰਭੂ ਦੀਆਂ ਸੋਹਣੀਆਂ ਸਿਫਤਾਂ ਗਾਉਣ ਦਾ ਉਪਦੇਸ਼ ਦਿੱਤਾ ਅਤੇ ਆਨੰਦਮਈ ਕੀਰਤਨ ਨਾਲ ਸ਼ਿੰਗਾਰੀ ਰੂਹਾਨੀ ਜੀਵਨ ਸ਼ੈਲੀ ਬਖਸ਼ਿਸ਼ ਕੀਤੀ। ਮਨ ਦੇ ਖੇੜੇ ਲਈ ਹਾਨੀਕਾਰਕ ਨਸ਼ਿਆਂ ਦਾ ਸਹਾਰਾ ਲੈਣ ਦੀ ਬਜਾਏ ਪ੍ਰਭੂ ਦੇ ਨਾਮ ਰਸ ਵਿਚ ਚੁੱਭੀ ਲਾ ਕੇ ਪਰਮ ਸੁਖ ਦੀ ਪ੍ਰਾਪਤੀ ਲਈ ਪ੍ਰੇਰਿਆ। ਨਾਮ ਜਪਣ ਦਾ ਅਰਥ ਕੇਵਲ ਪ੍ਰਮਾਤਮਾ ਦਾ ਨਾਮ ਬਾਰ-ਬਾਰ ਬੋਲਣਾ ਹੀ ਨਹੀਂ ਸਗੋਂ ਸੰਪੂਰਨ ਤੌਰ 'ਤੇ ਆਪਣੇ ਵਿਚਾਰਾਂ ਅਤੇ ਅਮਲਾਂ ਨੂੰ ਗੁਰਬਾਣੀ ਦੀ ਸਿੱਖਿਆ ਅਨੁਸਾਰ ਢਾਲ ਕੇ ਆਪਣੇ ਆਪ ਨੂੰ ਸਦੀਵੀ ਜੋਤ ਅੱਗੇ ਸਮਰਪਿਤ ਕਰਨਾ ਹੁੰਦਾ ਹੈ।

ਸਾਦਾ ਜੀਵਨ

ਗੁਰੂ ਨਾਨਕ ਸਾਹਿਬ ਨੇ ਜੋ ਸਿਖਿਆਵਾਂ **ਬਾਕੀ ਸਾਫ 33 'ਤੇ**

ਸੀਸ ਤਲੀ 'ਤੇ ਧਰ ਕੇ ਜੂਝਣ ਵਾਲਾ ਸ਼ਹੀਦ ਬਾਬਾ ਦੀਪ ਸਿੰਘ ਜੀ

-ਰਮੇਸ਼ ਬੱਗਾ ਚੋਹਲਾ # 094631-32719

ਜਹਾਨ ਖਾਂ ਨੂੰ ਕਿਸੇ ਨੇ ਦੱਸਿਆ ਕਿ ਜਦ ਤੱਕ ਅੰਮ੍ਰਿਤਸਰ ਵਿੱਚ ਪਵਿੱਤਰ ਸਰੋਵਰ ਅਤੇ ਸ੍ਰੀ ਦਰਬਾਰ ਸਾਹਿਬ ਦੀ ਹੋਂਦ ਕਾਇਮ ਹੈ, ਸਿੱਖਾਂ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਕਿਉਂਕਿ ਇਨ੍ਹਾਂ ਦੋਹਾਂ ਸੋਮਿਆਂ ਤੋਂ ਉਨ੍ਹਾਂ ਨੂੰ ਨਵਾਂ ਜੀਵਨ ਅਤੇ ਉਤਸ਼ਾਹ ਮਿਲਦਾ ਹੈ। 1760 ਈ. ਵਿੱਚ ਜਹਾਨ ਖਾਂ ਨੇ ਅੰਮ੍ਰਿਤਸਰ ਨੂੰ ਸਦਰ ਮੁਕਾਮ ਬਣਾ ਲਿਆ। ਇਸ ਮੁਕਾਮ ਦੌਰਾਨ ਉਸ ਨੇ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਨੂੰ ਢਾਹ ਕੇ ਪਵਿੱਤਰ ਸਰੋਵਰ ਨੂੰ ਪੂਰ ਦਿੱਤਾ।

ਸ਼ਹੀਦ ਉਸ ਕੌਮ ਦਾ ਸਰਮਾਇਆ ਅਤੇ ਉਸ ਮਿੱਟੀ ਦਾ ਮਾਣ ਹੁੰਦੇ ਹਨ, ਜਿਸ ਵਿੱਚ ਉਨ੍ਹਾਂ ਦਾ ਜਨਮ ਹੁੰਦਾ ਹੈ। ਉਹ ਕੌਮਾਂ ਵੀ ਧੰਨਤਾ ਦੇ ਯੋਗ ਹੁੰਦੀਆਂ ਹਨ, ਜਿਹੜੀਆਂ ਆਪਣੇ ਪੁਰਖਿਆਂ ਦੀਆਂ ਘਾਲਣਾਵਾਂ ਨੂੰ ਅਕਸਰ ਚਿੱਤਵਦੀਆਂ ਰਹਿੰਦੀਆਂ ਹਨ। ਕਿਸੇ ਸ਼ਾਇਰ ਦਾ ਕਥਨ ਹੈ:-

ਉਸ ਕੌਮ ਨੂੰ ਸਮਾਂ ਨਹੀਂ ਮੁਆਫ ਕਰਦਾ,
ਜਿਹੜੀ ਮੁੱਲ ਨਾ ਤਾਰੇ ਕੁਰਬਾਨੀਆਂ ਦਾ।

ਸ਼ਹੀਦ ਅਤੇ ਸ਼ਹਾਦਤ ਅਰਬੀ ਜ਼ਬਾਨ ਦੇ ਸ਼ਬਦ ਹਨ। ਸ਼ਹਾਦਤ ਦਾ ਸ਼ਬਦੀ ਅਰਥ ਗਵਾਹੀ ਦੇਣੀ ਜਾਂ ਸਾਖੀ ਭਰਨੀ ਹੁੰਦਾ ਹੈ। ਇਸ ਤਰ੍ਹਾਂ ਸ਼ਹੀਦ ਕਿਸੇ ਕੌਮ ਵੱਲੋਂ ਦਿੱਤੀਆਂ ਗਈਆਂ ਕੁਰਬਾਨੀਆਂ ਦੇ ਸਦੀਵੀ ਅਤੇ ਸੱਚੇ ਗਵਾਹ ਹੁੰਦੇ ਹਨ।

ਦੀਨ ਦੁਖੀਆਂ ਦੀ ਰਖਵਾਲੀ, ਸਤਿ ਧਰਮ ਤੇ ਮਨੁੱਖਤਾ ਦੀ ਖਾਤਰ ਸਮੇਂ-ਸਮੇਂ ਦੇਸ਼ ਕੌਮ ਅਤੇ ਸਮਾਜ ਉਪਰ ਆਏ ਸੰਕਟਾਂ ਦਾ ਖਿੜੇ ਮੱਥੇ ਸਵਾਗਤ ਕਰਨਾ,ਇਨ੍ਹਾਂ ਸੰਕਟਾਂ ਦਾ ਡੱਟ ਕੇ ਮੁਕਾਬਲਾ ਕਰਨਾ, ਇਸ ਮੁਕਾਬਲੇ ਨੂੰ ਕਿਸੇ ਨਿਰਣਾਇਕ ਮੋੜ ਤੇ ਲੈ ਜਾਣ ਤੱਕ ਆਪਣੇ ਕਦਮ ਪਿਛਾਂਹ ਨਾ ਪੁੱਟਣੇ ਅਤੇ ਆਪਣੇ ਮਨੋਰਥ ਦੀ ਸਿੱਧੀ ਲਈ ਆਪਾ ਤੱਕ ਵਾਰ ਦੇਣਾ ਹੀ ਸ਼ਹੀਦਾਂ ਦੀ ਪਹਿਚਾਣ ਹੁੰਦੀ ਹੈ। ਇਹ ਪਹਿਚਾਣ ਮੌਤ ਦੀਆਂ ਵਾਦੀਆਂ ਵਿੱਚੋ ਲੰਘ ਕੇ ਹੀ ਕਰਵਾਈ ਜਾ ਸਕਦੀ ਹੈ। ਕਿਉਂਕਿ :-

ਸੂਰਾ ਸੋ ਪਹਿਚਾਨੀਐ ਜੁ ਲਰੇ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ ਕਬਹੁ ਨ ਛਾਡੈ ਖੇਤੁ ॥ (1105)

ਇਸ ਤਰ੍ਹਾਂ ਸ਼ਹੀਦ ਦੀ ਆਤਮਾ ਨਿਰਮਲ ਅਤੇ ਉਦੇਸ਼ ਸ਼ਪਸ਼ੱਟ ਹੁੰਦਾ ਹੈ, ਜਿਸ ਨੂੰ ਭਾਈ ਗੁਰਦਾਸ ਜੀ ਇਸ ਤਰ੍ਹਾਂ ਤਸਦੀਕ ਕਰਦੇ ਹਨ:-

ਸਬਰ ਸਿਦਕ ਸ਼ਹੀਦ ਭਰਮ ਭਉ ਖੋਵਣਾ॥

ਸ਼ਹੀਦ ਫੌਲਾਦੀ ਇਰਾਦੇ ਦਾ ਮਾਲਕ ਹੁੰਦਾ ਹੈ, ਜਿਸ ਦੇ ਵਿਚਾਰਾਂ ਨੂੰ ਬਦਲਿਆ ਨਹੀਂ ਜਾ ਸਕਦਾ। ਇਸ ਤਰ੍ਹਾਂ ਦੇ ਇਰਾਦੇ ਅਤੇ ਵਿਚਾਰਾਂ ਦੀ ਮਲਕੀਅਤ ਰੱਖਣ ਵਾਲੇ ਸਨ ਬਾਬਾ ਦੀਪ ਸਿੰਘ ਜੀ ਸ਼ਹੀਦ।

ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਜਨਮ 26 ਜਨਵਰੀ 1682 ਈ. ਨੂੰ ਅੰਮ੍ਰਿਤਸਰ ਜ਼ਿਲ੍ਹੇ (ਹੁਣ ਤਰਨ ਤਾਰਨ) ਦੀ ਤਹਿਸੀਲ ਪੱਟੀ ਦੇ ਪਿੰਡ ਪਹੂਵਿੰਡ ਵਿਖੇ ਰਹਿਣ ਵਾਲੇ ਇਕ ਸਧਾਰਨ ਪਰਿਵਾਰ ਭਾਈ ਭਗਤੂ ਅਤੇ ਮਾਤਾ ਜਿਉਣੀ ਦੇ ਘਰ ਹੋਇਆ। ਆਮ ਬਾਲਕਾਂ ਵਾਂਗ ਬਾਬਾ ਜੀ ਦੇ ਬਚਪਨ ਦਾ ਨਾਮ ਵੀ ਦੀਪਾ ਰੱਖਿਆ ਗਿਆ। ਜਦੋਂ ਦੀਪੇ ਦੀ ਉਮਰ 18 ਸਾਲ ਦੀ ਹੋਈ ਤਾਂ ਉਹ ਆਪਣੇ ਮਾਤਾ-ਪਿਤਾ ਨਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਲਈ ਗਿਆ। ਕੁੱਝ ਦਿਨ ਰਹਿ ਕੇ ਦੀਪੇ ਦੇ ਮਾਤਾ-ਪਿਤਾ ਤਾਂ ਵਾਪਸ ਪਿੰਡ ਪਹੂਵਿੰਡ ਆ ਗਏ ਪਰ ਦੀਪਾ ਇੱਥੇ ਹੀ ਰਹਿ ਪਿਆ। ਕਲਗੀਧਰ ਪਾਤਸ਼ਾਹ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਦੀਪੇ ਦੇ ਜੀਵਨ ਵਿੱਚ ਇੱਕ ਮਹੱਤਵਪੂਰਨ ਮੋੜ ਆ ਗਿਆ ਅਤੇ ਉਹ ਦੀਪੇ ਤੋ ਦੀਪ ਸਿੰਘ ਬਣ ਗਿਆ।

ਸ੍ਰੀ ਅਨੰਦਪੁਰ ਸਾਹਿਬ ਰਹਿ ਕੇ ਦੀਪ ਸਿੰਘ ਨੇ ਸ਼ਸਤਰ ਤੇ ਸ਼ਾਸਤਰ ਵਿਦਿਆ ਵਿਚ ਬਰਾਬਰੀ ਨਾਲ ਮੁਹਾਰਤ ਹਾਸਲ ਕਰ ਲਈ।20-22 ਸਾਲ ਦੀ ਉਮਰ ਤੱਕ ਦੀਪ ਸਿੰਘ ਨੇ ਜਿੱਥੇ ਭਾਈ ਮਨੀ ਸਿੰਘ ਵਰਗੇ ਉਸਤਾਦ ਕੋਲੋਂ ਗੁਰਬਾਣੀ ਦਾ ਚੋਖਾ ਗਿਆਨ ਹਾਸਲ ਕਰ ਲਿਆ ਉੱਥੇ ਉਹ ਇੱਕ ਨਿਪੁੰਨ ਸਿਪਾਹੀ ਵੀ ਬਣ ਗਿਆ।ਕੁੱਝ ਸਮੇਂ ਬਾਅਦ ਦੀਪ ਸਿੰਘ ਆਪਣੇ ਪਿੰਡ ਪਹੂਵਿੰਡ ਆ ਗਿਆ।ਪਿੰਡ ਆ ਕੇ ਉਸ ਨੇ ਆਸ-ਪਾਸ ਦੇ ਇਲਾਕੇ ਵਿਚ ਧਰਮ ਪ੍ਰਚਾਰ ਦੇ ਕਾਰਜ ਨੂੰ ਬੜੀ ਹੀ ਲਗਨ ਅਤੇ ਸ਼ਰਧਾ-ਭਾਵਨਾ ਨਾਲ ਕਰਨਾ ਆਰੰਭ ਕਰ ਦਿੱਤਾ,ਜਿਸ ਦਾ ਨੌਜਵਾਨ ਤਬਕੇ 'ਤੇ ਬਹੁਤ ਹੀ ਸਾਰਥਿਕ ਤੇ ਸੁਚੱਜਾ ਪ੍ਰਭਾਵ ਪੈਣ ਲੱਗਾ।

ਜਦੋਂ ਦਸਵੇਂ ਪਾਤਸ਼ਾਹ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਨ ਦੀ ਵਿਉਂਤਬੰਦੀ ਕੀਤੀ ਤਾਂ ਉਨ੍ਹਾਂ ਨੇ ਭਾਈ ਮਨੀ ਸਿੰਘ ਜੀ ਦੇ ਨਾਲ-ਨਾਲ ਬਾਬਾ ਦੀਪ ਸਿੰਘ ਦਾ ਵੀ ਭਰਪੂਰ ਸਹਿਯੋਗ ਲਿਆ। ਬਾਬਾ ਜੀ ਤੋਂ ਕਲਮਾਂ, ਸਿਆਹੀ ਅਤੇ ਕਾਗਜ਼ ਆਦਿ ਤਿਆਰ ਕਰਵਾਉਣ ਦੀ ਸੇਵਾ ਲਈ ਗਈ। ਬਾਬਾ ਦੀਪ ਸਿੰਘ ਨੇ ਸ੍ਰੀ ਗ੍ਰੰਥ ਸਾਹਿਬ ਦੇ ਚਾਰ ਉਤਾਰੇ ਕਰਕੇ ਚਾਰੇ ਤਖਤਾਂ ਨੂੰ ਭੇਜੇ। ਦੱਖਣ ਵੱਲ ਰਵਾਨਾ ਹੋਣ ਤੋਂ ਪਹਿਲਾਂ ਸ੍ਰੀ ਗੁਰੂ ਗੋਬਿੰਦ ਜੀ ਨੇ ਸ੍ਰੀ ਦਮਦਮਾ ਸਾਹਿਬ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਪੂਰਨ ਰੂਪ ਵਿੱਚ ਬਾਬਾ ਜੀ ਨੂੰ ਸੌਂਪ ਦਿੱਤੀ। ਇਸ ਜ਼ਿੰਮੇਵਾਰੀ ਨੂੰ ਬਾਬਾ ਦੀਪ ਸਿੰਘ ਨੇ ਬੜੀ ਹੀ ਤਨਦੇਹੀ ਅਤੇ ਸਿਦਕਦਿਲੀ ਨਾਲ ਨਿਭਾਇਆ।

1709 ਈ: ਵਿੱਚ ਜਦੋਂ ਬੰਦਾ ਸਿੰਘ ਬਹਾਦਰ ਵੱਲੋਂ ਜ਼ਾਲਮਾਂ ਵੱਲੋਂ ਕੀਤੀਆਂ ਗਈਆਂ ਧੱਕੇਸ਼ਾਹੀਆਂ ਦਾ ਹਿਸਾਬ ਚੁੱਕਤਾ ਕਰਨ ਲਈ ਪੰਜਾਬ ਨੂੰ ਮੁਹਾਰਾਂ ਮੋੜੀਆਂ ਤਾਂ ਬਾਬਾ ਦੀਪ ਸਿੰਘ ਨੇ ਸੈਂਕੜੇ ਮਰਜੀਵੜਿਆਂ ਦੀ ਫੌਜ ਨਾਲ ਲੈ ਕੇ ਉਨ੍ਹਾਂ ਦਾ ਡੱਟਵਾਂ ਸਾਥ ਦਿੱਤਾ। ਇਸ ਸਾਥ

ਦਮਦਮਾ ਸਾਹਿਬ ਤੋਂ ਚੱਲਣ ਸਮੇਂ ਉਨ੍ਹਾਂ ਨਾਲ ਕੁਝ ਗਿਣਤੀ ਦੇ ਹੀ ਸਿੰਘ ਸਨ ਪਰ ਰਸਤੇ ਵਿੱਚ ਜੱਥੇਦਾਰ ਗੁਰਬਖਸ਼ ਸਿੰਘ ਆਨੰਦਪੁਰੀ ਵੀ ਆ ਰਲਿਆ। ਚੱਲਦਿਆਂ-ਚਲਦਿਆਂ ਕਾਫ਼ਲਾ ਵੱਧਦਾ ਗਿਆ। ਬਾਬਾ ਜੀ ਨੇ ਇਸ ਢੰਗ ਨਾਲ ਵੰਗਾਰਿਆ ਕਿ ਤਰਨਤਾਰਨ ਤੱਕ ਪਹੁੰਚ ਕੇ ਲਾੜੀ ਮੌਤ ਨੂੰ ਵਰਨ ਜਾ ਰਹੇ ਸਿੰਘਾਂ ਦੀ ਗਿਣਤੀ ਸੈਕੜਿਆਂ ਤੋਂ ਹਜ਼ਾਰਾਂ ਤੱਕ ਪਹੁੰਚ ਗਈ। ਇੱਥੇ ਆ ਕੇ ਬਾਬਾ ਜੀ ਨੇ ਆਪਣੇ ਖੰਡੇ ਨਾਲ ਇੱਕ ਲਕੀਰ ਵਾਹ ਦਿੱਤੀ ਤੇ ਕਿਹਾ ਕਿ "ਜਿਸ ਨੂੰ ਪ੍ਰੇਮ ਦੀ ਖੇਡ ਖੇਡਣ ਦਾ ਚਾਅ ਹੈ ਉਹ ਟੱਪ ਜਾਵੇ ਅਤੇ ਜਿਸ ਨੂੰ ਮੌਤ ਤੋਂ ਡਰ ਲੱਗਦਾ ਹੈ ਉਹ ਪਿਛਾਂਹ ਹੱਟ ਜਾਵੇ"।



ਸਦਕਾ ਹੀ ਸਿੰਘਾਂ ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ ਸੀ। ਬਾਬਾ ਜੀ ਵੱਲੋਂ ਇਸ ਜੰਗ ਵਿੱਚ ਨਿਭਾਈ ਗਈ ਅਹਿਮ ਭੂਮਿਕਾ ਕਾਰਨ ਹੀ ਉਨ੍ਹਾਂ ਨੂੰ ਜਿੰਦਾ ਸ਼ਹੀਦ ਦੇ ਖਿਤਾਬ ਨਾਲ ਨਿਵਾਜ਼ਿਆ ਜਾਂਦਾ ਹੈ। ਬਾਬਾ ਦੀਪ ਸਿੰਘ ਜੀ ਸ਼ਹੀਦੀ ਮਿਸਲ ਦੇ ਜੱਥੇਦਾਰ ਵੀ ਸਨ।

ਅਹਿਮਦ ਸ਼ਾਹ ਅਬਦਾਲੀ ਨੇ ਹਿੰਦੋਸਤਾਨ ਤੇ ਕਈ ਹਮਲੇ ਕੀਤੇ। ਇਨ੍ਹਾਂ ਹਮਲਿਆਂ ਦੌਰਾਨ ਉਸ ਦੀਆਂ ਫੌਜਾਂ ਦਾ ਰਾਹ ਰੋਕਣ ਵਾਲੇ ਸਿੱਖਾਂ ਤੋਂ ਉਹ ਬਹੁਤ ਪ੍ਰੇਸ਼ਾਨ ਅਤੇ ਦੁਖੀ ਸੀ। ਆਪਣੀ ਪ੍ਰੇਸ਼ਾਨੀ ਅਤੇ ਦੁੱਖ ਨੂੰ ਘੱਟ ਕਰਨ ਭਾਵ ਸਿੱਖੀ ਦਾ ਖੁਰਾ ਖੋਜ ਮਿਟਾਉਣ ਲਈ ਉਸ ਨੇ ਆਪਣੇ ਪੁੱਤਰ ਤੈਮੁਰ ਨੂੰ ਪੰਜਾਬ ਦਾ ਗਵਰਨਰ ਥਾਪ ਦਿੱਤਾ ਅਤੇ ਉਸ ਦੇ ਸਹਿਯੋਗ ਲਈ ਇੱਕ ਜਾਲਮ ਸੁਭਾਅ ਤੇ ਸੈਨਾਪਤੀ ਜਹਾਨ ਖਾਂ ਦੀ ਨਿਯੁਕਤੀ ਕਰ ਦਿੱਤੀ।

ਜਹਾਨ ਖਾਂ ਨੂੰ ਕਿਸੇ ਨੇ ਦੱਸਿਆ ਕਿ ਜਦ ਤੱਕ ਅੰਮ੍ਰਿਤਸਰ ਵਿੱਚ ਪਵਿੱਤਰ ਸਰੋਵਰ ਅਤੇ ਸ੍ਰੀ ਦਰਬਾਰ ਸਾਹਿਬ ਦੀ ਹੋਂਦ ਕਾਇਮ ਹੈ, ਸਿੱਖਾਂ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਕਿਉਂਕਿ ਇਨ੍ਹਾਂ ਦੋਹਾਂ ਸੋਮਿਆਂ ਤੋਂ ਉਨ੍ਹਾਂ ਨੂੰ ਨਵਾਂ ਜੀਵਨ ਅਤੇ ਉਤਸ਼ਾਹ ਮਿਲਦਾ ਹੈ। 1760 ਈ. ਵਿੱਚ ਜਹਾਨ ਖਾਂ ਨੇ ਅੰਮ੍ਰਿਤਸਰ ਨੂੰ ਸਦਰ ਮੁਕਾਮ ਬਣਾ ਲਿਆ। ਇਸ ਮੁਕਾਮ ਦੌਰਾਨ ਉਸ ਨੇ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਨੂੰ ਢਾਹ ਕੇ ਪਵਿੱਤਰ ਸਰੋਵਰ ਨੂੰ ਪੂਰ ਦਿੱਤਾ।

ਜਦੋਂ ਜਹਾਨ ਖਾਂ ਦੀ ਇਸ ਵਧੀਕੀ ਦੀ ਖ਼ਬਰ ਜਥੇਦਾਰ ਭਾਗ ਸਿੰਘ ਨੇ ਤਲਵੰਡੀ ਸਾਬੋ ਵਿਖੇ ਆ ਕਾ ਬਾਬਾ ਦੀਪ ਸਿੰਘ ਨੂੰ ਦਿੱਤੀ ਤਾਂ ਉਨ੍ਹਾਂ ਦਾ ਖ਼ੂਨ ਉਬਾਲੇ ਖਾਣ ਲੱਗਾ। ਅਰਦਾਸਾ ਸੋਧ ਕੇ ਬਾਬਾ ਜੀ ਨੇ 18 ਸ਼ੇਰ ਦਾ ਖੰਡਾ ਉਠਾ ਲਿਆ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਚਾਲੇ ਪਾ ਦਿੱਤੇ।

ਦਮਦਮਾ ਸਾਹਿਬ ਤੋਂ ਚੱਲਣ ਸਮੇਂ ਉਨ੍ਹਾਂ ਨਾਲ ਕੁਝ ਗਿਣਤੀ ਦੇ ਹੀ ਸਿੰਘ ਸਨ ਪਰ ਰਸਤੇ ਵਿੱਚ ਜੱਥੇਦਾਰ ਗੁਰਬਖਸ਼ ਸਿੰਘ ਆਨੰਦਪੁਰੀ ਵੀ ਆ ਰਲਿਆ। ਚੱਲਦਿਆਂ-ਚਲਦਿਆਂ ਕਾਫ਼ਲਾ ਵੱਧਦਾ ਗਿਆ। ਬਾਬਾ ਜੀ ਨੇ ਇਸ ਢੰਗ ਨਾਲ ਵੰਗਾਰਿਆ ਕਿ ਤਰਨਤਾਰਨ ਤੱਕ ਪਹੁੰਚ ਕੇ ਲਾੜੀ ਮੌਤ ਨੂੰ ਵਰਨ ਜਾ ਰਹੇ ਸਿੰਘਾਂ ਦੀ ਗਿਣਤੀ ਸੈਕੜਿਆਂ ਤੋਂ ਹਜ਼ਾਰਾਂ ਤੱਕ ਪਹੁੰਚ ਗਈ। ਇੱਥੇ ਆ ਕੇ ਬਾਬਾ ਜੀ ਨੇ ਆਪਣੇ ਖੰਡੇ ਨਾਲ ਇੱਕ ਲਕੀਰ ਵਾਹ ਦਿੱਤੀ ਤੇ ਕਿਹਾ ਕਿ ''ਜਿਸ ਨੂੰ ਪ੍ਰੇਮ ਦੀ ਖੇਡ ਖੇਡਣ ਦਾ ਚਾਅ ਹੈ ਉਹ ਟੱਪ ਜਾਵੇ ਅਤੇ ਜਿਸ ਨੂੰ ਮੌਤ ਤੋਂ ਡਰ ਲੱਗਦਾ ਹੈ ਉਹ ਪਿਛਾਂਹ ਹੱਟ ਜਾਵੇ''। ਪਰ ਜਿਹੜਾ ਵੀ ਕਾਫ਼ਲਾ ਹੁਣ ਤੱਕ ਬਾਬਾ ਜੀ ਨਾਲ ਜੁੜ ਚੁੱਕਿਆ ਸੀ ਉਹ ਸਾਰਾ ਹੀ ਸ਼ਹੀਦੀਆਂ ਦਾ ਚਾਅ ਲੈ ਕੇ ਆਇਆ ਸੀ। ਇਸ ਕਰਕੇ ਸਾਰਾ ਕਾਫ਼ਲਾ ਹੀ ਲਕੀਰ ਪਾਰ ਕਰ ਗਿਆ ਅਤੇ ਬਾਬਾ ਜੀ ਨੇ ਖ਼ੁਸ਼ੀ ਵਿੱਚ ਜੈਕਾਰਾ ਛੱਡ ਦਿੱਤਾ।

ਦੂਜੇ ਪਾਸੇ ਜਹਾਨ ਖਾਂ ਨੂੰ ਜਦੋਂ ਬਾਬਾ ਜੀ ਦੇ ਕਾਫ਼ਲੇ ਦੀ ਅੰਮ੍ਰਿਤਸਰ ਵੱਲ ਆਉਣ ਦੀ ਖ਼ਬਰ ਮਿਲੀ ਤਾਂ ਉਸ ਨੇ ਆਪਣੇ ਇੱਕ ਜਰਨੈਲ ਅਤਈ ਖਾਂ ਦੀ ਅਗਵਾਈ ਵਿੱਚ ਇੱਕ ਵੱਡੀ ਫ਼ੌਜ ਸਿੰਘਾਂ ਦਾ ਰਾਹ ਰੋਕਣ ਲਈ ਭੇਜ ਦਿੱਤੀ। ਗੋਹਲਵੜ ਨੇ ਸਥਾਨ 'ਤੇ ਲਹੂ ਡੋਲਵੀਂ ਲੜਾਈ ਹੋਈ। ਸਿੰਘਾਂ ਦੇ ਜੈਕਾਰਿਆਂ ਅਤੇ ਲਲਕਾਰਿਆਂ ਨਾਲ ਅਫ਼ਗਾਨੀ ਫ਼ੌਜਾਂ ਦੇ ਹੌਂਸਲੇ ਪਸਤ ਹੋਣ ਲੱਗੇ ਅਤੇ ਉਹ ਪਿਛਲਖੁਰੀ ਹੋਣ ਲੱਗੀਆਂ।


ਇਸ ਸਮੇਂ ਦੌਰਾਨ ਯਕੂਬ ਖਾਂ ਅਤੇ ਸਾਬਕ ਅਲੀ ਖਾਂ ਵੀ ਬਾਬਾ ਦੀਪ ਸਿੰਘ ਜੀ ਨਾਲ ਮੁਕਾਬਲੇ 'ਤੇ ਆ ਗਏ। ਯਕੂਬ ਖਾਂ ਅਤੇ ਬਾਬਾ ਜੀ ਵਿਚਲੇ ਫਸਵੀਂ ਟੱਕਰ ਹੋਈ ਪਰ ਯਕੂਬ ਖਾਂ ਬਾਬਾ ਜੀ ਦੇ ਵਾਰ ਦੀ ਤਾਬ ਨਾ ਝੱਲ ਸਕਿਆ। ਯਕੂਬ ਖਾਂ ਨੂੰ ਢੇਰੀ ਹੁੰਦਿਆਂ ਦੇਖ ਕੇ ਇੱਕ ਹੋਰ ਅਫ਼ਗਾਨੀ ਜਵਾਨ ਅਸਮਾਨ ਖਾਂ ਵੀ ਮੈਦਾਨ-ਏ-ਜੰਗ ਵਿਚ ਆ ਨਿੱਤਰਿਆ। ਦੋਹਾਂ ਦੇ ਸਾਂਝੇ ਵਾਰ ਨਾਲ ਬਾਬਾ ਜੀ ਦੀ ਗਰਦਨ ਤੇ ਡੂੰਘਾ ਫੱਟ ਵੱਜਿਆ, ਨਾਲ ਦੇ ਇੱਕ ਸਿੰਘ ਨੇ ਜਦੋਂ ਬਾਬਾ ਦੀਪ ਸਿੰਘ ਨੂੰ ਅਰਦਾਸ ਸਮੇਂ ਕੀਤਾ ਹੋਇਆ ਪ੍ਰਣ ਯਾਦ ਕਰਵਾਇਆ ਤਾਂ ਬਾਬਾ ਜੀ ਸੀਸ ਨੂੰ ਆਪਣੇ ਖੱਬੇ ਹੱਥ ਦਾ ਆਸਰਾ ਦੇ ਕੇ ਸੱਜੇ ਹੱਥ ਵਿਚ ਫੜੇ ਹੋਏ ਖੰਡੇ ਨਾਲ ਦੁਸ਼ਮਣਾਂ ਦੇ ਆਹੂ ਲਾਹੁਣ ਲੱਗ ਪਏ। ਆਪਣੇ ਕੀਤੇ ਹੋਏ ਪ੍ਰਣ ਨੂੰ ਨਿਭਾਅ ਕੇ ਬਾਬਾ ਦੀਪ ਸਿੰਘ ਜੀ ਨੇ ਆਪਣਾ ਸੀਸ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿੱਚ ਭੇਟ ਕਰ ਦਿੱਤਾ ਅਤੇ 11 ਨਵੰਬਰ 1760 ਈ. ਨੂੰ ਸ਼ਹਾਦਤ ਦਾ ਜਾਮ ਪੀ ਗਏ।

-0-

ਜੇਕਰ ਮੈਗਜ਼ੀਨ ਨਾ ਮਿਲੇ ਤਾਂ ...

ਸਾਰੇ ਪ੍ਰਚਾਰਕ ਵੀਰਾਂ ਨੂੰ ਬੇਨਤੀ ਹੈ ਕਿ 'ਗੁਰਮਤਿ ਵਿਰਸਾ' ਦੀ ਬੁਕਿੰਗ ਕਰਦਿਆਂ ਰਿਕਾਰਡ ਆਪਣੇ ਕੋਲ ਜ਼ਰੂਰ ਰੱਖੋ। 'ਗੁਰਮਤਿ ਵਿਰਸਾ' ਨਾ ਮਿਲਣ ਦੀ ਸੂਰਤ ਵਿਚ ਇਸ ਨੰਬਰ 79733-70542 'ਤੇ ਵੱਟਸਅਪ ਮੈਸਜ਼ ਕਰ ਸਕਦੇ ਹੋ ਇਸ ਤੋਂ ਇਲਾਵਾ ਚਿੱਟ ਨੰਬਰ ਜਾਂ ਰਸੀਦ ਨੰਬਰ ਦਾ ਵੇਰਵਾ ਦੱਸੋ ਤਾਂ ਜੋ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਬੁਕਿੰਗ ਸਮੇਂ ਟੈਲੀਫੋਨ ਨੰਬਰ ਸਾਫ ਸੁਥਰੇ, ਮੋਟੇ ਅੱਖਰਾਂ ਵਿਚ ਪਤਾ ਲਿਖੋ ਜੀ।

ਵੱਲੋਂ : ਅਦਾਰਾ 'ਗੁਰਮਤਿ ਵਿਰਸਾ'



ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ



ਮੰਗਤ ਸਿੰਘ ਰਾਹੀ
 # 98882-91607

ਅਸੀਂ ਹਰ ਰੋਜ ਦੂਜੇ ਪਾਤਸ਼ਾਹ ਜੀ ਦਾ ਇਹ ਸਲੋਕ ਬੜੇ ਹੀ ਪਿਆਰ ਸਤਿਕਾਰ ਨਾਲ ਪੜ੍ਹਦੇ ਤੇ ਸੁਣਦੇ ਹਾਂ। ਕੀ ਅਸੀ ਕਦੀ ਸੋਚਿਆ ਹੈ ਕਿ ਇਸ ਤੁਕ ਦਾ ਸਾਡੇ ਵਿਦਿਆਰਥੀ ਜੀਵਨ ਦੀ ਚੜ੍ਹਦੀ ਕਲਾ, ਵਿਦਿਆਰਥੀ ਜੀਵਨ ਦੀ ਸਫਲਤਾ ਲਈ ਕਿਤਨਾ ਮਹੱਤਵ ਤੇ ਯੋਗਦਾਨ ਹੈ?

ਆਓ ਅੱਜ ਅਸੀ ਇਸ ਬਾਰੇ ਵਿਚਾਰ ਕਰੀਏ ਤੇ ਫਿਰ ਆਪਣੇ ਵਿਦਿਆਰਥੀ ਜੀਵਨ ਵਿੱਚ ਇਸ ਤੋਂ ਸੇਧ ਲੈ ਕੇ ਲਾਹੇਵੰਦ ਹੋਈਏ। ਸ਼ਬਦੀ ਅਰਥ ਇਸ ਸਲੋਕ ਦੇ ਸਿੱਧੇ ਸਾਦੇ ਹਨ- ਕਿਸੇ ਇੱਕ ਵਸਤੂ ਵਿੱਚ ਕੋਈ ਹੋਰ ਵਸਤੂ ਤਾਂ ਹੀ ਸਮਾ ਸਕਦੀ ਹੈ, ਪੈ ਸਕਦੀ ਹੈ, ਜੇਕਰ ਉਹ ਪਹਿਲੀ ਵਸਤੂ ਪਾਸੇ ਕਰ ਦਿੱਤੀ ਜਾਏ ਜਾਂ ਕੱਢ ਲਈ ਜਾਏ। ਇਹ ਇੱਕ ਅਟੱਲ ਸੱਚਾਈ ਹੈ ਜੋ ਗੁਰੂ ਸਾਹਿਬ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਲਿਖ ਕੇ ਸਾਰੇ ਸੰਸਾਰ ਦੇ ਸਾਹਮਣੇ ਰੱਖੀ ਹੈ। ਪਰ ਅਸੀ ਕਈ ਵਿਦਿਆਰਥੀ ਇਸ ਤੇ ਤਰਕ ਵੀ ਕਰ ਸਕਦੇ ਹਾਂ, ਜਿਵੇਂ ਕਿਸੇ ਲੈਕਚਰ ਕਰਨ ਵਾਲੇ ਨੂੰ ਇਕ ਵਿਅਕਤੀ ਨੇ ਕਿਹਾ ਕਿ ਮੈਂ ਇਸ ਗੱਲ ਨੂੰ ਨਹੀਂ ਮੰਨਦਾ ਤੇ ਮੈਂ ਹੁਣੇ ਹੀ ਇਹ ਸਿੱਧ ਕਰ ਸਕਦਾ ਹਾਂ, ਸਿੱਧ ਕਰਕੇ ਦਿਖਾ ਦਿੰਦਾ ਹਾਂ ਕਿ ਇਹ ਗਲਤ ਬਿਆਨੀ ਹੈ। ਉਹ ਉਸੇ ਵੇਲੇ ਇਕ ਲੱਕੜੀ ਦਾ ਮੋਟਾ ਤਖਤਾ, ਇਕ ਕਿਲ ਤੇ ਇਕ ਹਥੋੜਾ ਲੈ ਕੇ ਆਇਆ। ਉਸ ਨੇ ਤਖਤੇ ਨੂੰ ਥਲੇ ਜਮੀਨ ਤੇ ਰੱਖ ਕੇ ਫਟਾਫਟ ਉਸ ਵਿਚ ਕਿਲ ਨੂੰ ਹਥੌੜੇ ਨਾਲ ਠੋਕ ਦਿੱਤਾ ਤੇ ਕਹਿਣ ਲੱਗਾ- ਦੇਖੋ! ਮੈਂ ਇਸ ਲਕੜੀ ਵਿੱਚ ਇਹ ਕਿਲ ਠੋਕ ਦਿਤੀ ਹੈ। ਲੈਕਚਰ ਕਰਨ ਵਾਲੇ ਵੀਰ ਜੀ ਮੁਸਕਰਾਏ ਤੇ ਕਹਿਣ ਲਗੇ - ਭਲੇ ਪੁਰਖਾ! ਹੁਣ ਇਹ ਕਿਲ ਹਿਲਾ ਕੇ ਲੱਕੜ ਚੋਂ ਬਾਹਰ ਕੱਢ ਦੇ। ਉਸ ਨੇ ਫਟਾਫਟ ਹਥੌੜੀ ਨਾਲ ਇਕ ਦੋ ਹਲਕੀ ਚੋਟ ਕਿਲ ਦੇ ਇਧਰ ਉਧਰ ਮਾਰ ਕੇ ਬਾਹਰ ਕਢਿਆ। ਪ੍ਰਚਾਰਕ ਵੀਰ ਨੇ ਉਸਨੂੰ ਕਿਹਾ- ਵੇਖ ਜਿੱਥੇ ਠੋਕਿਆ ਸੀ, ਉਹ ਥਾਂ ਖਾਲੀ ਪਈ ਹੈ। ਮਤਲਬ ਕਿ ਕਿਲ ਤਾਂ ਹੀ ਲੱਕੜ ਵਿੱਚ ਠੁਕ ਹੋਇਆ ਹੈ, ਜਦ ਲੱਕੜ ਉਸ ਕਿਲ ਦੀ ਥਾਂ ਤੋਂ ਪਾਸੇ ਹੋਈ ਹੈ। ਇਹ ਦੇਖ ਕੇ ਤੇ ਸੁਣ ਕੇ ਉਸ ਵਿਅਕਤੀ ਦੀਆਂ ਅੱਖਾਂ ਝੁੱਕ ਗਈਆਂ ਤੇ ਉਹ ਮੰਨ ਗਿਆ ਕਿ ਗੁਰੂ ਸਾਹਿਬ ਜੀ ਦਾ ਇਹ ਬੋਲ ਵਾਕਿਆ ਹੀ ਸਦੀਵ ਕਾਲ ਲਈ ਸੱਚ ਹੈ।

ਖੈਰ! ਅਸੀ ਗੱਲ ਕਰ ਰਹੇ ਸੀ ਕਿ ਇਸ ਸਲੋਕ ਦਾ ਸਾਡੇ ਵਿਦਿਆਰਥੀ ਜੀਵਨ ਨਾਲ ਕੀ ਸੰਬੰਧ ਹੈ? ਵਿਦਿਆਰਥੀ ਨੇ ਆਪਣੀ ਪੜ੍ਹਾਈ ਲਈ ਦਿੱਤੀ ਹੋਈ ਸਿਖਿਆ ਨੂੰ ਜਿਵੇਂ ਗੁਰਬਾਣੀ, ਪਹਾੜੇ, ਹਿਸਾਬ ਦੇ ਸਵਾਲ, ਇਤਿਹਾਸ ਦੀਆਂ ਘਟਨਾਵਾਂ, ਕਵਿਤਾ, ਲੈਕਚਰ, ਸਾਇੰਸ ਆਦਿ ਆਪਣੇ ਦਿਮਾਗ ਵਿੱਚ ਸੰਭਾਲਣੇ ਹਨ। ਸ਼ੁੱਭ ਗੁਣਾਂ ਨੂੰ ਆਪਣੇ ਅੰਦਰ ਗ੍ਰਹਿਣ ਕਰਨਾ ਹੈ। ਯਾਦ ਰੱਖੋ! ਸ਼ੁਭ ਗੁਣ ਹੀ ਗ੍ਰਹਿਣ ਕਰਨੇ ਹਨ, ਗੁਣ ਨਹੀਂ। ਤੁਸੀ ਕਹੋਗੇ ਕਿ ਗੁਣ ਤੇ ਸ਼ੁਭ ਗੁਣ ਵਿਚ ਕੀ ਫਰਕ ਹੈ, ਦੋਨੋਂ ਗੁਣ ਹੀ ਤਾਂ ਹਨ।

ਪਿਆਰੇ ਵਿਦਿਆਰਥੀਓ ! ਗੁਣ ਤੇ ਸ਼ੁਭ ਗੁਣ ਵਿਚ ਬੜਾ ਫਰਕ ਹੈ। ਕਿਸੇ ਦੀ ਜੇਬ ਕੱਟਣਾ ਵੀ ਤਾਂ ਇੱਕ ਗੁਣ ਹੀ ਹੈ, ਚੋਰੀ ਕਰਨੀ ਵੀ ਤਾਂ ਇਕ ਗੁਣ ਹੀ ਹੈ, ਝੂਠ ਬੋਲਣਾ ਵੀ ਇਕ ਗੁਣ ਹੈ, ਕਿਸੇ ਦੀ ਨਿੰਦਾ ਕਰਨਾ, ਕਿਸੇ ਨਾਲ ਈਰਖਾ ਕਰਨੀ, ਕਿਸੇ ਨੂੰ ਗਾਲਾਂ ਕੱਢਣੀਆਂ, ਇਮਤਿਹਾਨ ਵਿਚ ਨਕਲ ਕਰਨੀ ਵੀ ਤਾਂ ਇਕ ਗੁਣ ਹੀ ਹੈ। ਹੈ ਨਾ ! ਤਾਂ ਕੀ ਅਸੀ ਇਨ੍ਹਾਂ ਗੁਣਾਂ ਨੂੰ ਆਪਣੇ ਦਿਮਾਗ ਅੰਦਰ ਥਾਂ ਦੇਣ ਲਈ ਤਿਆਰ ਹਾਂ ? ਨਹੀਂ ਨਾ! ਕਦੇ ਵੀ ਨਹੀਂ। ਸੋ ਅਸਾਂ ਆਪਣੇ ਅੰਦਰ ਸ਼ੁਭ ਗੁਣ ਹੀ ਭਰਨੇ ਹਨ, ਆਪਣੇ ਦਿਮਾਗ ਵਿੱਚ ਸ਼ੁੱਭ ਗੁਣਾਂ ਨੂੰ ਹੀ ਗ੍ਰਹਿਣ ਕਰਨ ਲਈ ਪ੍ਰੇਰਣਾ ਹੈ।

ਆਓ! ਗੁਰੂ ਸਾਹਿਬ ਜੀ ਤੋਂ ਪੁਛੀਏ ਕਿ- ਹੇ ਸਤਿਗੁਰੂ ਜੀ ਅਸੀ ਉਸ ਅਕਾਲ ਪੁਰਖ ਪਰਮ ਪਿਤਾ ਪਰਮੇਸ਼ਵਰ ਜੀ ਨਾਲ ਗੱਲ ਕਰਨਾ ਚਾਹੁੰਦੇ ਹਾਂ। ਕਿਰਪਾ ਕਰਕੇ ਦਸੋ ਕਿ ਪਰਮਾਤਮਾ ਦੀ ਬੋਲੀ ਕਿਹੜੀ ਹੈ ? ਜਿਸ ਵਿਚ ਅਸੀ ਉਸ ਨਾਲ ਗੱਲ ਕਰ ਸਕੀਏ। ਪੰਜਾਬੀ, ਹਿੰਦੀ, ਅੰਗ੍ਰੇਜ਼ੀ, ਫ਼ਾਰਸੀ, ਅਰਬੀ, ਫਰੈਂਚ ਜਾਂ ਮਾਰਵਾੜੀ ? ਅਸੀ ਰੋਜ ਜਪੁਜੀ ਸਾਹਿਬ ਵਿੱਚ ਗੁਰੂ ਸਾਹਿਬ ਵਲੋਂ ਦੱਸੇ ਇਸ ਪ੍ਰਸ਼ਨ ਦੇ ਉੱਤਰ ਨੂੰ ਪੜ੍ਹਦੇ ਹਾਂ, ਪਰ ਕਦੇ ਧਿਆਨ ਨਹੀਂ ਦਿੱਤਾ। ਹਾਂ, ਧਿਆਨ ਤੋਂ ਗੱਲ ਯਾਦ ਆਈ ਕਿ ਵਿਦਿਆਰਥੀ ਧਿਆਨ ਤੋਂ ਬਿਨਾਂ ਤਾਂ ਪੜ੍ਹਾਈ ਕਰ ਹੀ ਨਹੀਂ ਸਕਦਾ। ਜੇਕਰ ਅਸੀ ਆਪਣੇ ਟੀਚਰ, ਆਪਣੇ ਪ੍ਰੋਫੈਸਰ ਵੱਲ ਜਦੋਂ ਉਹ ਪੜਾ ਰਹੇ ਹੋਣ, ਧਿਆਨ ਨਹੀਂ ਦੇਵਾਂਗੇ ਤਾਂ ਕੁਝ ਵੀ ਸਮਝ ਨਹੀਂ ਸਕਾਂਗੇ ਕਿ ਉਨ੍ਹਾਂ ਨੇ ਕੀ ਪੜਾਇਆ ਹੈ। ਕਈ ਵਾਰੀ ਤੁਸੀ ਦੇਖਿਆ ਹੋਵੇਗਾ ਕਿ ਦੋ ਬੱਚੇ ਆਪਸ ਵਿੱਚ ਗਲਬਾਤ ਕਰ ਰਹੇ ਹੁੰਦੇ ਹਨ। ਥੋੜੀ ਦੇਰ ਬਾਦ ਇਕ ਬੱਚਾ ਦੂਸਰੇ ਨੂੰ ਪੁਛਦਾ ਹੈ - ਤੁਸੀ ਸਮਝ ਗਏ ਨਾ ਕਿ ਮੈਂ ਕੀ ਕਿਹਾ ? ਉਹ ਕਹਿੰਦਾ- ਨਹੀਂ ਮੈ ਤਾਂ ਸੁਣਿਆ ਹੀ ਨਹੀਂ। ਪਹਿਲਾ ਪੁਛਦੈ- ਤੁਸੀਂ ਮੇਰੇ ਕੋਲ ਖੜੇ ਹੋ, ਫਿਰ ਵੀ ਨਹੀ ਸੁਣਿਆ। ਉਹ ਕਹਿੰਦਾ- ਯਾਰ ਖੜ੍ਹਾ ਤਾਂ ਮੈਂ ਤੇਰੇ ਕੋਲ ਹੀ ਸੀ, ਪਰ ਮੇਰਾ ਧਿਆਨ ਕਿਧਰ ਹੋਰ ਹੀ ਸੀ। ਸੋ ਦੇਖੋ! ਸੁਣਨਾ ਕੰਨ ਨੇ ਨਹੀਂ, ਧਿਆਨ ਨੇ ਹੈ।

ਆਪ ਜੀ ਨੇ ਉਹ ਸਾਖੀ ਤਾਂ ਸੁਣੀ ਹੀ ਹੋਵੇਗੀ। ਸੁਲਤਾਨਪੁਰ ਲੋਧੀ ਵਿੱਚ ਜਦੋਂ ਗੁਰੂ ਨਾਨਕ ਪਾਤਸ਼ਾਹ ਜੀ ਤਿੰਨ ਦਿਨ ਬਾਦ ਵੇਈ ਨਦੀ 'ਚੋਂ ਬਾਹਰ ਆਏ ਤੇ ਸਿੱਧਾ ਸ਼ਮਸ਼ਾਨ ਭੂਮੀ ਵੱਲ ਚਲੇ ਗਏ। ਸਾਰੀ ਭੀੜ ਵੀ ਉਨ੍ਹਾਂ ਦੇ ਪਿਛੇ ਪਿਛੇ ਉਥੇ ਪਹੁੰਚ ਗਈ। ਉਥੇ ਗੁਰੂ ਜੀ ਨੇ 'ਨਾ ਕੋਈ ਹਿੰਦੂ, ਨ ਮੁਸਲਮਾਨ' ਦਾ ਨਾਅਰਾ ਦਿਤਾ। ਇਹ ਸੁਣ ਕੇ ਮੌਲਵੀ ਸਾਹਿਬ ਕਹਿਣ ਲਗੇ ਕਿ ਜੇਕਰ ਤੁਸੀ ਕਹਿੰਦੇ ਹੋ ਕਿ ਨਾ ਕੋਈ ਹਿੰਦੂ ਹੈ ਨਾ ਮੁਸਲਮਾਨ ਹੈ ਤਾਂ ਸਾਡੇ ਨਾਲ ਚਲ ਕੇ ਮਸਜਿਦ ਵਿਚ ਨਮਾਜ ਪੜ੍ਹੋ। ਗੁਰੂ ਜੀ ਤਿਆਰ ਹੋ ਗਏ। ਹੁਣ ਮੌਲਵੀ ਸਾਹਿਬ, ਨਵਾਬ ਤੇ ਹੋਰ ਸਾਰੀ ਭੀੜ ਵੀ ਨਾਲ ਨਾਲ ਮਸਜਿਦ ਵੱਲ ਚੱਲ ਪਈ। ਉਥੇ ਸਾਰੇ ਨਮਾਜ ਪੜ੍ਹਨ ਲੱਗ ਪਏ ਪਰ ਗੁਰੂ ਜੀ ਚੁਪ ਚਾਪ ਖੜ੍ਹੇ ਮੁਸਕਰਾਂਦੇ ਰਹੇ। ਨਮਾਜ ਖਤਮ ਹੋਣ ਤੇ ਕਾਜੀ ਨੇ ਕਿਹਾ ਕਿ ਗੁਰੂ ਜੀ ! ਤੁਸੀਂ ਤਾਂ ਨਮਾਜ ਪੜ੍ਹੀ ਹੀ ਨਹੀਂ। ਗੁਰੂ ਜੀ ਕਹਿੰਦੇ - ਮੈਂ ਨਮਾਜ ਕਿਸ ਨਾਲ ਪੜਦਾ? ਤੁਹਾਡਾ ਧਿਆਨ ਤਾਂ ਘਰ ਵਿਚ ਨਵੀਂ ਜੰਮੀ ਵਛੇਰੀ ਵੱਲ ਸੀ ਕਿ ਉਹ ਘਰ ਅੰਦਰ ਬਣੇ ਖੂਹ ਵਿੱਚ ਨਾ ਡਿੱਗ ਪਏ ਤਾਂ ਨਵਾਬ ਸਾਹਿਬ ਬੋਲੇ- "ਤੁਸੀਂ ਮੇਰੇ ਨਾਲ ਨਮਾਜ ਪੜ੍ਹ ਲੈਂਦੇ" ਤਾਂ ਗੁਰੂ ਜੀ ਨੇ ਆਖਿਆ ਕਿ "ਤੁਸੀ ਤਾਂ ਕਾਬਲ ਵਿਚ ਘੋੜੇ ਖਰੀਦਦੇ ਪਏ ਸੀ।" ਸੋ ਧਿਆਨ ਬੜਾ ਜਰੂਰੀ ਹੈ। ਜੋ ਗੱਲ ਲੈਕਚਰ, ਪਾਠ ਦੌਰਾਨ ਤੁਹਾਡੇ ਟੀਚਰ ਸਾਹਿਬਾਨ ਦੱਸ ਰਹੇ ਹੋਣ, ਤੁਸੀ ਧਿਆਨ ਨਾਲ ਸੁਣੋਗੇ ਤਾਂ ਉਹ ਕੰਨਾਂ ਰਾਹੀਂ ਸਿੱਧਾ ਤੁਹਾਡੇ ਦਿਮਾਗ ਵਿੱਚ ਜਾਵੇਗਾ। ਸੋ ਜਦੋਂ ਵੀ ਤੁਸੀ ਕੋਈ ਸਬਕ, ਕੋਈ ਸ਼ਬਦ ਯਾਦ ਕਰਨਾ ਹੋਵੇ, ਬੋਲ ਬੋਲ ਕੇ, ਮੂੰਹ ਨਾਲ ਬੋਲੋ ਤੇ ਕੰਨਾਂ ਨਾਲ ਸੁਣੋ। ਇਸ ਤਰ੍ਹਾਂ ਤੁਸੀਂ ਆਪਣੇ ਪਾਠ, ਸਬਕ ਨੂੰ ਬੜੀ ਆਸਾਨੀ ਨਾਲ ਯਾਦ ਕਰ ਲਵੋਗੇ।

ਅਸੀਂ ਵੀ ਜਦੋਂ ਗੁਰੂ ਕੁਲ ਵਿੱਚ ਪੜ੍ਹਦੇ ਸੀ 8ਵੀਂ 9ਵੀਂ 10ਵੀ ਤਾਂ

ਅਸੀਂ ਵੀ ਬੋਲ ਬੋਲ ਕੇ, ਲਿਖ ਲਿਖ ਕੇ ਯਾਦ ਕਰਦੇ ਸੀ। ਹਾਂ, ਸੱਚੀ ਅਸੀਂ ਗੱਲ ਕਰ ਰਹੇ ਸੀ ਕਿ ਹੇ ਗੁਰੂ ਜੀ! ਸਾਨੂੰ ਦੱਸੋ ਕਿ ਅਸੀਂ ਉਸ ਅਕਾਲ ਪੁਰਖ ਨਾਲ ਕਿਹੜੀ ਬੋਲੀ ਵਿੱਚ ਗੱਲ ਕਰੀਏ। ਗੁਰੂ ਜੀ ਉਤਰ ਦਿੰਦੇ ਹਨ- **ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥ (2)** ਗੁਰੂ ਜੀ ਫੁਰਮਾਉਂਦੇ ਹਨ ਕਿ ਉਸ ਸੱਚੇ, ਸਦਾ ਥਿਰ ਰਹਿਣ ਵਾਲੇ ਪਰਮਾਤਮਾ, ਜਿਸ ਦਾ ਨਿਯਮ ਵੀ ਸਦਾ ਅਟਲ ਹੈ, ਉਸਦੀ ਬੋਲੀ ਪ੍ਰੇਮ ਹੈ, ਪ੍ਰੇਮ ਵੀ ਅਪਾਰ, ਅਥਾਹ, Infinite, ਪ੍ਰੇਮ, ਪਿਆਰ ਹੈ। ਉਸ ਅਕਾਲ ਪੁਰਖ ਦੀ ਬੋਲੀ, ਜਿਸ ਰਾਹੀਂ ਉਸ ਨਾਲ ਗੱਲ ਕੀਤੀ ਜਾ ਸਕਦੀ ਹੈ। ਕੀ ਸਾਡੀ ਬੋਲੀ ਵਿਚ ਪਿਆਰ ਹੈ ? ਕੀ ਅਸੀਂ ਇਕ ਦੂਜੇ ਨਾਲ ਗੱਲ ਕਰਨ ਵੇਲੇ ਪਿਆਰ ਨਾਲ ਬੋਲਦੇ ਹਾਂ ? ਅਸੀਂ ਤਾਂ ਕਈ ਵਾਰੀ ਇਕ ਦੂਜੇ ਨੂੰ ਇੰਝ ਬੋਲਦੇ ਹਾਂ ਜਿਵੇਂ ਖਾਣ ਨੂੰ ਪੈਂਦੇ ਹੋਈਏ। ਸੋਚਣਾ?

ਫਿਰ ਇੱਕ ਹੋਰ ਵਿਦਿਆਰਥੀ ਸੁਆਲ ਕਰਦਾ ਹੈ- ਹੇ ਗੁਰੂ ਗ੍ਰੰਥ ਸਾਹਿਬ ਜੀ ! ਮੇਰਾ ਜੀਅ ਕਰਦਾ ਹੈ ਕਿ ਮੈਂ ਉਸ ਅਕਾਲ ਪੁਰਖ ਨੂੰ ਮਿਲਾਂ। ਉਸ ਨਾਲ ਸਾਂਝ ਪਾਵਾਂ ਤਾਂ ਕਿ ਜਦੋਂ ਵੀ ਮੇਰਾ ਕੋਈ ਕੰਮ ਅਟਕੇ, ਮੈਂ ਉਸ ਨੂੰ ਮਿਲ ਕੇ ਆਪਣਾ ਕੰਮ ਕਢਵਾਉਣ ਦਾ ਉਪਰਾਲਾ ਕਰਾਂ। ਪਰ ਉਸ ਨੂੰ ਮਿਲਣ ਲਈ ਜਾਣ ਵੇਲੇ ਉਸ ਲਈ ਕੀ ਭੇਟ ਲੈ ਕੇ ਜਾਵਾਂ। ਕੀ ਗਿਫਟ ਲਵਾਂ ਜੋ ਉਸ ਨੂੰ ਪਸੰਦ ਹੋਵੇ। ਜਿਵੇਂ ਕੋਈ ਵਿਅਕਤੀ ਜਾਂ ਕਿਸੇ ਅਫਸਰ ਨੂੰ, ਮੰਤਰੀ ਨੂੰ, ਕੌਂਸਲਰ ਨੂੰ ਮਿਲਣ ਜਾਂਦਾ ਹੈ ਤਾਂ ਕੋਈ ਨਾ ਕੋਈ ਤੋਹਫਾ ਲੈ ਕੇ ਜਾਂਦਾ ਹੈ। ਵੈਸੇ ਵੀ ਲੋਕ ਦੀਵਾਲੀ, ਦੁਸਹਿਰਾ, ਹੋਲੀ, ਲੋਹੜੀ ਆਦਿ ਤੇ ਇਨ੍ਹਾਂ ਲਈ ਕਿਸੇ ਨਾ ਕਿਸੇ ਤੋਹਫੇ ਦਾ ਡੱਬਾ ਜ਼ਰੂਰ ਲੈ ਕੇ ਜਾਂਦੇ ਹਨ ਤੇ ਪੇਸ਼ ਕਰਦੇ ਹਨ। ਸੋ ਹੇ ਗੁਰੂ ਜੀ! ਮੈਨੂੰ ਦੱਸ ਕਿ ਮੈਂ ਕਿਹੜੀ ਭੇਟਾ ਲੈ ਕੇ ਜਾਵਾਂ ਤੇ ਅਕਾਲ ਪੁਰਖ ਦੇ ਅੱਗੇ ਰੱਖਾਂ? ਇਸ ਦਾ ਜਵਾਬ ਗੁਰੂ ਜੀ ਦਿੰਦੇ ਹਨ-

ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥
ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥ (2)


ਜਵਾਬ ਹੈ - **ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥ (2)**

ਗੁਰੂ ਜੀ ਜਵਾਬ ਦੇਂਦੇ ਹਨ- ਐ ਵਿਦਿਆਰਥੀਓ! ਸੁਣੋ ਨੰਬਰ ਇਕ- ਅੰਮ੍ਰਿਤ ਵੇਲੇ ਦੀ ਸੰਭਾਲ ਕਰਨੀ ਹੈ। ਪਾਤਸ਼ਾਹ ਪਹਿਲੇ ਨੰਬਰ ਤੇ ਅੰਮ੍ਰਿਤ ਵੇਲੇ ਦੀ ਸੰਭਾਲ ਨੂੰ ਰੱਖ ਰਹੇ ਹਨ। ਕਿਉਂ ? ਕਿਉਂਕਿ ਅੰਮ੍ਰਿਤ ਵੇਲਾ ਪੂਰਨ ਖਿੜਾਉ ਦਾ ਸਮਾਂ ਹੁੰਦਾ ਹੈ। ਸਰੀਰ ਥਕਾਵਟ ਤੋਂ ਰਹਿਤ ਦਿਮਾਗ ਤਰੋਤਾਜਾ, ਐਸੇ ਸਮੇਂ ਤੁਸੀ ਜੋ ਵੀ ਯਾਦ ਕਰਨਾ ਚਾਹੋ, ਜੋ ਵੀ ਤੁਹਾਡੀ ਕਿਸੇ subject ਦੀ ਉਲਝਨ ਹੋਵੇ, ਉਹ ਦਿਮਾਗ ਬੜੀ ਆਸਾਨੀ ਨਾਲ ਸੁਲਝਾ ਸਕਦਾ ਹੈ। ਇਹ ਗੁਰੂ ਸਾਹਿਬ ਦੀ ਤੁਹਾਡੇ ਤੇ ਇੱਕ ਬੜੀ ਵੱਡੀ ਬਖਸ਼ਿਸ਼ ਹੈ ਕਿ ਤੁਹਾਨੂੰ ਦਿਨ ਰਾਤ ਦੇ 24 ਘੰਟਿਆਂ ਨੂੰ ਉਨ੍ਹਾਂ ਨੇ 28 ਘੰਟੇ ਦਾ ਬਣਾ ਦਿੱਤਾ ਹੈ। ਤੁਸੀ ਪੁਛੋਗੇ ਉਹ ਕਿਵੇਂ ? ਲੋਕੀ ਆਮ ਤੌਰ ਤੇ ਸਵੇਰੇ 8 ਵਜੇ ਜਾਂ ਉਸ ਤੋਂ ਵੀ ਬਾਅਦ ਉਠਦੇ ਹਨ ਤੇ ਤੁਸੀਂ ਅੰਮ੍ਰਿਤ ਵੇਲਾ ਸੰਭਾਲਿਆ ਤੇ 4 ਵਜੇ ਉੱਠ ਗਏ। ਇਸ ਤਰਾਂ ਆਪਣੇ ਕੰਮ ਕਾਰ, ਰੁਝੇਵਿਆਂ, ਪੜਾਈ ਆਦਿ ਲਈ ਤੁਹਾਨੂੰ 4 ਘੰਟੇ ਜਿਆਦਾ ਮਿਲ ਗਏ। ਸਾਨੂੰ ਵੀ ਗੁਰੂ ਕੁਲ ਵਿੱਚ ਪੜ੍ਹਦੇ ਸਮੇਂ ਸਵੇਰੇ 4 ਵਜੇ ਉਠਾਂਦੇ ਸੀ।

ਫਿਰ ਅੰਮ੍ਰਿਤ ਵੇਲੇ ਦਾ ਇਸ਼ਨਾਨ, ਜਿਸ ਨਾਲ ਤੁਹਾਡਾ ਸਰੀਰ ਬਿਲਕੁਲ ਸਾਫ ਸੁਥਰਾ ਹੋ ਗਿਆ, ਆਲਸ ਪਾਸੇ ਹੋ ਗਿਆ ਤੇ ਫੁਰਤੀ, ਚੁਸਤੀ ਤੇ ਤੰਦਰੁਸਤੀ ਨੇ ਉਸਦੀ ਦੀ ਥਾਂ ਮੱਲ ਲਈ। **ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ ॥** ਤੰਦਰੁਸਤ ਸਰੀਰ ਵਿਦਿਆਰਥੀ ਲਈ ਬਹੁਤ ਜਰੂਰੀ ਹੈ। ਗੁਰੂ ਨਾਨਕ ਪਾਤਸ਼ਾਹ ਜੀ ਦੀ ਬਚਪਨ ਵਿੱਚ ਬੜੀ ਲਿਸ਼ਕਵੀ ਸਿਹਤ ਸੀ। ਉਹ ਕਦੇ ਬੀਮਾਰ ਨਹੀਂ ਸਨ ਹੋਏ। ਉਨ੍ਹਾਂ ਨੇ ਤੀਹ ਸਾਲ ਪੈਦਲ ਸਫਰ ਕੀਤਾ। ਬੇਆਰਾਮੀ ਵੀ ਆਪਣੇ ਪਿੰਡੇ ਤੇ ਹੰਡਾਈ ਤੇ ਇਹ ਸਭ ਚੰਗੀ ਸਿਹਤ ਤੇ ਤਗੜੇ ਸਰੀਰ ਕਰਕੇ ਹੀ ਸੰਭਵ ਹੋ ਸਕਿਆ। ਗੁਰੂ ਸਾਹਿਬ ਚੰਗੀ ਸਿਹਤ ਕਰਕੇ ਹੀ ਆਪਣੇ ਜੀਵਨ ਮਨੋਰਥ ਦੀ ਪ੍ਰਾਪਤੀ ਕਰ ਸਕੇ। ਸੋ ਪਿਆਰੇ ਵਿਦਿਆਰਥੀਓ ! ਇਸ ਸਰੀਰ ਦੀ ਬੜੀ ਮਹੱਤਤਾ ਹੈ ਤੇ ਇਸ ਨੂੰ ਬੜਾ ਸੰਭਾਲ ਕੇ ਰੱਖਣਾ ਹੈ।

ਗੱਲ ਚਲ ਰਹੀ ਸੀ ਕਿ ਅਕਾਲ ਪੁਰਖ ਅੱਗੇ ਕੀ ਭੇਟਾ ਰਖੀਐ। ਪਹਿਲੇ ਨੰਬਰ ਤੇ ਗੁਰੂ ਸਾਹਿਬ ਨੇ ਦਸਿਆ ਕਿ ਅੰਮ੍ਰਿਤ ਵੇਲੇ ਦੀ ਸੰਭਾਲ ਕਰਨੀ ਹੈ। ਫਿਰ ਸਚੁ ਨਾਉ- ਉਸ ਸੱਚੇ ਮਾਲਕ ਦਾ ਨਾਮ ਸਿਮਰੀਏ। ਨਾਮ ਸਿਮਰੀਏ ਕੀ ਹੈ? ਨਾਮ ਸਿਮਰੀਏ ਹੈ ਉਸ ਦੇ ਗੁਣਾਂ ਨਾਲ ਸਾਂਝ ਪਾਉਣੀ। ਆਪਣੇ ਅੰਦਰੋਂ ਔਗੁਣਾਂ ਨੂੰ ਪਾਸੇ ਕਰੀਏ ਤਾਂ ਕਿ ਸਦ ਗੁਣ ਉਸਦੀ ਜਗ੍ਹਾਂ ਸਾਡੇ ਜੀਵਨ ਵਿੱਚ ਆ ਜਾਣ। ਜੇ ਕਿਸੇ ਨਾਲ ਸਾਡੀ ਨਾਰਾਜਗੀ ਹੈ ਤਾਂ ਉਸ ਨਾਲ ਪਿਆਰ ਦਾ ਵਰਤਾਵ ਕਰੀਏ। ਜੇ ਕਿਸੇ ਨੂੰ ਸਾਡੇ ਪ੍ਰਤੀ ਕੋਈ ਸ਼ਿਕਾਇਤ ਹੈ ਤਾਂ ਉਸ ਨੂੰ ਦੂਰ ਕਰੀਏ। ਜੇ ਕਿਸੇ Subject ਵਿੱਚ ਕਮਜੋਰ ਹਾਂ ਤਾਂ ਮਿਹਨਤ ਕਰਕੇ ਆਪਣੀ ਕਮਜੋਰੀ ਦੂਰ ਕਰਕੇ ਉਸ Subject ਵਿਚ ਚੰਗੀ ਮੁਹਾਰਤ ਹਾਸਲ ਕਰੀਏ। ਜੇਕਰ ਕੋਈ ਸ਼ਬਦ ਕਵਿਤਾ, Lesson ਯਾਦ ਨਹੀਂ ਆ ਰਿਹਾ ਤਾਂ ਉਸ ਨੂੰ ਬੋਲ ਬੋਲ ਕੇ, ਲਿਖ ਲਿਖ ਕੇ ਯਾਦ ਕਰਨ ਦਾ ਤਰੀਕਾ ਬੜਾ ਪੁਰਾਣਾ ਤੇ ਕਾਰਗਰ ਹੈ। ਅਸੀ ਵੀ ਬਚਪਨ ਵਿੱਚ ਇਸੇ ਤਰ੍ਹਾਂ ਹੀ ਯਾਦ ਕਰਦੇ ਸੀ। ਪਹਾੜੇ ਇਕ ਵਿਦਿਆਰਥੀ ਪਹਿਲੇ ਬੋਲਦਾ ਸੀ ਤੇ ਬਾਕੀ ਵਿਦਿਆਰਥੀ ਉਸ ਦੇ ਪਿਛੇ ਪਿਛੇ ਬੋਲਦੇ ਸੀ। ਤਖਤੀ ਤੇ ਦੋ ਵਾਰੀ ਲਿਖਦੇ ਸੀ। ਦਸਵੀਂ ਵਿਚ ਵੀ ਅਸੀਂ ਬਾਹਰ ਖੇਤਾਂ ਵਿੱਚ, ਬਾਗਾਂ ਵਿੱਚ ਜਾ ਕੇ stories, ਕਵਿਤਾਵਾਂ, essays ਵਗੈਰਾ ਬੋਲ ਬੋਲ ਕੇ ਹੀ ਯਾਦ ਕਰਦੇ ਸੀ ਤੇ ਇਕ ਦੂਜੇ ਕੋਲੋਂ ਸੁਣਦੇ ਤੇ ਸੁਣਾਉਂਦੇ ਸੀ।

ਅੱਗੇ ਹੈ ਨਾਮ ਸਿਮਰੀਏ ਤੇ ਉਸ ਦੀ ਵਡਿਆਈ ਦੀ ਵੀਚਾਰ ਕਰੀਏ। ਵਡਿਆਈਆਂ ਦੀ ਵੀਚਾਰ ਕੀ ਹੈ? ਉਸ ਦੀ ਵਡਿਆਈ ਹੈ ਕਿ ਉਹ ਦਿਆਲੂ ਹੈ। ਉਹ ਤੇ ਦਿਆਲੂ ਹੈ ਹੀ, ਪਰ ਕੀ ਸਾਡੇ ਅੰਦਰ ਵੀ ਕਿਸੇ ਦੇ ਪ੍ਰਤੀ ਦਇਆ ਹੈ ? ਕੀ ਸਾਡਾ ਕੋਈ ਜਮਾਤੀ ਕਿਸੇ Subject ਵਿੱਚ ਕਮਜ਼ੋਰ ਹੈ ਤਾਂ ਕਿ ਅਸੀ ਉਸ ਦੀ ਮਦਦ ਕਰਕੇ ਉਸ ਦੀ ਕਮਜ਼ੋਰੀ ਦੂਰ ਕਰਦੇ ਹਾਂ? ਅਕਾਲ ਪੁਰਖ ਦਾਤਾ ਹੈ। ਕੀ ਅਸੀ ਆਪਣੇ ਕਿਸੇ ਸਹਿਪਾਠੀ ਨੂੰ ਜਿਸ ਕੋਲ ਕੋਈ ਚੀਜ਼ ਨਹੀਂ ਹੈ ਕਾਪੀ, ਕਿਤਾਬ, ਪੈਨ ਵਗੈਰਾ ਤੇ ਸਾਡੇ ਕੋਲ ਬਹੁਤ ਮਾਤਰਾ ਵਿਚ ਹੈ, ਤਾਂ ਕੀ ਅਸੀਂ ਉਸ ਨਾਲ ਉਹ ਚੀਜ Share ਕਰਕੇ ਉਸ ਨੂੰ ਖੁਸ਼ੀ ਨਹੀਂ ਦੇ ਸਕਦੇ? ਇਸ ਤਰਾਂ ਜੋ ਵੀ ਗੁਣ, ਵਡਿਆਈਆਂ ਉਸ ਅਕਾਲ ਪੁਰਖ ਦੀਆਂ ਹਨ, ਉਹ ਆਪਣੇ ਜੀਵਨ ਵਿੱਚ Practically ਲਿਆ ਕੇ ਦੂਜਿਆਂ ਦਾ ਤੇ ਨਾਲ ਆਪਣਾ ਵੀ ਭਲਾ ਕਰ ਸਕਦੇ ਹਾਂ। ਅਕਾਲ ਪੁਰਖ ਨੂੰ ਸਰਬ ਕਲਾ ਸਮਰਥ ਕਹਿੰਦੇ ਹਾਂ। ਅਸੀ ਵੀ ਉਸ ਦੀ ਅੰਸ਼ ਹਾਂ। ਸੋ ਸਾਡੇ ਅੰਦਰ ਵੀ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ- ਮੁਸ਼ਕਲ ਕੰਮ ਤਾਂ ਅਸੀਂ ਹੁਣੇ ਹੀ ਕਰ ਸਕਦੇ ਹਾਂ ਅਤੇ ਅਸੰਭਵ ਕੰਮ ਅਗਲੀ ਸਵੇਰ ਤੱਕ ਕਰਨ ਦੀ ਸਮਰਥਾ ਰਖਦੇ ਹਾਂ। ਇਸ ਤਰ੍ਹਾਂ ਨਾਂਹ ਪਖੀ ਵਿਚਾਰਾਂ ਨੂੰ ਪਾਸੇ ਕਰੀਏ ਤੇ ਹਾਂ ਪਖੀ ਵਿਚਾਰ ਆਪਣੇ ਦਿਮਾਗ ਵਿਚ ਭਰੀਏ। ਤਾਂ ਕਿ ਕੋਈ ਵੀ ਮੁਸ਼ਕਲ ਸਾਡੇ ਸਾਹਮਣੇ ਆਏ ਤਾਂ ਅਸੀ ਉਸ ਦਾ ਮੁਕਾਬਲਾ ਡੱਟ ਕੇ ਕਰਨ ਲਈ ਤਿਆਰ ਬਰ ਤਿਆਰ ਹੋਈਏ ਤੇ ਕਿਸੇ ਭੀ ਮੁਸ਼ਕਲ ਨੂੰ ਆਪਣੇ ਉਤੇ ਹਾਵੀ ਨਾ ਹੋਣ ਦੇਈਏ। ਯਾਦ ਰੱਖੋ ਜਿੰਦਗੀ ਵਿੱਚ ਪਾਜ਼ੀਟਿਵ ਐਟੀਚਯੂਡ, ਹਾਂ ਪੱਖੀ ਵਿਚਾਰ ਬੜਾ ਮਹੱਤਵ ਰੱਖਦਾ ਹੈ ਕਦੇ ਵੀ ਕਿਸੇ ਕੰਮ ਨੂੰ ਨਾਂਹ ਨਾ ਕਰੋ। ਕੋਈ ਵੀ ਮੁਸ਼ਕਲ ਇਤਨੀ ਮੁਸ਼ਕਲ ਨਹੀਂ ਹੁੰਦੀ, ਜਿਸ ਦਾ ਹੱਲ ਨਾ ਨਿਕਲ ਸਕੇ। ਇੱਕ ਵਾਰੀ ਦੋ ਬੋਰੀਆਂ ਲਿਟਰੇਚਰ ਦੀਆਂ UP ਬਹਿਰਾਈ 'ਚ ਭੇਜਣੀਆਂ ਸਨ। Transport ਵਾਲੇ ਕੋਲ ਲੈ ਜਾਣ ਸਮੇਂ ਵੇਖਿਆ ਕਿ ਇੱਕ ਬੋਰੀ ਥਲਿਉਂ ਬੜੀ ਪਾਟੀ ਹੋਈ ਸੀ। ਸਿਲਾਈ ਵੀ ਨਹੀਂ ਸੀ। ਸਿਲਾਈ ਵੀ ਨਹੀਂ ਹੋ ਸਕਦੀ ਸੀ ਤੇ ਭਾਰੀ ਵੀ ਬੜੀ ਸੀ। ਖਾਲੀ ਬੋਰੀਆਂ ਤਾਂ ਮੈ ਲੈ ਆਇਆ **ਬਾਕੀ ਸਾਫ 33 'ਤੇ**



ਨਵੰਬਰ 1984:

ਸਿੱਖ ਨਸਲਕੁਸ਼ੀ ਕਿਵੇਂ ਯਾਦ ਕਰੀਏ?

-ਮਲਕੀਤ ਸਿੰਘ ਭਵਾਨੀਗੜ੍ਹ #78379-54455

38 ਵਰ੍ਹੇ ਪਹਿਲਾਂ ਨਵੰਬਰ ਦੇ ਪਹਿਲੇ ਹਫਤੇ ਇੰਡੀਆ ਦੇ ਵੱਖ ਵੱਖ ਹਿੱਸਿਆਂ ਵਿੱਚ ਸਿੱਖਾਂ ਨੂੰ ਜਿਉਂਦੇ ਜੀਅ ਅਤੇ ਉਹਨਾਂ ਦੇ ਘਰਾਂ ਨੂੰ ਅੱਗਾਂ ਲਾਈਆਂ ਗਈਆਂ, ਧੀਆਂ ਭੈਣਾਂ ਦੀ ਬੇਪਤੀ ਕੀਤੀ ਗਈ, ਮਾਰ ਕੁੱਟ ਕੀਤੀ ਗਈ, ਗਲਾਂ ਚ ਟਾਇਰ ਪਾਏ ਗਏ ਅਤੇ ਇਹ ਸਭ ਕਰਦਿਆਂ ਜਸ਼ਨ ਵੀ ਮਨਾਏ ਗਏ। ਸਿੱਖਾਂ ਨੇ ਇਸ ਨੂੰ 'ਤੀਸਰੇ ਘੱਲੂਘਾਰੇ' ਵਜੋਂ ਯਾਦ ਰੱਖਿਆ ਹੋਇਆ ਹੈ ਅਤੇ ਦੁਨੀਆਂ ਦੇ ਮੁਹਾਵਰੇ ਵਿੱਚ ਦੁਨੀਆਂ ਤੱਕ ਪਹੁੰਚਾਉਣ ਲਈ ਸਿੱਖਾਂ ਵੱਲੋਂ ਇਸ ਨੂੰ 'ਸਿੱਖ ਨਸਲਕੁਸ਼ੀ' ਕਿਹਾ ਜਾਂਦਾ ਹੈ। ਇਹਨਾਂ ਵਰ੍ਹਿਆਂ ਵਿਚ ਇਹ ਗੱਲ ਸਪਸ਼ੱਟ ਹੈ ਕਿ ਇਹ ਵਰਤਾਰਾ ਭੁੱਲ ਜਾਣ ਅਤੇ ਯਾਦ ਰੱਖਣ ਦੀ ਜੰਗ ਹੈ ਤੇ ਸ਼ਾਇਦ ਹਮੇਸ਼ਾ ਹੀ ਰਹੇਗਾ। ਜਦੋਂ ਗੱਲ ਕਿਸੇ ਵਰਤਾਰੇ ਨੂੰ ਯਾਦ ਰੱਖਣ ਦੀ ਆਉਂਦੀ ਹੈ ਤਾਂ ਇਹ ਗੱਲ ਦਾ ਇਲਮ ਹੋਣਾ ਕਿ ਯਾਦ ਕਿਉਂ ਰੱਖਣਾ ਹੈ ਤੇ ਕਿਵੇਂ ਰੱਖਣਾ ਹੈ, ਬਹੁਤ ਜਿਆਦਾ ਜਰੂਰੀ ਹੁੰਦਾ ਹੈ, ਨਹੀਂ ਤਾਂ ਅਸੀਂ ਉਸ ਵਰਤਾਰੇ ਦੀ ਠੀਕ ਸਮਝ ਨਹੀਂ ਬਣਾ ਪਾਉਂਦੇ ਅਤੇ ਇਤਿਹਾਸ ਸਬੰਧੀ ਆਪਣੀ ਬਣਦੀ ਜਿੰਮੇਵਾਰੀ ਵੀ ਨਹੀਂ ਨਿਭਾ ਪਾਉਂਦੇ।

ਜਦੋਂ ਅਸੀਂ ਇਸ ਨੂੰ 'ਨਸਲਕੁਸ਼ੀ' ਕਹਿ ਕਿ ਯਾਦ ਕਰਦੇ ਹਾਂ ਤਾਂ ਇਕ ਗੱਲ ਤਾਂ ਸਪਸ਼ੱਟ ਹੋ ਜਾਂਦੀ ਹੈ ਕਿ ਇਹ ਅਚਾਨਕ ਵਰਤਿਆ ਵਰਤਾਰਾ ਨਹੀਂ ਹੈ ਸਗੋਂ ਇਹ ਗਿਣ ਮਿਥ ਕੇ ਹੋਇਆ ਕਿਉਂਕਿ ਨਸਲਕੁਸ਼ੀ ਅਕਸਰ ਹੀ ਗਿਣ ਮਿਥ ਕੇ ਕੀਤੀ ਜਾਂਦੀ ਹੈ ਜਿਸ ਵਿੱਚ ਨਸਲਕੁਸ਼ੀ ਕਰਨ ਵਾਲੇ ਅੰਦਰ ਇਹ ਗੱਲ ਮੁੱਢਲੇ ਰੂਪ ਵਿੱਚ ਪਈ ਹੁੰਦੀ ਹੈ ਕਿ ਉਹ ਅਤੇ ਦੂਸਰੀ ਧਿਰ (ਜਿਸਦੀ ਨਸਲਕੁਸ਼ੀ ਕਰਨੀ ਹੈ) ਵਿੱਚ ਫਰਕ ਹੈ, ਤੇ ਫਰਕ ਵੀ ਇੰਨਾ ਜਿਆਦਾ ਕਿ ਦੂਸਰੀ ਧਿਰ ਨੂੰ ਮਨੁੱਖ ਦੀ ਸ਼੍ਰੇਣੀ ਚੋਂ ਹੀ ਬਾਹਰ ਕਰ ਦੇਣਾ ਕਿ ਸਾਹਮਣੇ ਵਾਲਾ ਮਨੁੱਖ ਹੀ ਹੈ ਨਹੀਂ, ਉਹ ਵੀ ਸਿਰਫ ਆਪਣੇ ਲਈ ਨਹੀਂ ਸਗੋਂ ਯਤਨ ਕਰਨੇ ਕਿ ਹੋਰਾਂ ਨੂੰ ਵੀ ਇਹ ਗੱਲ ਜਚਾਈ ਜਾ ਸਕੇ। ਇਸੇ ਹੀ ਤਰ੍ਹਾਂ ਨਵੰਬਰ 1984 ਦੇ ਪਹਿਲੇ ਹਫਤੇ ਵਾਪਰਿਆ ਜਿਸ ਵਿੱਚ ਪੂਰਾ ਗਿਣ ਮਿਥ ਕੇ, ਪੂਰੀ ਤਿਆਰੀ ਦੇ ਨਾਲ ਸਿੱਖਾਂ ਦੀ ਨਸਲਕੁਸ਼ੀ ਕੀਤੀ ਗਈ। ਸਿੱਖਾਂ ਨੂੰ ਸਿਰਫ ਇਸ ਕਰਕੇ ਮਾਰਿਆ ਗਿਆ ਕਿ ਉਹ ਸਿੱਖ ਹਨ। ਇਹ ਅਣਮਨੁੱਖੀ ਵਰਤਾਰਾ ਰਾਤੋ ਰਾਤ ਕਿਸੇ ਗੁੱਸੇ ਕਾਰਨ ਜਾ ਸੋਗ ਕਾਰਨ ਨਹੀਂ ਸੀ ਹੋਇਆ ਸਗੋਂ ਬਕਾਇਦਾ ਵੋਟਰ ਸੂਚੀਆਂ ਅਤੇ ਹੋਰ ਇਸ ਤਰ੍ਹਾਂ ਦੇ ਸਾਧਨਾਂ ਦੀ ਵਰਤੋਂ ਨਾਲ ਸਨਾਖਤ ਕੀਤੀ ਗਈ ਕਿ ਸਿੱਖ ਕਿੱਥੇ ਕਿੱਥੇ ਰਹਿੰਦੇ ਹਨ ਅਤੇ ਕਿਹੜੇ ਘਰ ਸਿੱਖਾਂ ਦੇ ਆਪਣੇ ਹਨ ਅਤੇ ਕਿਹੜੇ ਕਿਰਾਏ ਤੇ, ਇਸੇ ਲਈ ਜਿਹੜੇ ਘਰ ਸਿੱਖਾਂ ਦੇ ਸਨ ਓਥੇ ਘਰਾਂ ਨੂੰ ਵੀ ਅੱਗ ਲਾਈ ਗਈ ਅਤੇ ਜਿਹੜੇ ਕਿਰਾਏ ਤੇ ਸਨ ਓਥੇ ਸਿੱਖਾਂ ਨੂੰ ਮਾਰਿਆ ਗਿਆ ਅਤੇ ਸਮਾਨ ਨੂੰ ਅੱਗ ਲਾਈ ਗਈ, ਓਥੇ ਘਰ ਨੂੰ ਅੱਗ ਨਹੀਂ ਲਾਈ। ਕਿਸੇ ਮਨੁੱਖ ਨੂੰ ਜਿਉਂਦੇ ਨੂੰ ਸਾੜਨਾ ਤੇ ਸਾੜਨ ਵਕਤ ਖੁਸ਼ੀ ਮਨਾਉਣੀ, ਇਹ ਕਿਵੇਂ ਸੰਭਵ ਹੁੰਦਾ ਜੇਕਰ ਸਾਹਮਣੇ ਵਾਲਾ ਵੀ ਮਨੁੱਖ ਜਾਪਦਾ, ਇਹ ਵੀ ਕੋਈ ਇਕ ਅੱਧੀ ਘਟਨਾ ਨਹੀਂ ਸੀ ਸਗੋਂ ਪੂਰੀ ਜਥੇਬੰਦਕ ਮੁਹਿੰਮ ਦੀ ਇਹੀ ਪਹੁੰਚ ਸੀ। ਅਕਸਰ ਇਹ ਕੰਮ ਕਿਸੇ ਵੱਡੀ ਘਟਨਾ ਦੀ ਆੜ ਵਿੱਚ ਹੀ ਕੀਤਾ ਜਾਂਦਾ ਹੈ, ਉਦੋਂ ਵੀ ਇੰਦਰਾ ਗਾਂਧੀ ਦੀ ਮੌਤ ਦੇ ਬਹਾਨੇ ਇਹ ਸਭ ਕੀਤਾ ਗਿਆ ਤੇ ਬਕਾਇਦਾ ਰਜੀਵ ਗਾਂਧੀ ਵੱਲੋਂ ਇਹ ਕਿਹਾ ਗਿਆ ਕਿ ਜਦੋਂ ਕੋਈ ਵੱਡਾ ਦਰਖਤ ਡਿੱਗਦਾ ਹੈ ਤਾਂ ਧਰਤੀ ਹਿਲਦੀ ਹੈ ਅਤੇ ਬਾਅਦ ਚ ਵੀ ਇਸ ਤਰ੍ਹਾਂ ਦੀ ਮਾਨਸਿਕਤਾ ਵਾਲੇ ਲੋਕਾਂ ਵੱਲੋਂ ਇਸ ਵਰਤਾਰੇ ਨੂੰ ਇੰਦਰਾ ਗਾਂਧੀ ਦੇ ਕਤਲ ਤੇ ਸਾਰੇ ਸਿੱਖਾਂ ਦੀ ਸਹਿਮਤੀ ਹੋਣ ਦੀ ਦਲੀਲ ਨਾਲ ਸਹੀ ਸਿੱਧ ਕਰਨ ਦਾ ਯਤਨ ਕੀਤਾ ਗਿਆ। ਮੁਕਰਨ ਦੇ ਹੋਰ ਸਾਰੇ ਸੰਭਵ ਯਤਨ ਕੀਤੇ ਗਏ, ਜਿਸ ਵਿੱਚ ਆਪਣੇ ਹਿਸਾਬ ਨਾਲ ਵਿਆਖਿਆ ਕਰਨੀ, ਕਤਲ ਕੀਤੇ ਵਿਅਕਤੀਆਂ ਦੀ ਗਿਣਤੀ ਸਹੀ ਨਾ ਦੱਸਣੀ, ਕਾਤਲਾਂ ਦੀ ਪਹਿਚਾਣ ਲੁਕਾਉਣੀ, ਵਰਤਾਰੇ ਨੂੰ ਆਪਣੇ ਨਾਮ ਦੇਣੇ ਜਿਵੇਂ ਦੰਗੇ, ਦਿੱਲੀ ਦੰਗੇ, ਸਿੱਖ ਵਿਰੋਧੀ ਦੰਗੇ, ਸਿੱਖ ਦੰਗੇ ਆਦਿ।

38 ਵਰ੍ਹਿਆਂ ਦੌਰਾਨ ਵੱਖ-ਵੱਖ ਸਿਆਸੀ ਪਾਰਟੀਆਂ ਇਸ ਵਰਤਾਰੇ ਨੂੰ ਆਪਣੇ ਪਿੰਡੇ ਤੇ ਹੰਢਾਉਣ ਵਾਲੇ ਸਿੱਖ ਪਰਿਵਾਰਾਂ ਨੂੰ ਪੀੜਤ ਕਹਿ ਕਹਿ ਕੇ ਇਨਸਾਫ ਦਵਾਉਣ ਦੀ ਗੱਲ ਕਰਦੀਆਂ ਰਹੀਆਂ ਹਨ ਅਤੇ ਸਿੱਖਾਂ ਵਿਚੋਂ ਵੀ ਵੱਡਾ ਹਿੱਸਾ ਆਪਣੇ ਆਪ ਨੂੰ ਪੀੜਤ ਹੋਣ ਦੀ ਨਜ਼ਰ ਨਾਲ ਹੀ ਵੇਖਣ ਲਗ ਪਿਆ ਹੈ, ਉਸ ਵਕਤ ਦੀਆਂ ਤਸਵੀਰਾਂ, ਚਲਦੀਆਂ ਮੂਰਤਾਂ ਆਦਿ ਨੂੰ ਯਾਦਗਾਰੀ ਸਮਾਗਮਾਂ ਰਾਹੀਂ ਤਰਸ ਦੀ ਭਾਵਨਾ ਚੋਂ ਵੇਖਣ ਵਖਾਉਣ ਦੀ ਲਗਾਤਾਰਤਾ ਨੇ ਸਾਨੂੰ ਕਾਤਲਾਂ/ਜਾਬਰਾਂ ਤੋਂ ਇਨਸਾਫ ਦੀ ਭੀਖ ਮੰਗਣ ਦੇ ਪੁੱਠੇ ਜਿਹੇ ਅਮਲ ਚ ਪਾ ਰੱਖਿਆ ਹੈ ਜੋ ਸਾਡੀ ਰਵਾਇਤ ਦੇ ਬਿਲਕੁਲ ਉਲਟ ਹੈ। ਛੇਵੇਂ ਪਾਤਸ਼ਾਹ ਜਦੋਂ ਬੀਬੀ ਵੀਰੋ ਦੇ ਵਿਆਹ ਦੇ ਆਹਰ ਵਿੱਚ ਸਨ, ਅਚਨਚੇਤ ਹਮਲਾ ਹੋਇਆ, ਤਾਂ ਵੀ ਸਿੱਖਾਂ ਨੇ ਗੁਰੂ ਪਾਤਸ਼ਾਹ ਦੀ ਕਮਾਨ ਹੇਠ ਪਹਿਲੀ ਜੰਗ ਪੂਰੀ ਬਹਾਦਰੀ ਨਾਲ ਲੜੀ ਪਰ ਨਵੰਬਰ 1984 'ਚ ਕੁਝ ਵਿਰਲਿਆਂ ਨੂੰ ਛੱਡ ਕੇ, ਜੇਕਰ ਬਾਕੀ ਆਪਣੀ ਰਵਾਇਤ ਦੀ ਬਾਂਹ ਨਹੀਂ ਸਨ ਫੜ ਸਕੇ ਕਿਓਂਕਿ ਹਮਲਾਵਰ ਅਚਨਚੇਤ ਚੜ੍ਹ ਕੇ ਆ ਗਿਆ ਸੀ, ਜਿਸਦਾ ਸਿੱਖਾਂ ਨੂੰ ਕੋਈ ਅੰਦਾਜਾ ਨਹੀਂ ਸੀ ਤਾਂ ਘੱਟੋ ਘੱਟ ਹੁਣ ਉਸ ਵਰਤਾਰੇ ਨੂੰ ਯਾਦ ਕਰਨ ਵਕਤ ਅਤੇ ਇਨਸਾਫ ਦੀ ਮੰਗ ਰੱਖਣ ਵਕਤ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਆਪਣੀ ਰਵਾਇਤ ਅਨੁਸਾਰ ਇਹ ਅਮਲ ਕਰੀਏ।

ਸਾਡੀ ਰਵਾਇਤ ਜ਼ੁਲਮ ਦਾ ਟਾਕਰਾ ਕਰਨ ਦੀ ਹੈ, ਗੁਰੂ ਦੇ ਭਾਣੇ, ਗੁਰੂ ਦੀ ਰਜ਼ਾ ਚ ਸ਼ੁਕਰ ਕਰਨ ਦੀ ਹੈ, ਮਨੁੱਖੀ ਹੱਕਾਂ ਦੀ ਰਾਖੀ ਕਰਨ ਦੀ ਹੈ। ਸਾਡੀ ਜਿੰਮੇਵਾਰੀ ਤਾਂ ਕੁਲ ਦੁਨੀਆਂ ਤੇ ਬਰਾਬਰਤਾ ਅਤੇ ਸਰਬੱਤ ਦੇ ਭਲੇ ਦੇ ਢਾਂਚੇ ਖੜੇ ਕਰਨ ਦੀ ਹੈ ਫਿਰ ਅਸੀਂ ਇਹ ਸਾਰੇ ਵਰਤਾਰੇ ਨੂੰ ਢਹਿੰਦੀ ਕਲਾ ਨਾਲ ਕਿਵੇਂ ਯਾਦ ਕਰ ਸਕਦੇ ਹਾਂ? ਜਿਉਂਦੀਆਂ ਕੌਮਾਂ ਹੀ ਘੱਲੂਘਾਰਿਆਂ 'ਚੋਂ ਲੰਘਦੀਆਂ ਹਨ ਤੇ ਸਾਨੂੰ ਆਪਣੀ ਬਣਦੀ ਜਿੰਮੇਵਾਰੀ ਨਿਭਾਉਣ ਲਈ ਇਤਿਹਾਸ ਦੇ ਅਜਿਹੇ ਵਰਤਾਰਿਆਂ ਨੂੰ ਸਹੀ ਥਾਂ ਖੜ ਕੇ ਵੇਖਣਾ ਅਤੇ ਸਮਝਣਾ ਪੈਣਾ ਹੈ, ਜੋ ਵਾਪਰਿਆ ਓਹਦੇ ਨਾਲ ਸਬੰਧਿਤ ਸਮੱਗਰੀ ਇਕੱਤਰ ਕਰਕੇ ਪੜਚੋਲ ਕਰਨੀ ਪੈਣੀ ਹੈ, ਜੋ ਝੂਠ ਸਿਰਜੇ ਗਏ ਉਹ ਭੰਨਣੇ ਪੈਣੇ ਹਨ, ਅਗਾਂਹ ਨੂੰ ਅਜਿਹੀਆਂ ਨਸਲਕੁਸ਼ੀਆਂ ਤੋਂ ਸੁਚੇਤ ਰਹਿਣਾ ਪੈਣਾ ਹੈ ਅਤੇ ਜੇਕਰ ਅਜਿਹਾ ਕੁਝ ਵਾਪਰਦਾ ਹੈ ਤਾਂ ਟਾਕਰਾ ਕਰਨ ਲਈ ਆਪਣੇ ਆਪ ਨੂੰ ਤਿਆਰ ਰੱਖਣਾ ਪੈਣਾ ਹੈ। -0-

ਕੀਰਤਨ ਦੀ ਕੀ ਮਰਿਯਾਦਾ ਹੈ?

-ਗੁਰਮਤਿ ਵਿਰਸਾ ਬਿਊਰੋ

ਅਸਲ ਵਿੱਚ ਕੀਰਤਨ ਦਾ ਅਰਥ ਕੀਰਤੀ ਕਰਨਾ, ਭਾਵ ਕਿ ਰੱਬ ਦੀ ਪ੍ਰਾਪਤੀ ਵਾਸਤੇ ਗੁਰਬਾਣੀ ਨੂੰ ਸਮਝਣ ਲਈ ਅਸੀਂ ਜਿਹੜਾ ਵੀ ਤਰੀਕਾ (ਗੁਰਬਾਣੀ ਨੂੰ ਪੜਨਾ, ਕਥਾ ਵਿਚਾਰ, ਸ਼ਬਦ ਵਿਚਾਰ, ਸਾਜਾਂ ਨਾਲ ਗਾਉਣਾ ਆਦਿ) ਵਰਤਦੇ ਹਾਂ ਉਸਨੂੰ ਰੱਬ ਜੀ ਦੀ ਕੀਰਤੀ ਕਰਨਾ ਕਹਿੰਦੇ ਹਨ।

ਸਿੱਖੀ ਦੀ ਵਿਚਾਰਧਾਰਾ ਸ਼ਬਦ (ਗੁਰਬਾਣੀ) ਨੂੰ ਹੀ ਆਪਣਾ ਗੁਰੂ ਮੰਨਦੀ ਹੈ ਅਤੇ ਗੁਰਬਾਣੀ ਅਨੁਸਾਰ ਚਲ ਕੇ ਹੀ ਆਪਣਾ ਜੀਵਨ ਬਤੀਤ ਕਰਦੀ ਹੈ, ਪਰ ਸਿੱਖ ਵਿਰੋਧੀ ਤਾਕਤਾਂ ਸ਼ੁਰੂ ਤੋਂ ਹੀ ਸਿੱਖੀ ਦੀ ਵਿਚਾਰਧਾਰਾ ਵਿੱਚ ਖੋਰਾ ਲਗਾਉਂਦੀਆਂ ਆ ਰਹੀਆਂ ਹਨ ਜਿਸ ਕਰਣ ਉਹ ਕਦੇ ਵੀ ਕੋਈ ਮੌਕਾ ਖੁਝਣ ਨਹੀਂ ਦੇਂਦੀਆਂ। ਉਨ੍ਹਾਂ ਨੂੰ ਜਦੋਂ ਇਹ ਪਤਾ ਲੱਗਿਆ ਕਿ ਸਿੱਖ ਗੁਰਬਾਣੀ ਨੂੰ ਹੀ ਆਪਣਾ ਗੁਰੂ ਮੰਨਦੇ ਹਨ ਤਾਂ ਵਿਰੋਧੀਆਂ ਨੇ ਗੁਰਬਾਣੀ ਵਿੱਚ ਵੀ ਮਿਲਾਵਟ ਕਰਨੀ ਸ਼ੁਰੂ ਕਰ ਦਿੱਤੀ, ਜਿਸ ਬਾਰੇ ਪਤਾ ਲੱਗਣ ਤੇ ਗੁਰੂ ਅਮਰਦਾਸ ਜੀ ਨੇ ਮਿਲਾਵਟ ਕੀਤੀ ਹੋਈ ਬਾਣੀ ਨੂੰ ਕੱਚੀ ਬਾਣੀ ਦਾ ਨਾਮ ਦਿੱਤਾ ਤੇ ਕੇਵਲ ਸੱਚੀਂ ਬਾਣੀ ਨੂੰ ਵਰਤਣ ਲਈ ਪ੍ਰੇਰਿਆ ਆਖਿਆ ਕਿ " ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ"॥(ਪੰਨਾ 920) ਗੁਰੂ ਜੀ ਨੇ ਇਹ ਵੀ ਸਮਝਾਇਆ ਕਿ ਜੋ ਲੋਕ ਕੱਚੀ ਬਾਣੀ ਪੜਦੇ, ਸੁਣਦੇ, ਸੁਣਾਉਂਦੇ ਹਨ ਉਹ ਸਾਰੇ ਜੀਵਨ ਪਖੋਂ ਕੱਚੇ ਹੀ ਰਹਿ ਜਾਂਦੇ ਹਨ। " ਕਹਦੇ ਕਚੇ ਸੁਣਦੇ ਕਚੇ ਕਂਚੀ ਆਖਿ ਵਖਾਣੀ "॥(ਪੰਨਾ 920) ਜੇ ਸੰਗਤਾਂ ਨੇ ਸਵਾਲ ਕੀਤਾ ਕਿ ਕੱਚੀ ਬਾਣੀ ਕਿਹੜੀ ਹੈ? ਤਾਂ ਸਤਿਗੁਰਾਂ ਨੇ ਸਮਝਾਇਆ ਕਿ" ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ "॥(ਪੰਨਾ 920) ਗੁਰੂ ਅਮਰਦਾਸ ਜੀ ਨੇ ਸੰਗਤਾਂ ਨੂੰ ਇਕ ਯੁਕਤੀ ਦਸੀ ਕਿ ਭਗਤਾਂ ਦੀ ਬਾਣੀ ਤੋਂ ਇਲਾਵਾ ਜਿਸ ਵੀ ਸ਼ਬਦ ਵਿੱਚ ਨਾਨਕ ਪਦ ਦੀ ਮੋਹਰ ਲੱਗੀ ਹੋਈ ਹੋਵੇ ਉਸਨੂੰ ਸੱਚੀ ਗੁਰਬਾਣੀ ਮੰਨ ਸਕਦੇ ਹੋ ਬਾਕੀ ਸਭ ਕੱਚੀ ਬਾਣੀ ਹੈ। ਵਿਰੋਧੀਆਂ ਨੂੰ ਪਤਾ ਲੱਗਣ ਤੇ ਉਨ੍ਹਾਂ ਨੇ ਕੱਚੀ ਬਾਣੀ ਵਿੱਚ ਵੀ ਨਾਨਕ ਪਦ ਦੀ ਵਰਤੋਂ ਕਰਵਾਉਣੀ ਸ਼ੁਰੂ ਕਰ ਦਿੱਤੀ ਸੀ ਜਿਵੇਂ ਕਿ " ਦੂਜਾ ਕਾਹੇ ਸਿਮਰੀਐ ਜੋ ਜੰਮਹਿ ਤੇ ਮਰ ਜਾਏ।ਏਕੋ ਸਿਮਰਹੁ ਨਾਨਕਾ ਜੋ ਜਲ ਥਲ ਰਿਹਾ ਸਮਾਏ"।ਅਤੇ "ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ"। ਆਦਿ। ਕੱਚੀ ਬਾਣੀ ਦੀ ਹੋਈ ਮਿਲਾਵਟ ਨੂੰ ਵੇਖਦਿਆਂ ਹੀ ਸੱਚੀ ਬਾਣੀ ਨੂੰ ਇਕੱਤਰ ਕਰਕੇ ਗ੍ਰੰਥ ਤਿਆਰ ਕੀਤਾ ਗਿਆ। ਅੱਜ ਵੀ ਕਈ ਸੱਜਣ ਅਨਜਾਣੇ ਵਿੱਚ ਜਾਂ ਜਾਣਬੁੱਝ ਕੇ ਕੱਚੀ ਬਾਣੀ ਦੀਆਂ ਬਾਹਰੀ ਧਾਰਨਾ ਲਗਾ ਕੇ ਸ਼ਬਦਾਂ ਨੂੰ ਗਾਉਂਦੇ ਹਨ। ਉਹਨਾਂ ਮੁਤਾਬਕ ਕੱਚੀ ਬਾਣੀ ਉਹ ਹੈ ਜੋ ਗੁਰੂ ਸਿਧਾਤਾਂ ਤੋਂ ਤੋੜਦੀ ਹੈ ਪਰ ਇਥੇ ਸੋਚਣ ਵਾਲੀ ਗੱਲ ਇਹ ਹੈ ਕਿ ਉਪਰੋਕਤ ਬਿਆਨੀਆਂ ਕੱਚੀ ਬਾਣੀ ਦੀਆਂ ਪੰਗਤੀਆਂ ਵੀ ਗੁਰੂ ਸਿਧਾਂਤਾਂ ਤੋਂ ਬਾਹਰ ਨਹੀਂ ਹਨ ਪਰ ਗੁਰਮਤਿ ਅਨੁਸਾਰ ਉਹਨਾਂ ਨੂੰ ਕੱਚੀ ਬਾਣੀ ਮੰਨਿਆ ਜਾਂਦਾ ਹੈ।

ਸਿੱਖ ਰਹਿਤ ਮਰਿਯਾਦਾ ਦੇ ਪਰਕਰਣ 'ਕੀਰਤਨ' ਵਿੱਚ ਲਿਖਿਆ ਹੈ ਕਿ "

(ੳ) ਸੰਗਤ ਵਿੱਚ ਕੀਰਤਨ ਕੇਵਲ ਸਿੱਖ ਹੀ ਕਰ ਸਕਦਾ ਹੈ।(ਕਿਉਂਕਿ ਸਿੱਖ ਕੇਵਲ ਗੁਰਬਾਣੀ ਦੀ ਸਹੀ ਵਿਚਾਰਧਾਰਾ ਨੂੰ ਹੀ ਪ੍ਰਚਾਰਦਾ ਹੈ ਜਿਸ ਲਈ ਉਹ ਸ਼ਬਦ ਦੀ 'ਰਹਾਉ' ਵਾਲੀ ਪੰਗਤੀ ਨੂੰ ਤੇ 'ਪਾਉੜੀ' ਦੀ ਅਖੀਰਲੀ ਪੰਗਤੀ ਨੂੰ 'ਸਥਾਈ' ਬਣਾ ਕੇ ਕੀਰਤਨ ਕਰਦਾ ਹੈ ਕਿਉਂਕਿ ਸਹੀ ਪੰਗਤੀਆਂ ਦੀ ਸਥਾਈ ਲਗਾਉਣ ਨਾਲ ਸਹੀ ਅਰਥ ਸਪਸ਼ਟ ਹੋ ਜਾਂਦੇ ਹਨ ਪਰ ਜੇ ਗਲਤ ਸਥਾਈ ਲਗਾ ਦਿੱਤੀ ਜਾਵੇਗੀ ਤਾਂ ਅਰਥਾਂ ਦਾ ਅਨਰਥ ਹੋ ਸਕਦਾ ਹੈ। ਕਈ ਕੀਰਤਨੀਏ ਅਗਿਆਨਤਾ ਕਾਰਨ ਜਾਂ ਜਾਣਬੁੱਝ ਕੇ ਮਨਮਰਜ਼ੀ ਦੀਆਂ ਪੰਗਤੀਆਂ ਦੀ ਸਥਾਈ ਲਗਾਉਂਦੇ ਹਨ ਤਾਂ ਅਰਥ ਵਿਗੜਦੇ ਹਨ ਜਿਵੇਂ ਕਿ "ਲਖ ਖੁਸੀਆ ਪਾਤਸਾਹੀਆ ਜੇ ਸਤਿਗੁਰੁ ਨਦਰਿ ਕਰਇ"॥ ਅਤੇ "ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲ"॥ ਇਹਨਾਂ ਦੋਨਾਂ ਸ਼ਬਦਾਂ ਦੀ ਸਥਾਈ ਜੇ ਰਹਾਉ ਵਾਲੀਆਂ ਪੰਗਤੀਆਂ ਨੂੰ ਬਣਾਇਆ ਜਾਵੇ ਤਾਂ ਇਹ ਦੋਨੋਂ ਸ਼ਬਦ ਖੁਸ਼ੀ ਦੇ ਵੀ ਅਤੇ ਗਮੀ ਦੇ ਵੀ ਸਮਾਗਮਾਂ ਵਿੱਚ ਪੜੇ ਜਾ ਸਕਦੇ ਹਨ ਪਰ ਉਪਰੋਕਤ ਪੰਗਤੀਆਂ ਦੀ ਸਥਾਈ ਨੇ ਇਹਨਾਂ ਸ਼ਬਦਾਂ ਨੂੰ ਖੁਸ਼ੀ ਅਤੇ ਗਮੀ ਵਿੱਚ ਵੰਡ ਦਿੱਤਾ ਹੈ। ਸਿੱਖੀ ਸਰੂਪ ਵਾਲੇ ਦੇ ਪ੍ਰਚਾਰ ਕਰਨ ਨਾਲ ਸੰਗਤ ਜਿਆਦਾ ਪ੍ਰਭਾਵ ਕਬੂਲਦੀ ਹੈ।)

(ਅ) ਕੀਰਤਨ ਗੁਰਬਾਣੀ ਨੂੰ ਰਾਗਾਂ ਵਿੱਚ



ਉਚਾਰਨ ਕਰਨ ਨੂੰ ਕਹਿੰਦੇ ਹਨ।(ਪਾਠ ਕਰਨ ਵਾਲੇ ਨੂੰ ਪਾਠੀ, ਗਾਉਣ ਵਾਲੇ ਨੂੰ ਗਵੱਈਆ, ਅਤੇ ਰਾਗਾਂ ਵਿੱਚ ਗਾਉਣ ਵਾਲੇ ਨੂੰ ਰਾਗੀ ਆਖਿਆ ਜਾਂਦਾ ਹੈ ਪਰ ਕੁਝ ਜਥੇਬੰਦੀਆਂ ਵਿੱਚ ਬਾਣੀ ਪੜ੍ਹਨ ਵਾਲੇ ਨੂੰ ਪਾਠੀ, ਸ਼ਬਦ ਵਿਚਾਰ ਕਰਨ ਵਾਲੇ ਨੂੰ ਕਥਾ ਵਾਚਕ, ਅਤੇ ਸਾਜ਼ਾਂ ਨਾਲ ਗੁਰਬਾਣੀ ਗਾਉਣ ਵਾਲੇ ਨੂੰ ਕੀਰਤਨੀਆ ਕਹਿੰਦੇ ਹਨ ਇਸ ਲਈ ਸਿੱਖ ਰਹਿਤ ਮਰਿਯਾਦਾ ਵਿੱਚ ਬਾਣੀ ਰਾਗਾਂ ਵਿੱਚ ਗਾਉਣ ਨੂੰ ਕੀਰਤਨ ਲਿਖਿਆ ਹੈ।)

(ੲ) ਸੰਗਤ ਵਿੱਚ ਕੀਰਤਨ ਕੇਵਲ ਗੁਰਬਾਣੀ ਜਾਂ ਇਸ ਦੀ ਵਿਆਖਿਆ- ਸਰੂਪ ਰਚਨਾ ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਦੀ ਬਾਣੀ ਦਾ ਹੋ ਸਕਦਾ ਹੈ। (ਸਿੱਖ ਵਿਦਵਾਨਾਂ ਮੁਤਾਬਕ ਇਸ ਦਾ ਮਤਲਬ ਹੈ ਕਿ ਕੀਰਤਨ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਦਾ ਹੀ ਹੋਣਾ ਚਾਹੀਦਾ ਹੈ ਤੇ ਗੁਰਬਾਣੀ ਦੇ ਹੋ ਰਹੇ ਉਸ ਸ਼ਬਦ ਦੀ ਵਿਆਖਿਆ ਕਰਦੇ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਦੇ ਹੋਰ ਸ਼ਬਦਾਂ ਵਿੱਚੋਂ ਸਬੰਧਤ ਪੰਗਤੀਆਂ, ਭਾਈ ਗੁਰਦਾਸ ਜੀ ਦੀਆਂ ਰਚਨਾਵਾਂ, ਅਤੇ ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਵਿੱਚੋਂ ਉਦਾਹਰਣਾਂ ਲਈਆਂ ਜਾ ਸਕਦੀਆਂ ਹਨ।)

(ਸ) ਸ਼ਬਦਾਂ ਨੂੰ ਜੋਟੀਆਂ ਦੀ ਧਾਰਨਾ ਜਾਂ ਰਾਗ ਨਾਲ ਪੜ੍ਹਦਿਆਂ ਬਾਹਰ ਦੀਆਂ ਮਨ-ਘੜਤ ਤੇ ਵਾਧੂ ਤੁਕਾਂ ਲਾ ਕੇ ਧਾਰਨਾ ਲਾਉਣੀ ਜਾਂ ਗਾਉਣਾ ਅਯੋਗ ਹੈ। ਸ਼ਬਦ ਦੀ ਤੁਕ ਹੀ ਧਾਰਨਾ ਬਣਾਈ ਜਾਵੇ।(ਗੁਰਮਤਿ ਅਨੁਸਾਰ "ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ"॥ ਇਸ ਲਈ ਬਾਹਰੀ ਮਨ-ਘੜਤ ਧਾਰਨਾ ਲਗਾ ਕੇ ਪਾਪਾਂ ਦੇ ਭਾਗੀਦਾਰ ਨਹੀਂ ਬਣਨਾ ਚਾਹੀਦਾ।)

ਨੋਟ :- ਹਰੇਕ ਕੀਰਤਨ ਕਰਨ ਵਾਲੇ ਨੂੰ ਸਿੱਖ ਰਹਿਤ ਮਰਿਯਾਦਾ ਵਿੱਚ ਲਿਖੇ ਅਦੇਸ਼ਾਂ ਨੂੰ ਮੁੱਖ ਰੱਖਦਿਆਂ ਹੀ ਕੀਰਤਨ ਕਰਨਾ ਚਾਹੀਦਾ ਹੈ।

-0-

ਅਰਦਾਸ ਦੀ ਮਹਾਨਤਾ

–ਰਜਿੰਦਰ ਕੌਰ
 # 9877473171

ਜੀਵਾਤਮਾ ਦਾ ਪ੍ਰਮਾਤਮਾ ਨਾਲ ਜੋ ਆਤਮ ਸੰਬੰਧ ਹੈ ਉਹ ਅਰਦਾਸ ਰਾਹੀਂ ਨਿਰੂਪਣ ਹੁੰਦਾ ਹੈ ਇਹ ਇੱਕ ਅੰਦਰਲਾ ਸੂਖਮ ਕੁਨੈਕਸ਼ਨ ਹੈ ਜੋ ਸੀਮਤ ਸਮਰਥਾ ਵਾਲੇ ਜੀਵ ਨੂੰ ਸਰਬ ਕਲਾ ਸਮਰੱਥ ਵਾਹਿਗੁਰੂ ਨਾਲ ਜੋੜ ਕੇ ਉਸਦੀ ਅੰਦਰਲੀ ਬੈਟਰੀ ਚਾਰਜ ਕਰਦਾ ਹੈ। ਅਕਾਲ ਪੁਰਖ ਜੀ ਦੀ ਰਜ਼ਾ ਵਿੱਚ ਰਾਜੀ ਰਹਿ ਕੇ ਆਤਮ ਸਮਰਪਣ ਕਰਕੇ ਆਪਣੇ ਸ਼ੁੱਭ ਮਨੋਰਥਾਂ ਦੀ ਪੂਰਤੀ ਲਈ ਮਨ ਦੀ ਸ਼ਾਂਤੀ ਲਈ ਰੱਬੀ ਰਹਿਮਤ ਦੀ ਜਾਚਨਾ ਲਈ ਅਰਜ਼ੋਈ ਕਰਨ ਦਾ ਨਾਂ ਅਰਦਾਸ ਹੈ।

ਸਿੱਖ ਧਰਮ ਵਿਚ ਅਰਦਾਸ ਦੀ ਬਹੁਤ ਮਹੱਤਤਾ ਹੈ। ਹਰ ਦੁਨਿਆਵੀ ਮੌਕੇ ਤੇ ਅਰਦਾਸ ਕੀਤੀ ਜਾਂਦੀ ਹੈ। ਕੋਈ ਨਵਾਂ ਕਾਰੋਬਾਰ ਹੋਣ ਜਾਂ ਨਵਾਂ ਕੰਮ ਸ਼ੁਰੂ ਕਰਨਾ ਹੋਵੇ ਜਾਂ ਫਿਰ ਨਵਾਂ ਘਰ ਬਣਾਇਆ ਹੋਵੇ। ਹਰ ਖੁਸ਼ੀ ਗਮੀ ਦੇ ਮੌਕੇ ਤੇ ਅਰਦਾਸ ਜ਼ਰੂਰੀ ਸਮਝੀ ਜਾਂਦੀ ਹੈ ਅਕਾਲ-ਪੁਰਖ ਦਾ ਓਟ ਆਸਰਾ ਲਿਆ ਜਾਂਦਾ ਹੈ। ਸਿੱਖ ਦੀ ਅਰਦਾਸ ਸਭ ਤੋਂ ਨਿਆਰੀ ਹੈ। ਕਿਉਂਕਿ ਇਹ ਸਿਰਫ ਆਪਣੇ ਆਪ ਦੇ ਭਲੇ ਲਈ ਨਹੀਂ ਸਗੋਂ ਸਰਬੱਤ ਦੇ ਭਲੇ ਲਈ ਹੈ। ਸਿਖ ਲਈ ਅਰਦਾਸ ਚੜ੍ਹਦੀ ਕਲਾ ਦਾ ਪ੍ਰਤੀਕ ਹੈ ਸਰਬੱਤ ਦੇ ਭਲੇ ਵਿਚ ਲੀਨ ਹੁੰਦਿਆਂ ਹੀ ਮਨ ਵਿਚੋਂ ਸਾਰੇ ਵੈਰ ਵਿਰੋਧ ਖਤਮ ਹੋ ਜਾਂਦੇ ਹਨ। ਏਸੇ ਦਾ ਨਾਮ ਹੀ ਚੜਦੀ ਕਲਾ ਹੈ। ਪ੍ਰਸਿੱਧ ਵਿਦਵਾਨ ਔਕਸਰ ਵਾਇਲਡ ਅਨੁਸਾਰ ਅਰਦਾਸ ਦਾ ਉੱਤਰ ਮਿਲੇ ਤਾਂ ਅਰਦਾਸ ਨਹੀਂ ਰਹਿੰਦੀ ਸਗੋਂ ਉਸ ਖਤੋ ਖਿਤਾਬਤ ਦਾ ਸਿਲਸਿਲਾ ਬਣ ਜਾਂਦਾ ਹੈ।

ਅਰਦਾਸ ਬੰਦੇ ਲਈ ਜਰੂਰੀ ਹੈ। ਵੱਡੇ ਵੱਡੇ ਅਮੀਰਾਂ ਲਈ ਵੀ ਕਦੇ ਕੋਈ ਸਹਾਰਾ ਨਹੀਂ ਰਹਿ ਜਾਂਦਾ, ਸੁਕਰਾਤ ਵਰਗਾ ਸਿਆਣਾ ਤੇ ਮੌਤ ਤੋਂ ਬੇਪਰਵਾਹ ਵਿਅਕਤੀ ਵੀ ਅਰਦਾਸ ਦਾ ਕਾਇਲ ਸੀ। ਭਾਈ ਵੀਰ ਸਿੰਘ ਜੀ ਨੇ ਅਰਦਾਸ ਦੀ ਜਰੂਰਤ ਲਈ ਆਪਣੇ ਇਕ ਟਰੈਕਟ ਵਿਚ ਲਿਖਿਆ ਸੀ ਕਿ ਜਦੋਂ ਮਹਾਰਾਜਾ ਰਣਜੀਤ ਸਿੰਘ ਜੀ ਨੂੰ ਵੱਡੀਆਂ ਮੁਹਿੰਮਾਂ ਤੇ ਜਾਣਾ ਹੁੰਦਾ ਸੀ ਤਾਂ ਉਹ ਕਦੇ ਵੀ ਨਹੀਂ ਸਨ ਘਬਰਾਂਦੇ ਸਗੋਂ ਉਸ ਸਮੇਂ ਅਕਾਲ-ਪੁਰਖ ਅੱਗੇ ਅਰਦਾਸ ਕਰਦੇ ਸਨ। ਫਤਿਹ ਪ੍ਰਾਪਤ ਹੁੰਦੀ। ਇਹ ਘਟਨਾ ਮਹਾਰਾਜਾ ਰਣਜੀਤ ਸਿੰਘ ਜੀ ਦੇ ਨਾਲ ਸੰਬੰਧਿਤ ਹੈ। ਇਕ ਵਾਰੀ ਮਹਾਰਾਜਾ ਰਣਜੀਤ ਸਿੰਘ ਜੀ ਨੇ ਇਕ ਬਾਗੀ ਧਾੜਵੀ ਨੂੰ ਬੜੀ ਮੁਸ਼ਕਲ ਨਾਲ ਜਿੱਤਿਆ ਤੇ ਉਸ ਨੂੰ ਰੁਹਤਾਸ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ। ਉਹ ਪ੍ਰਮਾਤਮਾ ਨੂੰ ਗਾਲ੍ਹਾਂ ਕੱਢਦਾ ਰਹਿੰਦਾ ਸੀ ਸਮਾਂ ਕੱਟਣ ਲਈ ਇਕ ਪੋਥੀ ਪੜ੍ਹਣ ਲਈ ਮਿਲ ਗਈ। ਪੋਥੀ ਪੜ੍ਹ ਕੇ ਇਨ੍ਹਾਂ ਪ੍ਰਭਾਵਿਤ ਹੋਇਆ ਕਿ ਜਿਸ ਪ੍ਰਮਾਤਮਾ ਨੂੰ ਗਾਲ੍ਹਾਂ ਕੱਢਦਾ ਸੀ ਹੱਥ ਜੋੜ ਕਿ ਅਰਦਾਸ ਕਰਨ ਲਗ ਪਿਆ ਕਿ ਅਕਾਲ ਪੁਰਖ ਮੈਨੂੰ ਬਖਸ਼ ਲਉ, ਮੈਂ ਪਾਪੀ ਹਾਂ, ਗੁਰਬਾਣੀ ਪੜ ਕੇ ਉਸ ਦਾ ਮਨ ਸੱਚਾ ਹੋ ਗਿਆ ਉਹ ਪਾਠ ਕਰਨ ਲੱਗ ਗਿਆ। ਮਨ ਵਿੱਚ ਮਿਠਾਸ, ਨਿਮਰਤਾ ਆ ਗਈ। ਮਹਾਰਾਜਾ ਰਣਜੀਤ ਸਿੰਘ ਰੁਹਤਾਸ ਕਿਲ੍ਹੇ ਵਿਚ ਆਏ ਤੇ ਰਾਤ ਨੂੰ ਬਿਮਾਰ ਹੋ ਗਏ। ਕੋਈ ਦਵਾਈ ਅਸਰ ਨਾ ਕਰੇ ਨੀਂਦ ਆ ਗਈ ਸਵੇਰੇ ਉਠੇ ਤਾਂ ਬਿਲਕੁਲ ਠੀਕ ਸਨ। ਆਪਣੇ ਵਜੀਰ ਧਿਆਨ ਸਿੰਘ ਨੂੰ ਕਹਿਣ ਲੱਗੇ ਕਿ ਆਕਾਲ ਪੁਰਖ ਦੇ ਧੰਨਵਾਦ ਵਜੋਂ ਕਿਸੇ ਵੱਡੇ ਕੈਦੀ ਨੂੰ ਛੱਡ ਦਿਓ ਧਾੜਵੀ ਜੋ ਸਰਦਾਰ ਬਣ ਚੁੱਕਾ ਸੀ ਨੂੰ ਛੱਡਣ ਦਾ ਹੁਕਮ ਹੋਇਆ ਉਹ ਕਹਿਣ ਲਗਾ ਕਿ ਮੈਨੂੰ ਆਪ ਜੀ ਦੀ ਕੈਦ ਵਿਚ ਪ੍ਰਮਾਤਮਾ ਬਾਰੇ ਪਤਾ ਲਗਾ ਮੇਰਾ ਮਨ ਪ੍ਰਮਾਤਮਾ ਪ੍ਰੇਮ ਵਿਚ ਲੀਨ ਹੋ ਗਿਆ ਮੈਨੂੰ ਸਰਦਾਰੀ ਦੀ ਲੋੜ ਨਹੀਂ ਪ੍ਰਮਾਤਮਾ ਨੂੰ ਪ੍ਰਾਪਤ ਕਰਨ ਲਈ ਉਸ ਨੂੰ ਪ੍ਰੇਮ ਕਰਨਾ ਜ਼ਰੂਰੀ ਹੈ। ਅਰਦਾਸ ਕਰਕੇ ਭੁੱਲਾਂ ਬਖਸ਼ਾਉਣੀਆਂ ਚਾਹੀਦੀਆਂ ਹਨ, ਮਨ ਸ਼ੁੱਧ ਰੱਖਣਾ ਚਾਹੀਦਾ ਹੈ ਜੇ ਅਸੀਂ ਅਕਾਲ-ਪੁਰਖ ਪ੍ਰਮਾਤਮਾ ਤੇ ਪੂਰਾ ਭਰੋਸਾ ਰਖੀਏ ਸਚੇ ਮਨੋ ਅਰਦਾਸ ਕਰੀਏ ਤਾਂ ਸਾਡੀ ਕੀਤੀ ਅਰਦਾਸ ਬਿਰਥੀ ਨਹੀਂ ਜਾਂਦੀ ਗੁਰੂ ਵਾਕ ਹੈ। **ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ॥ (819)** ਆਪਣੇ ਮਨ ਦੀ ਅਵਸਥਾ ਅਕਾਲ-ਪੁਰਖ ਅੱਗੇ ਬਿਆਨ ਕਰ ਸਕੀਦੀ ਹੈ ਉਥੋਂ ਹੀ ਸਹਾਰਾ ਮਿਲਣਾ ਹੈ, ਹੋਰ ਕੋਈ ਨਹੀਂ ਦੇ ਸਕਦਾ।

ਦੁਇ ਕਰ ਜੋੜਿ ਮਾਗਉ ਇਕ ਦਾਨਾ ਸਾਹਿਬਿ ਤੁਠੈ ਪਾਵਾ॥ (749)

ਵਾਹਿਗੁਰੂ ਜੀ ਅਰਦਾਸ ਜ਼ਰੂਰ ਸੁਣਦੇ ਹਨ ਬਸ਼ਰਤੇ ਸਾਨੂੰ ਅਰਦਾਸ ਕਰਨੀ ਆਉਣੀ ਚਾਹੀਦੀ ਹੈ।

ਅਰਦਾਸ ਕਰਨ ਲੱਗਿਆਂ ਮਨ ਵਿਚੋਂ ਅਹੰਕਾਰ ਦੀ ਭਾਵਨਾ ਕੱਢ ਦੇਣੀ ਚਾਹੀਦੀ ਹੈ। ਨਿਮਰਤਾ ਨਾਲ ਮਨੋ ਪ੍ਰਮਾਤਮਾ ਨੂੰ ਯਾਦ ਕਰਨਾ ਹੀ ਅਰਦਾਸ ਹੈ ਨਾ ਕਿ ਹੁਕਮ ਕਰਨਾ। ਜਦੋ ਕੁਝ ਮੰਗਣਾ ਹੋਵੇ ਤਾਂ ਹੁਕਮ ਜਾਂ ਰੋਹਬ ਨਹੀਂ ਚਲਦਾ ਬਲਕਿ ਨੀਵਾਂ ਪਨ ਮਿਠਾਸ ਨਿਮਰਤਾ ਹੀ ਅਸਲੀ ਗੁਣ ਹੈ।

ਸਾਹਿਬ ਸੇਤੀ ਹੁਕਮੁ ਨ ਚਲੈ ਕਹੀ ਬਣੈ ਅਰਦਾਸਿ॥ (474)

ਮਨੁੱਖ ਪ੍ਰਮਾਤਮਾ ਤੋਂ ਮੰਗਦਾ ਕੀ ਹੈ ਦੁਨਿਆਵੀਂ ਪਦਾਰਥ ਜਾਂ ਆਪਣੇ ਪਰਿਵਾਰ ਲਈ ਸੁੱਖ, ਪਰ ਗੁਰੂ ਸਾਹਿਬ ਜੀ ਦੀ ਬਾਣੀ ਸਾਨੂੰ ਕੀ ਸਮਝਾਉਂਦੀ ਹੈ। ਅਰਦਾਸ ਦਾ ਅਸਲੀ ਮੰਤਵ ਕੀ ਹੈ। **ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ॥ ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ॥ (958)**

ਅ– ਅੰਤਰਜਾਮੀ, ਪ੍ਰਮਾਤਮਾ ਸਭ ਕਿਛ ਜਾਣਦਾ ਹੈ।

ਰ– ਰਖਵਾਲਾ, ਸਭ ਥਾਈ ਰਖਿਆ ਕਰਨਾ ਵਾਲਾ।



ਦਾ– ਦਾਤਾਰ ਸਭ ਨੂੰ ਦਾਤਾਂ ਦੇਣ ਵਾਲਾ।

ਸ– ਸਹਾਰਾ।

ਜਿਥੇ ਸਾਰੇ ਸਹਾਰੇ ਮੁੱਕ ਜਾਣ ਤਾਂ ਅਖੀਰ ਪ੍ਰਮਾਤਮਾ ਹੀ ਸਹਾਰਾ ਬਣਦਾ ਹੈ। ਸੱਚੀ ਅਰਦਾਸ ਨਾਲ ਆਤਮਾ ਵਿਸ਼ਵਾਸ਼ ਵਧਦਾ ਹੈ ਗੁਆਚ ਜਾਣ ਦਾ ਡਰ ਨਹੀਂ ਹੁੰਦਾ। ਲੱਭ ਜਾਣ ਦੀ ਖੁਸ਼ੀ ਹੁੰਦੀ ਹੈ। ਆਤਮਾ ਦੀ ਅਰਦਾਸ ਇਕ ਅੱਗਰਬਤੀ ਹੈ ਜਿਸ ਦੀ ਸੁੰਗੰਧੀ ਆਕਾਸ਼ ਤੱਕ ਪੁਜਦੀ ਹੈ। ਸੁਹਿਰਦ ਲੋਕ ਮਨ ਵਿਚੋਂ ਅਰਦਾਸ ਕਰਦੇ ਹਨ ਸਰਬੱਤ ਦੇ ਭਲੇ ਲਈ, ਸਧਾਰਨ ਲੋਕ ਆਪਣੇ ਲਈ ਸੀਮਤ ਹੁੰਦੇ ਹਨ। ਆਪਣੀਆਂ ਦੁਨਿਆਵੀ ਲੋੜਾਂ ਤੱਕ ਪਰਿਵਾਰ ਲਈ। ਬਾਬਾ ਦੀਪ ਸਿੰਘ ਅਕਾਲੀ ਫੂਲਾ ਸਿੰਘ ਮਹਾਨ ਸੂਰਬੀਰ ਜਿਨਾਂ ਨੇ ਆਪਣੀ ਕੀਤੀ ਅਰਦਾਸ ਨੂੰ ਪੂਰਾ ਕੀਤਾ, ਜਾਨ ਦੀ ਪ੍ਰਵਾਹ ਨਹੀਂ ਕੀਤੀ।

ਅਰਦਾਸ ਉਹ ਹੁੰਦੀ ਹੈ, ਜੋ ਮਨੋਂ ਤੇ ਆਪ ਕੀਤੀ ਜਾਵੇ। ਮਨੋਂ ਕੀਤੀ ਅਰਦਾਸ ਨਾਲ ਹਿੰਮਤ ਮਿਲਦੀ ਹੈ ਅਤੇ ਚੜ੍ਹਦੀ ਕਲਾ ਆਉਂਦੀ ਹੈ। ਅਰਦਾਸ ਵੇਲੇ ਮਨ ਦਾ ਦਸ਼ਾ ਇਕ ਮਾਸੂਮ ਬੱਚੇ ਵਰਗੀ ਹੁੰਦੀ ਹੈ ਜਿਸ ਵਿਚ ਚਲਾਕੀ ਨਹੀਂ ਹੁੰਦੀ। ਅਰਦਾਸ ਹਰ ਸਿੱਖ ਦੇ ਜੀਵਨ ਦਾ ਅੰਗ ਹੈ, ਹਰ ਸਮੇਂ ਦਿਤੀਆਂ ਦਾਤਾਂ ਦਾ ਸ਼ੁਕਰਾਨਾ ਕਰਨਾ ਹੈ। ਸਾਨੂੰ ਸਭ ਨੂੰ ਯਾਦ ਹੈ ਕਿ ਕਿਵੇਂ ਮੱਖਣ ਸ਼ਾਹ ਲੁਬਾਣੇ ਨੇ ਆਪਣੇ ਡੁੱਬਦੇ ਜ਼ਹਾਜ਼ ਨੂੰ ਬਚਾਉਣ ਲਈ ਗੁਰੂ ਸਾਹਿਬ ਅੱਗੇ ਅਰਦਾਸ ਕੀਤੀ, ਫਿਰ ਅਰਦਾਸ ਪੂਰੀ ਹੋਈ, ਗੁਰੂ ਸਾਹਿਬ

ਬਾਕੀ ਸਫਾ 28 'ਤੇ



ਨੰਨੇ ਦਾਰਸ

ਜਿਰਾਫ਼ ਦੀ ਗਰਦਨ ਲੰਬੀ ਕਿਉਂ ਹੁੰਦੀ ਹੈ?

ਜਿਰਾਫ਼ ਦੁਨੀਆ ਦਾ ਸਭ ਤੋਂ ਉੱਚਾ ਜ਼ਮੀਨੀ ਜਾਨਵਰ ਹੈ। ਇਸ ਦੀ ਸਭ ਤੋਂ ਖ਼ਾਸ ਪਛਾਣ ਇਸ ਦੀ ਬਹੁਤ ਲੰਬੀ ਗਰਦਨ ਹੈ। ਪਰ ਕੀ ਤੁਸੀਂ ਕਦੇ ਸੋਚਿਆ ਹੈ ਕਿ ਜਿਰਾਫ਼ ਦੀ ਗਰਦਨ ਇੰਨੀ ਲੰਬੀ ਕਿਉਂ ਹੁੰਦੀ ਹੈ?

ਜਿਰਾਫ਼ ਜ਼ਿਆਦਾਤਰ ਅਫ਼ਰੀਕਾ ਦੇ ਘਾਹਦਾਰ ਇਲਾਕਿਆਂ ਅਤੇ ਜੰਗਲਾਂ ਵਿੱਚ ਰਹਿੰਦਾ ਹੈ। ਇਹ ਮੁੱਖ ਤੌਰ 'ਤੇ ਦਰੱਖਤਾਂ ਦੇ ਪੱਤੇ ਖਾਂਦਾ ਹੈ। ਇਸ ਦੀ ਲੰਮੀ ਗਰਦਨ ਉਸ ਨੂੰ ਦਰੱਖਤਾਂ ਦੀਆਂ ਉੱਚੀਆਂ ਟਾਹਣੀਆਂ ਤੱਕ ਪਹੁੰਚਣ ਵਿੱਚ ਮਦਦ ਕਰਦੀ ਹੈ। ਜਿੱਥੇ ਕਈ ਹੋਰ ਜਾਨਵਰ ਪੱਤੇ ਨਹੀਂ ਪਹੁੰਚ ਸਕਦੇ, ਉੱਥੇ ਜਿਰਾਫ਼ ਆਸਾਨੀ ਨਾਲ ਪੱਤੇ ਖਾ ਸਕਦਾ ਹੈ।

ਦਿਲਚਸਪ ਗੱਲ ਇਹ ਹੈ ਕਿ ਜਿਰਾਫ਼ ਦੀ ਗਰਦਨ ਵਿੱਚ ਵੀ ਮਨੁੱਖਾਂ ਵਾਂਗ ਸਿਰਫ਼ ਸੱਤ ਰੀੜ੍ਹ ਦੀਆਂ ਹੱਡੀਆਂ ਹੁੰਦੀਆਂ ਹਨ। ਫ਼ਰਕ ਇਹ ਹੈ ਕਿ ਜਿਰਾਫ਼ ਦੀਆਂ ਇਹ ਹੱਡੀਆਂ ਬਹੁਤ ਲੰਬੀਆਂ ਹੁੰਦੀਆਂ ਹਨ। ਵਿਗਿਆਨੀਆਂ ਮੁਤਾਬਕ ਜਿਰਾਫ਼ ਦੀ ਲੰਮੀ ਗਰਦਨ ਲੱਖਾਂ ਸਾਲਾਂ ਦੌਰਾਨ ਵਿਕਾਸ ਦੀ ਪ੍ਰਕਿਰਿਆ ਨਾਲ ਬਣੀ। ਜਿਨ੍ਹਾਂ ਜਿਰਾਫ਼ਾਂ ਦੀ ਗਰਦਨ ਥੋੜ੍ਹੀ ਲੰਬੀ ਸੀ, ਉਹ ਉੱਚੇ ਪੱਤਿਆਂ ਤੱਕ ਵਧੀਆ ਪਹੁੰਚ ਸਕਦੇ ਸਨ। ਇਸ ਤਰ੍ਹਾਂ ਉਨ੍ਹਾਂ ਨੂੰ ਭੋਜਨ ਲੱਭਣ ਵਿੱਚ ਫ਼ਾਇਦਾ ਮਿਲਿਆ ਅਤੇ ਸਮੇਂ ਦੇ ਨਾਲ ਲੰਮੀ ਗਰਦਨ ਵਾਲੀ ਵਿਸ਼ੇਸ਼ਤਾ ਵਧਦੀ ਗਈ।




ਜਿਰਾਫ਼ ਦੀ ਲੰਮੀ ਗਰਦਨ ਸਿਰਫ਼ ਖਾਣ ਲਈ ਹੀ ਨਹੀਂ, ਸਗੋਂ ਆਲੇ-ਦੁਆਲੇ ਦੂਰ ਤੱਕ ਦੇਖਣ ਵਿੱਚ ਵੀ ਮਦਦ ਕਰਦੀ ਹੈ। ਕੁਦਰਤ ਨੇ ਇਸ ਨੂੰ ਇਸ ਦੇ ਵਾਤਾਵਰਨ ਦੇ ਅਨੁਕੂਲ ਬਣਾਇਆ ਹੈ।

ਜਿਰਾਫ਼ ਦੀ ਲੰਮੀ ਗਰਦਨ ਨਾਲ ਜੁੜੀ ਇੱਕ ਹੋਰ ਦਿਲਚਸਪ ਗੱਲ ਇਸ ਦਾ ਦਿਲ ਹੈ। ਜਿਰਾਫ਼ ਦਾ ਸਿਰ ਦਿਲ ਤੋਂ ਕਾਫ਼ੀ ਉੱਪਰ ਹੁੰਦਾ ਹੈ, ਇਸ ਲਈ ਇਸ ਦੇ ਦਿਲ ਨੂੰ ਖੂਨ ਉੱਪਰ ਤੱਕ ਪਹੁੰਚਾਉਣ ਲਈ ਬਹੁਤ ਮਿਹਨਤ ਕਰਨੀ ਪੈਂਦੀ ਹੈ। ਇਸ ਦਾ ਦਿਲ ਆਕਾਰ ਵਿੱਚ ਕਾਫ਼ੀ ਵੱਡਾ ਅਤੇ ਤਾਕਤਵਰ ਹੁੰਦਾ ਹੈ। ਜਦੋਂ ਜਿਰਾਫ਼ ਆਪਣਾ ਸਿਰ ਥੱਲੇ ਕਰਕੇ ਪਾਣੀ ਪੀਂਦਾ ਹੈ ਤਾਂ ਸਰੀਰ ਵਿੱਚ ਖੂਨ ਦੇ ਦਬਾਅ ਨੂੰ ਸੰਭਾਲਣ ਲਈ ਇਸ ਦੇ ਸਰੀਰ ਵਿੱਚ ਖਾਸ ਪ੍ਰਬੰਧ ਹੁੰਦੇ ਹਨ। ਇਸੇ ਕਰਕੇ ਜਿਰਾਫ਼ ਬਿਨਾਂ ਕਿਸੇ ਮੁਸ਼ਕਲ ਦੇ ਆਪਣਾ ਸਿਰ ਉੱਪਰ ਅਤੇ ਥੱਲੇ ਕਰ ਸਕਦਾ ਹੈ।

ਰੋਬੋਟ ਕੀ ਹੁੰਦੇ ਹਨ ਅਤੇ ਕਿਵੇਂ ਕੰਮ ਕਰਦੇ ਹਨ?

ਪਰਮਜੀਤ ਸਿੰਘ

ਅੱਜ ਦੇ ਸਮੇਂ ਵਿੱਚ ਵਿਗਿਆਨ ਨੇ ਅਜਿਹੀਆਂ ਮਸ਼ੀਨਾਂ ਤਿਆਰ ਕਰ ਲਈਆਂ ਹਨ, ਜੋ ਇਨਸਾਨਾਂ ਵਾਂਗ ਕਈ ਕੰਮ ਕਰ ਸਕਦੀਆਂ ਹਨ। ਇਨ੍ਹਾਂ ਮਸ਼ੀਨਾਂ ਨੂੰ ਰੋਬੋਟ ਕਿਹਾ ਜਾਂਦਾ ਹੈ। ਰੋਬੋਟ ਸਿਰਫ਼ ਫ਼ਿਲਮਾਂ ਜਾਂ ਕਹਾਣੀਆਂ ਵਿੱਚ ਦਿਖਾਈ ਦੇਣ ਵਾਲੇ ਧਾਤ ਦੇ ਇਨਸਾਨ ਨਹੀਂ ਹਨ, ਸਗੋਂ ਇਹ ਹਸਪਤਾਲਾਂ, ਫੈਕਟਰੀਆਂ, ਖੇਤਾਂ, ਘਰਾਂ ਅਤੇ ਪੁਲਾੜ ਤੱਕ ਵਿੱਚ ਕੰਮ ਕਰ ਰਹੇ ਹਨ।



ਸੌਖੇ ਸ਼ਬਦਾਂ ਵਿੱਚ ਕਹੀਏ ਤਾਂ ਰੋਬੋਟ ਇੱਕ ਅਜਿਹੀ ਮਸ਼ੀਨ ਹੈ, ਜਿਸ ਨੂੰ ਕਿਸੇ ਖਾਸ ਕੰਮ ਨੂੰ ਕਰਨ ਲਈ ਤਿਆਰ ਕੀਤਾ ਜਾਂਦਾ ਹੈ। ਕੁਝ ਰੋਬੋਟ ਆਪਣੇ ਆਪ ਕੰਮ ਕਰ ਸਕਦੇ ਹਨ, ਜਦਕਿ ਕੁਝ ਨੂੰ ਇਨਸਾਨ ਕੰਪਿਊਟਰ ਜਾਂ ਰਿਮੋਟ ਰਾਹੀਂ ਚਲਾਉਂਦੇ ਹਨ। ਰੋਬੋਟ ਦਾ ਸਰੀਰ ਵੱਖ-ਵੱਖ ਹਿੱਸਿਆਂ ਨਾਲ ਬਣਿਆ ਹੁੰਦਾ ਹੈ। ਇਸ ਵਿੱਚ ਮੋਟਰਾਂ, ਸੈਂਸਰ, ਬੈਟਰੀ ਜਾਂ ਬਿਜਲੀ ਦਾ ਸਰੋਤ ਅਤੇ ਇੱਕ ਕੰਪਿਊਟਰ ਵਰਗਾ ਕੰਟਰੋਲ ਸਿਸਟਮ ਹੁੰਦਾ ਹੈ।

ਰੋਬੋਟ ਦੇ ਸੈਂਸਰ ਉਸ ਲਈ ਅੱਖਾਂ ਅਤੇ ਕੰਨਾਂ ਵਾਂਗ ਕੰਮ ਕਰਦੇ ਹਨ। ਸੈਂਸਰ ਆਪਣੇ ਆਲੇ-ਦੁਆਲੇ ਦੀ ਜਾਣਕਾਰੀ ਇਕੱਠੀ ਕਰਦੇ ਹਨ। ਉਦਾਹਰਨ ਵਜੋਂ, ਕੋਈ ਰੋਬੋਟ ਆਪਣੇ ਸਾਹਮਣੇ ਕੰਧ ਹੋਣ ਦਾ ਪਤਾ ਲਗਾ ਸਕਦਾ ਹੈ। ਫਿਰ ਉਸ ਦਾ ਕੰਟਰੋਲ ਸਿਸਟਮ ਇਹ ਫ਼ੈਸਲਾ ਕਰਦਾ ਹੈ ਕਿ ਉਸ ਨੂੰ ਰੁਕਣਾ ਹੈ ਜਾਂ ਆਪਣਾ ਰਸਤਾ ਬਦਲਣਾ ਹੈ। ਕੁਝ ਰੋਬੋਟ ਕੈਮਰੇ ਦੀ ਮਦਦ ਨਾਲ ਵਸਤੂਆਂ ਨੂੰ ਪਛਾਣ ਸਕਦੇ ਹਨ, ਜਦਕਿ ਕੁਝ ਆਵਾਜ਼ ਜਾਂ ਛੂਹ ਰਾਹੀਂ ਹਦਾਇਤਾਂ ਸਮਝ ਸਕਦੇ ਹਨ। ਰੋਬੋਟ ਦੇ ਮੋਟਰ ਉਸ ਦੇ ਹੱਥਾਂ, ਪੈਰਾਂ ਜਾਂ ਪਹੀਆਂ ਨੂੰ ਹਿਲਾਉਣ ਵਿੱਚ ਮਦਦ ਕਰਦੇ ਹਨ। ਜਿਵੇਂ ਸਾਡੇ ਸਰੀਰ ਵਿੱਚ ਮਾਸਪੇਸ਼ੀਆਂ ਸਾਨੂੰ ਤੁਰਨ ਅਤੇ ਹੱਥ ਹਿਲਾਉਣ

ਵਿੱਚ ਮਦਦ ਕਰਦੀਆਂ ਹਨ, ਉਸੇ ਤਰ੍ਹਾਂ ਮੋਟਰ ਰੋਬੋਟ ਨੂੰ ਹਿਲਾਉਂਦੇ ਹਨ। ਇਸ ਤਰ੍ਹਾਂ ਸੈਂਸਰ ਜਾਣਕਾਰੀ ਦਿੰਦੇ ਹਨ, ਕੰਪਿਊਟਰ ਉਸ ਜਾਣਕਾਰੀ ਨੂੰ ਸਮਝਦਾ ਹੈ ਅਤੇ ਮੋਟਰ ਲੋੜੀਂਦੀ ਹਰਕਤ ਕਰਦੇ ਹਨ।

ਰੋਬੋਟਾਂ ਦੀ ਵਰਤੋਂ ਕਈ ਥਾਵਾਂ 'ਤੇ ਹੁੰਦੀ ਹੈ। ਫੈਕਟਰੀਆਂ ਵਿੱਚ ਇਹ ਭਾਰੀ ਸਮਾਨ ਚੁੱਕਣ ਅਤੇ ਵਾਰ-ਵਾਰ ਕੀਤੇ ਜਾਣ ਵਾਲੇ ਕੰਮ ਕਰਦੇ ਹਨ। ਹਸਪਤਾਲਾਂ ਵਿੱਚ ਕੁਝ ਰੋਬੋਟ ਡਾਕਟਰਾਂ ਦੀ ਮਦਦ ਕਰਦੇ ਹਨ। ਖੇਤੀਬਾੜੀ ਵਿੱਚ ਰੋਬੋਟ ਫ਼ਸਲਾਂ ਦੀ ਨਿਗਰਾਨੀ ਕਰਨ ਅਤੇ ਕੁਝ ਕੰਮ ਆਪਣੇ ਆਪ ਕਰਨ ਲਈ ਵਰਤੇ ਜਾ ਰਹੇ ਹਨ। ਪੁਲਾੜ ਵਿੱਚ ਵੀ ਰੋਬੋਟ ਅਜਿਹੀਆਂ ਥਾਵਾਂ 'ਤੇ ਭੇਜੇ ਜਾਂਦੇ ਹਨ, ਜਿੱਥੇ ਇਨਸਾਨਾਂ ਲਈ ਜਾਣਾ ਮੁਸ਼ਕਲ ਹੁੰਦਾ ਹੈ।

ਰੋਬੋਟ ਥੱਕਦੇ ਨਹੀਂ, ਪਰ ਉਹ ਇਨਸਾਨਾਂ ਵਾਂਗ ਆਪਣੀ ਮਰਜ਼ੀ ਨਾਲ ਹਰ ਕੰਮ ਨਹੀਂ ਕਰ ਸਕਦੇ। ਉਹਨਾਂ ਨੂੰ ਦਿੱਤੀਆਂ ਹਦਾਇਤਾਂ, ਪ੍ਰੋਗਰਾਮ ਅਤੇ ਕੰਪਿਊਟਰ ਸਿਸਟਮ ਦੇ ਅਨੁਸਾਰ ਕੰਮ ਕਰਨਾ ਪੈਂਦਾ ਹੈ। ਭਵਿੱਖ ਵਿੱਚ ਰੋਬੋਟ ਹੋਰ ਵੀ ਸਮਝਦਾਰ ਅਤੇ ਉਪਯੋਗੀ ਬਣ ਸਕਦੇ ਹਨ। ਇਸ ਲਈ ਰੋਬੋਟਾਂ ਨੂੰ ਸਮਝਣਾ ਬੱਚਿਆਂ ਲਈ ਵਿਗਿਆਨ ਅਤੇ ਤਕਨਾਲੋਜੀ ਦੀ ਦੁਨੀਆ ਨੂੰ ਸਮਝਣ ਵੱਲ ਇੱਕ ਦਿਲਚਸਪ ਕਦਮ ਹੈ।

-0-

ਬੱਚਿਆਂ ਦੀ ਜ਼ਿੰਦਗੀ ਵਿਚ ਸਮਾਂ ਸਾਰਣੀ ਦੀ ਮਹੱਤਤਾ

ਪਰਮਿੰਦਰ ਕੌਰ

ਸਮਾਂ ਸਭ ਦੀ ਜ਼ਿੰਦਗੀ ਵਿੱਚ ਬਹੁਤ ਮਹੱਤਵਪੂਰਨ ਸਥਾਨ ਰੱਖਦਾ ਹੈ। ਲੰਘਿਆ ਵੇਲਾ ਕਦੇ ਵੀ ਹੱਥ ਨਹੀਂ ਆਉਂਦਾ। ਬੀਤਿਆ ਵੇਲਾ ਤਜਰਬਾ ਹੁੰਦਾ ਹੈ, ਜੋ ਸਾਨੂੰ ਕਿਸੇ ਵੀ ਕੰਮ



ਨੂੰ ਕਿਵੇਂ ਕਰਨਾ ਹੈ, ਸਿਖਾਉਂਦਾ ਹੈ। ਆਉਣ ਵਾਲਾ ਕੱਲ੍ਹ ਇੱਕ ਉਮੀਦ ਹੁੰਦੀ ਹੈ, ਜੋ ਹਰ ਕਿਸੇ ਨੂੰ ਕੰਮ ਕਰਨ ਦੇ ਲਈ ਉਤਸ਼ਾਹ ਦਿੰਦੀ ਹੈ ਪਰ ਤਜਰਬੇ ਤੇ ਉਮੀਦ ਭਾਵ ਬੀਤੇ ਕੱਲ੍ਹ ਤੇ ਆਉਣ ਵਾਲੇ ਕੱਲ੍ਹ ਦੇ ਵਿੱਚ ਅੱਜ ਹੈ। ਅੱਜ ਸਾਡੀ ਜ਼ਿੰਦਗੀ ਹੈ। ਅਸੀਂ ਸਭ ਜਾਣਦੇ ਹਾਂ ਕਿ ਅੱਜ 'ਚ ਹੀ ਜਿਉਣਾ ਚਾਹੀਦਾ ਹੈ ਪਰ ਅਸੀਂ ਬੀਤੇ ਕੱਲ੍ਹ ਤੇ ਆਉਣ ਵਾਲੇ ਕੱਲ੍ਹ ਬਾਰੇ ਸੋਚ-ਸੋਚ ਕੇ ਅੱਜ ਨੂੰ ਖ਼ਰਾਬ ਕਰ ਰਹੇ ਹਾਂ ਯਾਨੀ ਜ਼ਿੰਦਗੀ ਨੂੰ ਖ਼ਰਾਬ ਕਰ ਰਹੇ ਹਾਂ। ਸੋ ਅੱਜ ਨੂੰ ਵਧੀਆ ਤਰੀਕੇ ਨਾਲ ਜਿਉਣ ਲਈ ਸਮੇਂ ਦਾ ਸਹੀ ਇਸਤੇਮਾਲ ਕਰਨਾ ਬਹੁਤ ਜ਼ਰੂਰੀ ਹੈ। ਸਮੇਂ ਦੇ ਸਹੀ ਇਸਤੇਮਾਲ ਲਈ ਸਮਾਂ ਸਾਰਣੀ ਬਹੁਤ ਜ਼ਰੂਰੀ ਹੈ। ਇਹ ਸਮਾਂ ਸਾਰਣੀ ਇਹੋ ਜਿਹੀ ਹੋਣੀ ਚਾਹੀਦੀ ਹੈ, ਜਿਸ ਨੂੰ ਦੇਖ ਕੇ ਸਮੇਂ ਦਾ ਸਦ-ਉਪਯੋਗ ਕੀਤਾ ਜਾ ਸਕੇ।

ਸਮਾਂ ਸਭ ਦੇ ਕੋਲ ਹੀ 24 ਘੰਟੇ ਦਾ ਹੁੰਦਾ ਹੈ ਪਰ ਹਰ ਕੋਈ 24 ਘੰਟਿਆਂ ਨੂੰ ਲੇਖੇ ਨਹੀਂ ਲਗਾ ਪਾਉਂਦਾ। ਲੇਖੇ ਲਾਉਣ ਤੋਂ ਭਾਵ ਹੈ ਕਿ ਜਦੋਂ ਅਸੀਂ ਰਾਤ ਨੂੰ ਸੌਣ ਲੱਗੀਏ ਤਾਂ ਉਸ ਸਮੇਂ ਅੱਜ ਦੇ ਦਿਨ ਬਾਰੇ ਸੋਚੀਏ ਕਿ ਅੱਜ ਕੀ-ਕੀ ਕੀਤਾ? ਉਸ ਸਮੇਂ ਇਹ ਅਫ਼ਸੋਸ ਨਾ ਹੋਵੇ ਕਿ ਫਲਾਣਾ ਕੰਮ ਤਾਂ ਰਹਿ ਹੀ ਗਿਆ। ਜੇ ਇਹ ਅਫਸੋਸ ਨਹੀਂ ਹੈ ਤਾਂ ਫਿਰ ਸਮਝੋ ਅੱਜ ਦਾ ਦਿਨ ਲੇਖੇ ਲੱਗ ਗਿਆ। ਸੋ ਦਿਨ ਦੇ ਸਾਰੇ ਕੰਮਾਂ ਨੂੰ ਸਮੇਂ ਸਿਰ ਕਰਨ ਲਈ ਸਮਾਂ ਸਾਰਣੀ ਬਹੁਤ ਹੀ ਜ਼ਰੂਰੀ ਹੈ। ਸਮਾਂ ਸਾਰਣੀ ਛੋਟੇ ਬੱਚੇ ਤੋਂ ਲੈ ਕੇ ਬਜ਼ੁਰਗਾਂ ਤਕ ਸਭ ਨੂੰ ਹੀ ਬਣਾਉਣੀ ਚਾਹੀਦੀ ਹੈ।

ਖੁੱਲ੍ਹੇ ਮਾਹੌਲ ਦੀ ਜ਼ਰੂਰਤ

ਦਿਨ ਲੇਖੇ ਲਗਾਉਣ ਦੀ ਜ਼ਿੰਮੇਵਾਰੀ ਸਿਰਫ਼ ਬੱਚਿਆਂ ਦੀ ਹੀ ਨਹੀਂ ਸਗੋਂ ਸਭ ਦੀ ਹੀ ਹੈ। ਵੱਡੇ ਆਪਣੀ ਸਮਾਂ ਸਾਰਣੀ ਖ਼ੁਦ ਹੀ ਬਣਾ ਸਕਦੇ ਹਨ ਪਰ ਬੱਚਿਆਂ ਦੀ ਸਮਾਂ-ਸਾਰਣੀ ਇਸ ਤਰਾਂ ਦੀ ਬਣਾਉਣੀ ਚਾਹੀਦੀ ਹੈ ਕਿ ਉਨ੍ਹਾਂ ਨੂੰ ਇੰਝ ਨਾ ਲੱਗੇ ਕਿ ਸਮੇਂ ਨੇ ਉਨ੍ਹਾਂ ਨੂੰ ਬੰਨ੍ਹ ਕੇ ਬਿਠਾ ਲਿਆ ਕਿਉਂਕਿ ਸਕੂਲ ਵਿਚ ਵੀ ਸਾਰੇ ਬੱਚੇ ਮਿੱਥੇ ਸਮੇਂ ਅਨੁਸਾਰ ਹਰ ਕੰਮ ਕਰਦੇ ਹਨ ਤੇ ਘਰ ਆ ਕੇ ਉਨ੍ਹਾਂ ਨੂੰ ਖੁੱਲ੍ਹੇ ਮਾਹੌਲ ਦੀ ਜ਼ਰੂਰਤ ਹੁੰਦੀ ਹੈ। ਉਹਨਾਂ ਨੂੰ ਖੁੱਲ੍ਹੇ ਸਮੇਂ ਅਨੁਸਾਰ ਸਭ ਕੁਝ ਕਰਨ ਦਿਉ। ਖੁੱਲ੍ਹੇ ਸਮੇਂ ਤੋਂ ਭਾਵ ਹੈ ਕਿ ਉਨ੍ਹਾਂ ਦੀ ਸਮਾਂ ਸਾਰਣੀ ਵਿਚ ਸਿਰਫ਼ ਤੇ ਸਿਰਫ਼ ਕੰਮ ਹੀ ਅੰਕਿਤ ਕੀਤੇ ਜਾਣ, ਜੋ ਉਨ੍ਹਾਂ ਦੇ ਸਰਬਪੱਖੀ ਵਿਕਾਸ ਵਿਚ ਸਹਾਈ ਹੋਣ। ਦਿਨ ਵਿੱਚ ਉਨ੍ਹਾਂ ਨੇ ਜੋ ਵੀ ਕਰਨਾ ਹੈ, ਉਹ ਸਾਰੇ ਕੰਮ ਸਮਾਂ-ਸਾਰਣੀ ਵਿਚ ਲਿਖੋ, ਜਿਵੇਂ ਪੜ੍ਹਾਈ,ਖੇਡਣਾ,ਕਸਰਤ,ਸਰੀਰਕ ਸਫਾਈ, ਆਲੇ-ਦੁਆਲੇ ਦੀ ਸਫ਼ਾਈ, ਬੱਚੇ ਦੀਆਂ ਰੁਚੀਆਂ, ਧਾਰਮਿਕ ਗਤੀਵਿਧੀਆਂ, ਨੈਤਿਕ ਕਦਰਾਂ-ਕੀਮਤਾਂ, ਖਾਣ-ਪੀਣ ਅਤੇ ਟੀਵੀ ਦੇਖਣਾ ਆਦਿ।

ਸਮੇਂ ਦੀ ਦਿੱਤੀ ਜਾਵੇ ਹੱਦ

ਇਹ ਸਭ ਕੁਝ ਅੰਕਿਤ ਕਰਨਾ ਇਸ ਲਈ ਜ਼ਰੂਰੀ ਹੈ, ਤਾਂ ਜੋ ਬੱਚਿਆਂ ਨੂੰ ਇਹ ਨਾ ਮਹਿਸੂਸ ਹੋਵੇ ਕਿ ਇਸ ਸਮਾਂ-ਸਾਰਣੀ ਵਿੱਚ ਤਾਂ ਉਨ੍ਹਾਂ ਦੇ ਮਨੋਰੰਜਨ ਲਈ ਕੁਝ ਵੀ ਨਹੀਂ ਪਰ ਇਹ ਬੱਚਿਆਂ 'ਤੇ ਛੱਡੋ ਕਿ ਉਹ ਇਹ ਸਾਰੇ ਕੰਮ ਕਿਹੜੇ ਸਮੇਂ ਜਾਂ ਕਿੰਨੇ ਸਮੇਂ ਵਿਚ ਕਰਨ। ਸਮੇਂ ਦੀ ਇੱਕ ਹੱਦ ਜ਼ਰੂਰ ਦਿੱਤੀ ਜਾਵੇ ਕਿ ਰਾਤ ਫਲਾਣੇ ਸਮੇਂ ਤੋਂ ਪਹਿਲਾਂ ਇਹ ਸਾਰੇ ਕੰਮ ਕਰਨੇ ਹਨ। ਨਹੀਂ ਤਾਂ ਉਹ ਆਖਣਗੇ ਕਿ ਸੌਣ ਵੇਲੇ ਕਰ ਲਵਾਂਗੇ, ਜੋ ਸਹੀ ਨਹੀਂ। ਇਹ ਸਮਾਂ-ਸਾਰਣੀ ਉਥੇ ਲਗਾਉਣੀ ਹੈ, ਜਿੱਥੇ ਬੱਚਾ ਉਸ ਨੂੰ ਵਾਰ-ਵਾਰ ਦੇਖੇ ਤੇ ਆਪਣੇ ਕੀਤੇ ਕੰਮਾਂ 'ਤੇ ਸਹੀ ਦਾ ਨਿਸ਼ਾਨ ਲਗਾਉਂਦਾਰਹੇ। ਹੋ ਸਕਦਾ ਹੈ ਕਿ ਉਹ ਕੁਝ ਦਿਨ ਸਾਰੇ ਕੰਮ ਨਾ ਕਰ ਪਾਵੇ ਤਾਂ ਉਸ ਨੂੰ ਝਿੜਕੋ ਨਾ ਸਗੋਂ ਕਹੋ ਕਿ ਕੋਈ ਨਾ ਕੱਲ੍ਹ ਫਿਰ ਕੋਸ਼ਿਸ਼ ਕਰਾਂਗੇ।

ਬੋਝ ਦਾ ਨਾ ਬਣੇ ਕਾਰਨ

ਜਦੋਂ ਬੱਚੇ ਹਰ ਰੋਜ਼ ਸਾਹਮਣੇ ਲੱਗੀ ਸਮਾਂ-ਸਾਰਣੀ ਦੇਖਣਗੇ, ਤਾਂ ਉਹ ਸਾਰੇ ਕੰਮਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਜ਼ਰੂਰ ਕਰਨਗੇ। ਕੁਝ ਬੱਚੇ ਤਾਂ ਸਮੇਂ ਦੀ ਵੰਡ ਖ਼ੁਦ ਹੀ ਕਰ ਲੈਣਗੇ।

ਜੋ ਬੱਚੇ ਨਹੀਂ ਕਰ ਪਾਉਣਗੇ, ਉਨ੍ਹਾਂ ਦੀ ਮਦਦ ਉਨ੍ਹਾਂ ਦੇ ਮਾਤਾ-ਪਿਤਾ ਨੂੰ ਕਰਨੀ ਚਾਹੀਦੀ ਹੈ। ਜੇ ਫਿਰ ਵੀ ਨਹੀਂ ਕਰ ਪਾਉਣ ਤਾਂ ਬੱਚਿਆਂ ਨੂੰ ਉਨ੍ਹਾਂ ਦੀ ਸਮਾਂ ਸਾਰਣੀ ਵਿੱਚੋਂ ਕੁਝ ਕੰਮ ਘੱਟ ਵੀ ਕੀਤੇ ਜਾ ਸਕਦੇ ਹਨ। ਹੌਲੀ-ਹੌਲੀ ਕੰਮਾਂ ਵਿੱਚ ਵਾਧਾ ਕੀਤਾ ਜਾਵੇ ਤਾਂ ਜੋ ਬੋਝ ਘਟਾਉਣ ਲਈ ਬਣਾਈ ਗਈ ਸਮਾਂ ਸਾਰਣੀ ਹੀ ਬੱਚੇ ਲਈ ਬੋਝ ਦਾ ਕਾਰਨ ਨਾ ਬਣ ਜਾਵੇ। ਸੋ ਇਸ ਤਰ੍ਹਾਂ ਕਰਨ ਨਾਲ ਸਾਰੇ ਬੱਚੇ ਸਮੇਂ ਦਾ ਸਦ-ਉਪਯੋਗ ਕਰਨਾ ਸਿੱਖ ਜਾਣਗੇ ਅਤੇ ਚੰਗੇ ਵਿਦਿਆਰਥੀ ਤੇ ਆਗਿਆਕਾਰੀ ਬੱਚੇ ਕਹਾਉਣਗੇ ਅਤੇ ਵੱਡੇ ਹੋ ਕੇ ਦੇਸ਼ ਦੇ ਚੰਗੇ ਨਾਗਰਿਕ ਬਣਨਗੇ। -0-

ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ

ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨਾ

ਕੋਹਨੂਰ ਬਾਰੇ ਇਕ ਇਤਿਹਾਸਕ ਭੁਲੇਖਾ

ਕੋਹਨੂਰ ਦੇ ਮੁਗਲਾਂ ਦੇ ਕਬਜ਼ੇ ਵਿਚ ਆਵਣ ਬਾਰੇ ਇਕ ਦੋ ਇਤਿਹਾਸਾਂ ਵਿਚ ਲਿਖਿਆ ਮਿਲਦਾ ਹੈ ਕਿ ਇਹ ਹੀਰਾ ਸੰਨ 1628 ਈ: ਨੂੰ ਮੀਰ ਜੁਮਲਾ ਵਜੀਰ ਅਬਦੁਲ ਕੁਤਬ ਸ਼ਾਹ ਬਾਦਸ਼ਾਹ ਗੋਲ ਕੰਡਾ ਨੇ ਸ਼ਾਹਜ਼ਾਦਾ ਔਰੰਗਜ਼ੇਬ ਦੀ ਭੇਟਾ ਕੀਤਾ, ਜਦ ਸ਼ਾਹਜਾਦਾ ਦੱਖਣ ਦਾ ਗਵਰਨਰ ਸੀ। ਖੋਜ ਕੀਤਿਆਂ ਇਸ ਲਿਖਤ ਦੀ ਪੁਸ਼ਟੀ ਲਈ ਕੋਈ ਪਰਮਾਣਿਕ ਸਬੂਤ ਨਹੀਂ ਮਿਲਦਾ, ਸਗੋਂ ਇਸ ਦੇ ਖੰਡਨ ਲਈ ਚੋਖਾ ਮਸਾਲਾ ਮਿਲਦਾ ਹੈ। ਉਹ ਹੀਰਾ ਜਿਹੜਾ ਮੀਰ ਜੁਮਲਾ ਨੇ ਔਰੰਗਜ਼ੇਬ ਨੂੰ ਦਿੱਤਾ ਸੀ ਉਹ ਕੋਹਨੂਰ ਨਹੀਂ ਸੀ। ਉਹ ਇਕ ਹੋਰ ਹੀਰਾ ਸੀ ਜਿਹੜਾ ਗੋਲ ਕੰਡੇ ਦੀ ਹੀਰਿਆਂ ਦੀ ਖਾਨ ਵਿਚੋਂ ਮਿਲਿਆ ਸੀ, ਜਿਸ ਦਾ ਨਾਂ 'ਮੁਗਲ' ਸੀ।



ਮੁਗਲ ਹੀਰੇ ਨੂੰ ਸੰਨ 1665 ਵਿਚ ਫਰਾਂਸ ਦੇ ਪ੍ਰਸਿੱਧ ਜਵਾਹਰੀ ਤੇ ਸੈਲਾਨੀ ਟਰੈਵੇਨੀਅਰ ਨੇ ਔਰੰਗਜ਼ੇਬ ਬਾਦਸ਼ਾਹ ਦੀ ਆਗਿਆ ਨਾਲ ਡਿੱਠਾ ਸੀ। ਇਸ ਬਾਰੇ ਉਹ ਲਿਖਦਾ ਹੈ-ਇਹ ਗੋਲ ਕੰਡੀ ਖਾਨ ਵਿਚੋਂ ਮਿਲਿਆ ਸੀ, ਉਸ ਸਮੇਂ ਇਸ ਦਾ ਵਜ਼ਨ ਬਿਨਾਂ ਸਫਾਈ 783 ਕਰਾਤ ਜਾਂ 900 ਰੱਤੀ ਸੀ, ਇਸ ਦੀ ਆਬ ਵਧੇਰੀ ਸਾਫ ਅਤੇ ਚਮਕੀਲੀ ਨਹੀਂ ਸੀ, ਇਹ ਕੁਝ ਮਿੱਟੀ ਰੰਗੀ ਭਾ ਮਾਰਦਾ ਸੀ। ਕੋਹਨੂਰ ਅਤੇ ਇਸ ਮੁਗਲ ਹੀਰੇ ਦੀ ਚਮਕ ਵਿਚ ਦਿਨ ਰਾਤ ਦਾ ਅੰਤਰ ਸੀ। ਕਟਾਈ ਅਤੇ ਸਫਾਈ ਦੇ ਬਾਅਦ ਇਸ ਦਾ ਤੋਲ ਘੱਟ ਕੇ 319 ਰੱਤੀ ਜਾਂ 279 ਕਰਾਤ ਦੇ ਲਗਭਗ ਰਹਿ ਗਿਆ। ਇਸ ਹੀਰੇ ਦਾ ਚਿੱਤਰ ਵੀ ਟਰੈਵਨੀਅਰ ਨੇ ਆਪਣੇ ਸਫਰਨਾਮੇ ਵਿਚ ਦਿੱਤਾ ਹੈ। ਇਸ ਤਰ੍ਹਾਂ ਆਨਰੇਬਲ ਮਿਸ ਇਮਲੀ ਈਡਨ ਦੀ ਆਪਣੀ ਚਿੱਤਰਾਵਲੀ ਦੇ ਸਫਾ 16 ਪਰ ਦੋਹਾਂ ਹੀਰਿਆਂ, 'ਕੋਹਨੂਰ' ਤੇ 'ਮੁਗਲ' ਦੇ ਚਿੱਤਰ ਵੱਖੋ-ਵੱਖ ਹਨ। ਉਪਰੋਕਤ ਸਬੂਤਾਂ ਤੋਂ ਸਿੱਧ ਹੋ ਜਾਂਦਾ ਹੈ ਕਿ ਮੀਰ ਜੁਮਲਾ ਵਾਲਾ ਹੀਰਾ ਕੋਹਨੂਰ ਨਹੀਂ ਸੀ ਇਹ 'ਮੁਗਲ' ਨਾਂ ਦਾ ਇਕ ਹੋਰ ਹੀਰਾ ਸੀ।

ਕੋਹਨੂਰ ਮਹਾਰਾਜਾ ਰਣਜੀਤ ਸਿੰਘ ਨੂੰ ਕਿਵੇਂ ਮਿਲਿਆ

ਕੋਹਨੂਰ ਬਾਰੇ ਅਜੇ ਇਹ ਗੱਲ ਲਿਖਣੀ ਬਾਕੀ ਹੈ ਕਿ ਇਹ ਅਮੋਲਕ ਹੀਰਾ ਪੰਜਾਬ ਦੇ ਅਧਿਕਾਰ ਵਿੱਚ ਕਿਵੇਂ ਆਇਆ। ਇਸ ਦਾ ਵੇਰਵਾ ਇਉਂ ਹੈ :-

ਸੰਨ 1812 ਨੂੰ ਕਾਬਲ ਦੇ ਦੋ ਬਾਦਸ਼ਾਹ ਜ਼ਮਾਨ ਤੇ ਸ਼ਾਹ ਸੁਜ਼ਾ ਦੇ ਪਰਿਵਾਰ (ਬੇਗਮਾਂ ਤੇ ਬੱਚੇ ਆਦਿ) ਲਾਹੌਰ ਪਹੁੰਚੇ, ਰਸਤੇ ਵਿਚ ਅਭਾਗੇ ਸ਼ਾਹ ਸੁਜ਼ਾ ਨੂੰ ਜਹਾਨਦਾਦ ਖਾਨ ਗਵਰਨਰ ਅਟਕ ਨੇ ਕੈਦ ਕਰਕੇ ਪਹਿਲੇ ਅਟਕ ਦੇ ਕਿਲ੍ਹੇ ਵਿੱਚ ਰੱਖਿਆ ਅਤੇ ਫਿਰ ਆਪਣੇ ਭਾਈ ਅਤਾ ਮਹੰਮਦ ਖਾਨ ਗਵਰਨਰ ਕਸ਼ਮੀਰ ਕੋਲ ਭਿਜਵਾ ਦਿੱਤਾ।

ਇਸ ਦੇ ਦੂਜੇ ਭਾਈ ਸ਼ਾਹ ਜ਼ਮਾਨ ਦੀਆਂ ਅੱਖਾਂ ਨਿਰਦਈ ਸ਼ਾਹ ਮਹਮੂਤ ਹਾਕਮ ਕਾਬਲ ਨੇ ਅੰਨੀਆਂ ਕਰ ਛੱਡੀਆਂ ਸਨ। ਇਹ ਇਸੇ ਦਖਦਾਈ ਦਸ਼ਾ ਵਿਚ ਸਣੇ ਬੇਗਮਾਂ ਦੇ ਲਾਹੌਰ ਆਇਆ, ਜਿਹਨਾਂ ਦੀ ਮਹਾਰਾਜਾ ਸਾਹਿਬ ਨੇ ਬੜੇ ਖੁੱਲੇ ਦਿਲ ਨਾਲ ਆਓ ਭਗਤ ਕੀਤੀ। ਇਨ੍ਹਾਂ ਦੇ ਵਸੇਵੇਂ ਲਈ ਦੀਵਾਨ ਲਖਪਤ ਰਾਇ ਦੀ ਹਵੇਲੀ, ਜਿਹੜੀ ਸ਼ਾਹ ਆਲਮੀ ਦਰਵਾਜ਼ੇ ਅੰਦਰ ਸੀ ਅਤੇ 'ਮੁਬਾਰਕ ਹਵੇਲੀ' ਦੇ ਨਾਮ ਨਾਲ ਪ੍ਰਸਿੱਧ ਸੀ, ਦਿੱਤੀ ਗਈ। ਇਨਾਂ ਦੇ ਨਿਰਬਾਹ ਲਈ ਬੜੇ ਭਾਰੀ ਰੋਜ਼ੀਨੇ ਨੀਯਤ ਕੀਤੇ ਗਏ ਤੇ ਪ੍ਰਾਹੁਣਚਾਰੀ ਦੀ ਸੇਵਾ ਫਕੀਰ ਅਜ਼ੀਜੁਦੀਨ ਦੇ ਹੱਥ ਸੌਂਪ ਦਿੱਤੀ। ਫਕੀਰ ਇਨ੍ਹਾਂ ਦਾ ਸਭ ਤਰ੍ਹਾਂ ਦਾ ਖਿਆਲ ਰੱਖਦਾ ਸੀ, ਪਰ ਉਨ੍ਹਾਂ ਨੂੰ ਉਸ ਸਮੇਂ ਤੱਕ ਕਦ ਸੁੱਖ ਹੋ ਸਕਦਾ ਸੀ, ਜਦ ਤੀਕ ਸ਼ਾਹ ਸੁਜ਼ਾ ਦੀ ਬੰਦ-ਖਲਾਸੀ ਵੈਰੀਆਂ ਦੇ ਹੱਥਾਂ ਤੋਂ ਨਾ ਹੋ ਜਾਂਦੀ। ਕੁਝ ਦਿਨਾਂ ਦੇ ਬਾਅਦ ਸ਼ਾਹ ਸੁਜ਼ਾ ਦੀ ਪ੍ਰਸਿੱਧ ਬੇਗਮ 'ਵਫਾ ਬੇਗਮ' ਨੇ ਆਪਣੇ ਭਰੋਸੇ ਯੋਗ ਕਰਮਚਾਰੀਆਂ ਮੀਰ ਅਬਦੁਲ ਹੁਸੈਨ ਮੁੱਲਾਂ ਜ਼ਾਫਰ ਅਤੇ ਸ਼ੇਰ ਮੁਹੰਮਦ ਦੀ ਹਾਜ਼ਰੀ ਵਿੱਚ ਫਕੀਰ ਅਜ਼ੀਜੁਦੀਨ ਦੇ ਰਾਹੀਂ ਦੀਵਾਨ ਭਵਾਨੀ ਦਾਸ ਤੇ ਮੋਹਕਮ ਚੰਦ ਨਾਲ ਇਹ ਫੈਸਲਾ ਕੀਤਾ ਕਿ ਜੇ ਮਹਾਰਾਜਾ ਆਪਣੀ ਫੌਜ ਭੇਜ ਕੇ ਸ਼ਾਹ ਸ਼ੁਜ਼ਾ ਨੂੰ ਕਸ਼ਮੀਰੋਂ ਕੈਦ ਤੋਂ ਛੁਡਾ ਲਿਆਵੇ, ਤਾਂ ਮੈਂ ਇਸ ਦੇ ਬਦਲੇ ਉਹ ਇਤਿਹਾਸਕ ਤੇ ਬਹੁਮੁੱਲਾ ਹੀਰਾ 'ਕੋਹਨੂਰ' ਮਹਾਰਾਜ ਦੀ ਭੇਟ ਕਰਾਂਗੀ।

ਫਕੀਰ ਅਜ਼ੀਜੁਦੀਨ, ਦੀਵਾਨ ਭਵਾਨੀ ਦਾਸ ਤੇ ਮੋਹਕਮ ਚੰਦ ਨੇ ਬੇਗਮ ਦਾ ਕੋਹਨੂਰ ਬਾਰੇ ਇਕਰਾਰ ਮਹਾਰਾਜਾ ਸਾਹਿਬ ਨੂੰ ਦੱਸਿਆ ਅਤੇ ਬੇਗਮ ਦੀ ਵਿਆਕੁਲਤਾ ਦਾ ਹਾਲ ਸੁਣਾਇਆ ਤਦ ਮਹਾਰਾਜਾ ਨੇ ਪ੍ਰਵਾਨ ਕਰ ਲਿਆ। ਹੁਣ ਹੋਰ ਕੰਮ ਪਿੱਛੇ ਸੁੱਟ ਕੇ ਲੱਗੀਆਂ ਕਸ਼ਮੀਰ ਤੇ ਚੜ੍ਹਾਈ ਦੀਆਂ ਤਿਆਰੀਆਂ ਹੋਣ। ਅਜੇ ਫੌਜਾਂ ਇਕੱਠੀਆਂ ਹੋ ਰਹੀਆਂ ਸਨ ਕਿ ਇੰਨੇ ਨੂੰ ਸ਼ਾਹ ਮਹਮੂਤ ਵਾਲੀਏ ਕਾਬਲ ਦਾ ਪ੍ਰਸਿੱਧ ਵਜ਼ੀਰ ਫਤਹਿ ਖਾਨ ਦਾ ਏਲਚੀ, ਦੀਵਾਨ ਗੋਦੜ ਮੱਲ, ਬਹੁਮੁੱਲੀਆਂ ਸੁਗਾਤਾਂ ਲੈ ਕੇ ਲਾਹੌਰ ਮਹਾਰਾਜਾ ਦੀ ਸੇਵਾ ਵਿੱਚ ਹਾਜ਼ਰ ਹੋਇਆ ਤੇ ਕਹਿਣ ਲੱਗਾ ਕਿ ਕਸ਼ਮੀਰ ਦਾ ਗਵਰਨਰ ਕਾਬਲ ਦਰਬਾਰ ਤੋਂ ਆਕੀ ਹੋਇਆ ਦਿਸਦਾ ਹੈ ਅਤੇ ਹੁਣ ਫਤਹਿ ਖਾਨ ਕੁਝ ਫੌਜ ਲੈ ਕੇ ਇਧਰ ਨੂੰ ਆਇਆ ਹੈ। ਜੇ ਕਦੀ ਆਪ ਕੁਝ ਆਪਣੀ ਫੌਜ ਦੀ ਇਸ ਸਮੇਂ ਸਹਾਇਤਾ ਦੇਣੀ ਪ੍ਰਵਾਨ ਕਰੋ ਤਾਂ ਕਸ਼ਮੀਰ ਪਰ ਸੰਮਲਿਤ ਸੈਨਾ ਨਾਲ ਚੜ੍ਹਾਈ ਕੀਤੀ ਜਾਵੇ ਅਤੇ ਆਪ ਨੂੰ ਇਸ ਸਹਾਇਤਾ ਬਦਲੇ ਜੰਗੀ ਖਰਚ ਦਾ ਅੱਧਾ ਭਾਗ ਦਿੱਤਾ ਜਾਏਗਾ।

ਮਹਾਰਾਜਾ ਨੇ ਇਸ ਵਿਉਂਤ ਪਰ ਜਦ ਆਪਣੇ ਦਰਬਾਰੀਆਂ ਨਾਲ ਮਿਲ ਕੇ ਵਿਚਾਰ ਕੀਤੀ ਤਾਂ ਸਾਰਿਆਂ ਨੇ ਇਸ ਮੌਕੇ ਤੋਂ ਲਾਭ ਪ੍ਰਾਪਤ ਕਰਨ ਦੇ ਹੱਕ ਵਿਚ ਸੰਮਤੀ ਦਿੱਤੀ, ਜਿਸ ਦੇ ਕਈ ਲਾਭ ਸਨ। ਇਕ ਤਾਂ ਸ਼ਾਹ ਸੁਜ਼ਾ ਨੂੰ ਗਵਰਨਰ ਕਸ਼ਮੀਰ ਦੀ ਕੈਦ ਤੋਂ ਛੁਡਾਉਣ ਲਈ ਮਹਾਰਾਜਾ ਇਕੱਲਾ ਹੀ ਫੌਜ ਭੇਜਣ ਵਾਲਾ ਸੀ, ਜੋ ਹੁਣ ਸੰਮਲਿਤ ਫੌਜਾਂ ਨਾਲ ਸੌਖਾ ਹੀ ਕਾਰਜ ਸਿੱਧ ਹੋ ਜਾਏਗਾ। ਦੂਜਾ ਸ਼ੇਰਿ ਪੰਜਾਬ ਦਾ ਇਹ ਅਟੱਲ ਇਰਾਦਾ ਸੀ ਕਿ ਜਦ ਕੋਈ ਯੋਗ ਸਮਾਂ ਮਿਲਿਆ ਹੈ ਤਾਂ ਕਸ਼ਮੀਰ ਨੂੰ ਫਤਹਿ ਕਰਕੇ ਖਾਲਸਾ ਰਾਜ ਨਾਲ ਮਿਲਾ ਲੀਤਾ ਜਾਏ। ਇਉਂ ਖਾਲਸਾ ਫੌਜ ਦੇ ਸਰਦਾਰ,

ਸਾਰੇ ਰਸਤਿਆਂ ਤੇ ਘਾਟੀਆਂ ਤੋਂ ਚੰਗੀ ਤਰ੍ਹਾਂ ਜਾਣੂੰ ਹੋ ਜਾਣਗੇ, ਜੋ ਅੱਗੇ ਲਈ ਬਹੁਤ ਲਾਭਦਾਇਕ ਸਿੱਧ ਹੋਵੇਗਾ। ਤੀਜਾ ਜੰਗੀ ਖਰਚ ਦਾ ਭਾਗ ਵੀ ਅਫਗਾਨਾਂ ਤੋਂ ਮਿਲ ਜਾਵੇਗਾ। ਇਨ੍ਹਾਂ ਸਾਰੀਆਂ ਗੱਲਾਂ ਨੂੰ ਮੁੱਖ ਰੱਖ ਕੇ ਮਹਾਰਾਜਾ ਨੇ ਫਤਹਿ ਖਾਨ ਨੂੰ ਸਹਾਇਤਾ ਦੇਣੀ ਪਰਵਾਨ ਕਰ ਲਈ। ਹੁਣ ਬਾਰਾਂ ਹਜ਼ਾਰ ਖ਼ਾਲਸਾ ਫੌਜ ਦੀਵਾਨ ਮੋਹਕਮ ਚੰਦ, ਸ: ਨਿਹਾਲ ਸਿੰਘ ਅਟਾਰੀ ਵਾਲਾ ਤੇ ਜੋਧ ਸਿੰਘ ਕਲਸੀਆਂ ਦੀ ਸਰਦਾਰੀ ਵਿਚ ਤਿਆਰ ਕਰਕੇ ਲਾਹੌਰ ਤੋਂ ਤੋਰੀ ਗਈ।

ਇਉਂ ਦੋਹਾਂ ਫੌਜਾਂ ਨੇ ਪਹਿਲੀ ਦਸੰਬਰ 1812 ਨੂੰ ਜੇਹਲਮ ਤੋਂ ਕੂਚ ਕਰਕੇ ਪੀਰ ਪੰਜਾਲ ਦੇ ਕਸ਼ਮੀਰ ਵੱਲ ਚੜ੍ਹਾਈ ਕੀਤੀ, ਦੋਵੇਂ ਫੌਜਾਂ ਆਪਣੀ ਵੀਰਤਾ ਦਾ ਸਿੱਕਾ ਇਕ ਦੂਸਰੇ ਦੇ ਦਿਲਾਂ ਤੇ ਜਮਾਉਣ ਲਈ ਵੱਧ ਵੱਧ ਕੇ ਆਪਣੀ ਵੀਰਤਾ ਦਾ ਸਬੂਤ ਦਿੰਦੀਆਂ ਰਹੀਆਂ ।

ਉਧਰ ਅਤਾ ਮੁਹੰਮਦ ਖ਼ਾਨ ਹਾਕਮ ਕਸ਼ਮੀਰ ਨੂੰ ਜਦ ਇਨ੍ਹਾਂ ਫੌਜਾਂ ਦੇ ਕਸ਼ਮੀਰ ਵੱਲ ਵਧਦੇ ਆਉਣ ਦੀ ਖਬਰ ਪਹੁੰਚੀ ਤਾਂ ਉਸ ਵੀ ਤੁਰੰਤ ਫੁਰਤੀ ਨਾਲ ਤਿਆਰੀਆਂ ਕਰਕੇ ਵੈਰੀਆਂ ਦੀ ਫੌਜ ਨੂੰ ਅੱਗੇ ਵਧਣ ਤੋਂ ਰੋਕਣ ਦਾ ਪੱਕਾ ਪ੍ਰਬੰਧ ਕਰ ਲਿਆ। ਤੰਗ ਘਾਟੀਆਂ ਤੇ ਕਠਿਨ ਰਸਤਿਆਂ ਨੂੰ ਪੱਥਰਾਂ ਤੇ ਦਰੱਖਤਾਂ ਨਾਲ ਭਰਵਾ ਕੇ ਇਨ੍ਹਾਂ ਨੂੰ ਵਧੇਰਾ ਕਠਿਨ ਕਰਵਾ ਦਿੱਤਾ। ਉਪਰੋਂ ਕਰਨਾ ਕਰਤਾਰ ਦਾ ਇਹ ਹੋਇਆ ਕਿ ਬੜੇ ਜ਼ੋਰ ਦੀ ਬਰਫ ਪੈਣ ਲੱਗੀ, ਜਿਸ ਦੇ ਕਾਰਨ ਕਠਿਨਾਈ ਹੋਰ ਵੀ ਵੱਧ ਗਈ, ਪਰ ਖਾਲਸੇ ਦੇ ਅਮਿੱਟ ਜੋਸ਼ ਮੂਹਰੇ ਸਭ ਕਠਿਨਾਈਆਂ ਦੂਰ ਹੁੰਦੀਆਂ ਗਈਆਂ। ਸ਼ੇਰਪੁਰ ਤੇ ਹਰੀ ਪਰਬਤ ਤੇ ਲਹੂ ਡੋਲ੍ਹਵੀਆਂ ਲੜਾਈਆਂ ਹੋਈਆਂ ਜਿਹਨਾਂ ਦੋਵਾਂ ਵਿਚ ਸੰਮਲਿਤ ਫੌਜ ਦੀ ਫਤਹਿ ਰਹੀ ਤੇ ਹੋਰ ਨਿੱਕੇ ਵੱਡੇ ਕਿਲ੍ਹੇ ਵੀ ਇਕ ਦੂਜੇ ਦੇ ਬਾਅਦ ਇਨ੍ਹਾਂ ਦੇ ਅਧਿਕਾਰ ਵਿੱਚ ਆ ਗਏ। ਅਤਾ ਮੁਹੰਮਦ ਖਾਨ ਨੇ ਜਦ ਹੋਰ ਟਾਕਰੇ ਦੀ ਸ਼ਕਤੀ ਆਪਣੇ ਵਿਚ ਨਾ ਵੇਖੀ ਤਾਂ ਉਹ ਕਿਲ੍ਹਾ ਸ਼ੇਰ ਗੜ੍ਹੀ ਵਿਚ ਆਕੀ ਹੋ ਬੈਠਾ। ਖਾਲਸਾ ਫੌਜਾਂ ਨੇ ਇਸ ਨੂੰ ਕਰੜੇ ਘੇਰੇ ਵਿਚ ਰੱਖ ਲਿਆ ਅਤੇ ਬਾਹਰੋਂ ਐਸਾ ਜ਼ੋਰ ਪਾਇਆ ਕਿ ਥੋੜੇ ਦਿਨਾਂ ਵਿਚ ਹੀ ਅਤਾ ਮੁਹੰਮਦ ਨੇ ਅਤਾਇਤ ਮੰਨ ਲੀਤੀ। ਹੁਣ ਕਿਲ੍ਹੇ ਤੇ ਖਾਲਸੇ ਦਾ ਪੂਰਾ ਪੂਰਾ ਅਧਿਕਾਰ ਹੋ ਗਿਆ ਤੇ ਬਹੁਤ ਸਾਰਾ ਵਡਮੁੱਲਾ ਸਾਮਾਨ ਖਾਲਸੇ ਦੇ ਹੱਥ ਆਇਆ। ਕਿਲ੍ਹੇ ਵਿੱਚ ਵੜਦਿਆਂ ਹੀ ਇਕ ਕਾਬਲੀ ਨੌਕਰ ਨੇ ਸ: ਨਿਹਾਲ ਸਿੰਘ ਨੂੰ ਪਤਾ ਦਿੱਤਾ ਕਿ ਅਭਾਗਾ ਸ਼ਾਹ ਸੁਜ਼ਾ ਜੰਜੀਰਾਂ ਵਿਚ ਜਕੜਿਆ ਹੋਇਆ ਇਸੇ ਹੀ ਕਿਲ੍ਹੇ ਵਿਚ ਡੱਕਿਆ ਹੋਇਆ ਹੈ। ਉਹਦੀ ਤੁਰੰਤ ਭਾਲ ਕੀਤੀ ਗਈ ਤੇ ਛੇਕੜ ਉਹ ਕਾਲ ਕੋਠੜੀ ਵਿਚੋਂ ਲੱਭਾ। ਅਪਦਾ ਦੇ ਮਾਰੇ ਹੋਏ ਸ਼ਾਹ ਸੁਜ਼ਾ ਦੀ ਦਸ਼ਾ ਇਸ ਸਮੇਂ ਬੜੀ ਹੀ ਤਰਸਯੋਗ ਸੀ, ਉਸ ਦੀਆਂ ਲੱਤਾਂ ਭਾਰੀ ਜੰਜੀਰਾਂ ਦੇ ਕਾਰਨ ਲਹੂ-ਲੁਹਾਨ ਸਨ, ਉਸ ਦੇ ਮੈਲੇ ਤੇ ਲੱਥੇ ਹੋਏ ਕੱਪੜੇ ਉਸ ਦਾ ਪਾਟਿਆ ਪੋਸਤੀਨ ਸਮੇਂ ਦੇ ਚੱਕਰ ਦਾ ਨਕਸ਼ਾ ਅੱਖਾਂ ਮੂਹਰੇ ਲਿਆ ਖੜ੍ਹਾ ਕਰਦਾ ਸੀ। ਸ਼ਾਹ ਨੂੰ ਤੁਰੰਤ ਖਾਲਸਾ ਕੈਂਪ ਵਿਚ ਲਿਆਂਦਾ ਗਿਆ ਤੇ ਜ਼ੰਜੀਰਾਂ ਕਟਵਾ ਕੇ ਉਸ ਦੀ ਬੰਦ-ਖਲਾਸੀ ਕੀਤੀ ਗਈ, ਫੇਰ ਬਹੁਮੁੱਲੀ ਖਿੱਲਤ ਉਸ ਨੂੰ ਪਹਿਨਾਈ ਗਈ। ਇਥੇ ਇਸ ਨੂੰ ਦੱਸਿਆ ਗਿਆ ਕਿ ਉਸ ਦਾ ਭਾਈ ਸਣੇ ਪਰਿਵਾਰ ਲਾਹੌਰ ਵਿਚ ਪਹੁੰਚ ਗਿਆ ਹੈ। ਪਰ ਇਸ ਅਭਾਗੇ ਦੇ ਸਿਰ ਤੋਂ ਅਜੇ ਵੀ ਆਪਦਾ ਨਹੀਂ ਸੀ ਟਲੀ, ਕਿਉਂਕਿ ਜਦ ਵਜ਼ੀਰ ਫਤਹਿ ਖਾਨ ਨੂੰ ਪਤਾ ਲੱਗਾ ਕਿ ਸੁਜ਼ਾ ਖਾਲਸੇ ਦੇ ਹੱਥ ਆ ਗਿਆ ਹੈ, ਤਾਂ ਉਹ ਤਰਲੋ-ਮੱਛੀ ਹੋਇਆ ਕਿਉਂਕਿ ਉਹ ਚਾਹੁੰਦਾ ਸੀ ਕਿ ਉਸ ਨੂੰ ਇਵੇਂ ਹੀ ਜ਼ੰਜੀਰਾਂ ਵਿਚ ਜਕੜਿਆ ਹੋਇਆ ਕਾਬਲ ਭੇਜ ਦੇਵੇ। ਸ਼ਾਹ ਸੁਜ਼ਾ ਨੂੰ ਆਪਣੇ ਅਧਿਕਾਰ ਵਿਚ ਲੈਣ ਲਈ ਫਤਹਿ ਖਾਨ ਨੇ ਸਿੱਖ ਜਰਨੈਲਾਂ ਤੋਂ ਬੜੀ ਜ਼ੋਰਦਾਰ ਮੰਗ ਕੀਤੀ। ਅਗੋਂ ਸ: ਨਿਹਾਲ ਸਿੰਘ ਤੇ ਮੋਹਕਮ ਚੰਦ ਨੇ ਸ਼ਾਹ ਨੂੰ ਵਜ਼ੀਰ ਦੇ ਹੱਥ ਸੌਂਪਣ ਤੋਂ ਸਾਫ ਨਾਂਹ ਕਰ ਦਿੱਤੀ। ਵਜ਼ੀਰ ਨੇ ਮੁੜ ਮੰਗ ਕੀਤੀ, ਇਨ੍ਹਾਂ ਨੇ ਦੂਜੀ ਵਾਰ ਵੀ ਦੋ-ਟੂੱਕ ਉਤਰ ਦਿੱਤਾ। ਇਸ ਗੱਲ ਤੋਂ ਵਜ਼ੀਰ ਫਤਹਿ ਖਾਨ ਅਤੇ ਦੀਵਾਨ ਮੋਹਕਮ ਚੰਦ ਵਿਚਾਲੇ ਕੁਝ ਬੇਰਸੀ ਹੋ ਗਈ। ਇਥੋਂ ਇਸੇ ਹਾਲਤ ਵਿਚ ਦੀਵਾਨ ਮੋਹਕਮ ਚੰਦ ਸਣੇ ਖਾਲਸਾ ਦਲ ਦੇ ਸ਼ਾਹ ਸੁਜ਼ਾ ਨੂੰ ਨਾਲ ਲੈ ਕੇ ਲਾਹੌਰ ਪਰਤ ਆਇਆ। ਇਹ ਫੌਜ ਜਦ ਲਾਹੌਰ ਪਹੁੰਚੀ ਤਾਂ ਇਹਨਾਂ ਦੀ ਬੜੀ ਸ਼ਲਾਘਾ ਕੀਤੀ ਗਈ ਅਤੇ ਇਨ੍ਹਾਂ ਨੂੰ ਬਹੁਮੁੱਲੀਆਂ ਖਿਲਤਾਂ ਬਖਸ਼ੀਆਂ। ਸ਼ਾਹ ਸੁਜ਼ਾ ਨੂੰ ਇਕ ਸ਼ਾਹੀ ਜਲੂਸ ਦੀ ਸ਼ਾਨ ਨਾਲ ਉਸ ਦੇ ਸਬੰਧੀਆਂ ਪਾਸ ਭਿਜਵਾ ਦਿੱਤਾ।

ਇਸ ਲੜਾਈ ਤੋਂ ਵਿਹਲੇ ਹੋ ਕੇ ਜਦ ਦੀਵਾਨ ਭਵਾਨੀ ਦਾਸ ਅਤੇ ਫਕੀਰ ਅਜ਼ੀਜ਼ੁਦੀਨ ਨੇ ਸ਼ਾਹ ਸੁਜ਼ਾ ਤੋਂ ਕੋਹਨੂਰ ਹੀਰਾ ਮੰਗਿਆ, ਜਿਸ ਦਾ ਵੱਡੀ ਬੇਗਮ ਨੇ ਉਸ ਨੂੰ ਕੈਦ ਤੋਂ ਛੁਡਾਉਣ ਦੇ ਬਦਲੇ ਦੇਣ ਦਾ ਵਾਇਦਾ ਕੀਤਾ ਸੀ, ਤਦ ਇਹ ਕੁਝ ਆਲੇ ਟਾਲੇ ਕਰਨ ਲੱਗਾ। ਇਸ ਸਮੇਂ ਇਸ ਨੇ ਕਈ ਗੱਲਾਂ ਅਸੱਤ ਵੀ ਕਹੀਆਂ। ਪਹਿਲਾਂ ਇਸ ਦੱਸਿਆ ਕਿ ਕੋਹਨੂਰ ਉਸ ਦੇ ਪਾਸ ਨਹੀਂ, ਉਹ ਕੰਧਾਰ ਵਿਚ ਇਕ ਧਨੀ ਪਾਸ ਛੇ ਕਰੋੜ ਰੁਪਏ ਵਿਚ ਗਹਿਣੇ ਧਰਿਆ ਹੋਇਆ ਹੈ। ਮੁੜ ਇਸ ਕਿਹਾ ਕਿ ਇਹ ਜਦ ਅਫਗਾਨਿਸਤਾਨ ਤੋਂ ਭੱਜਿਆ ਤਾਂ ਇਸ ਹਫੜਾਦਫੜੀ ਵਿੱਚ ਕੋਹਨੂਰ ਕਿਤੇ ਡਿੱਗ ਪਿਆ ਸੀ। ਤੀਜੀ ਵੇਰ ਇਸ ਨੇ ਇੱਕ ਮੋਟਾ ਸਾਰਾ ਪੁਖਰਾਜ ਜੋ ਪੀਲੇ ਰੰਗ ਦਾ ਸੀ, ਫਕੀਰ ਦੇ ਹੱਥ ਦਿੱਤਾ ਤੇ ਦੱਸਿਆ ਕਿ ਉਹੋ ਕੋਹਨੂਰ ਹੈ। ਮਹਾਰਾਜਾ, ਸ਼ਾਹ ਦੀਆਂ ਇਨ੍ਹਾਂ ਬੇਥਵ੍ਹੀਆਂ ਗੱਲਾਂ ਸੁਣ ਸੁਣ ਕੇ ਹੱਸ ਛੱਡਦਾ ਸੀ। ਵਿਸ਼ੇਸ਼ ਕਰਕੇ ਇਸ ਪੁਖਰਾਜ ਨੂੰ ਸ਼ਾਹ ਦਾ ਕੋਹਨੂਰ ਦੱਸਣੇ ਪਰ ਤਾਂ ਬੜਾ ਖਿੜਖਿੜਾ ਕੇ ਹੱਸਿਆ ਤੇ ਸਰਕਾਰ ਨੇ ਸ਼ਾਹ ਦੀਆਂ ਉਪਰੋਕਤ ਬੱਚਿਆਂ ਵਾਲੀਆਂ ਹਰਕਤਾਂ ਵੇਖ ਸੁਣ ਕੇ ਕ੍ਰੋਧ ਵਿਚ ਅਧੀਰ ਹੋਣ ਦੀ ਥਾਂ ਆਪਣੇ ਖੁਲ੍ਹੇ ਸੁਭਾਅ ਅਨੁਸਾਰ ਇਕ ਦਿਨ ਆਪ ਸਣੇ ਭਾਈ ਰਾਮ ਸਿੰਘ, ਫਕੀਰ ਅਜ਼ੀਜ਼ੁਦੀਨ, ਦੀਵਾਨ ਭਵਾਨੀ ਦਾਸ, ਮੋਹਕਮ ਚੰਦ ਅਤੇ ਭਾਈ ਗੁਰਮੁਖ ਸਿੰਘ ਦੇ ਮੁਬਾਰਕ ਹਵੇਲੀ ਵਿਚ ਪੁੱਜੇ ਅਤੇ ਸ਼ਾਹ ਸੁਜ਼ਾ ਨਾਲ ਅਤਿ ਪਿਆਰ ਨਾਲ ਮਿਲੇ ਅਤੇ ਉਸ ਨੂੰ ਭਰੋਸਾ ਦਿਵਾਇਆ ਕਿ ਭਾਵੇਂ ਸ਼ਾਹ ਨੂੰ ਕੈਦ ਤੋਂ ਛੁਡਾਉਣ ਵਿਚ ਉਸ ਦਾ ਕਈ ਲੱਖ ਰੁਪਿਆ ਖਰਚ ਹੋਇਆ ਹੈ ਅਤੇ ਸੈਂਕੜੇ ਜਾਨਾਂ ਵਾਰਨੇ ਹੋਈਆਂ ਹਨ, ਨਾਲ ਹੀ ਵੱਡੀ ਬੇਗਮ ਸਾਹਿਬਾਨ ਨੇ ਕੋਹਨੂਰ ਦੇ ਦੇਣ ਦਾ ਆਪਣੀ ਖੁਸ਼ੀ ਨਾਲ ਬਚਨ ਕੀਤਾ ਹੈ। ਪਰ ਇਸ ਸਭ ਕੁਝ ਦੇ ਹੁੰਦਿਆਂ ਮਹਾਰਾਜਾ ਨੇ ਸਾਫ ਦੱਸ ਦਿੱਤਾ ਕਿ ਤਿੰਨ ਲੱਖ ਰੁਪਿਆ ਆਪ ਨੂੰ ਰੋਕ ਦਿੱਤਾ ਜਾਏਗਾ ਅਤੇ 50,000 ਰੁਪਏ ਸਾਲਾਨਾ ਦੀ ਪੱਕੀ ਜਾਗੀਰ ਦਿੱਤੀ ਜਾਏਗੀ। ਆਪਣੀ ਸਾਫ-ਦਿਲੀ ਦਾ ਪਰਤੱਖ ਸਬੂਤ ਦੇਣ ਲਈ 50,000 ਰੁਪਏ ਦੀਆਂ ਥੈਲੀਆਂ ਉਸੇ ਥਾਂ ਉਸ ਦੇ ਮੁਹਰੇ ਰੱਖ ਦਿੱਤੀਆਂ ਤੇ ਬਾਕੀ ਲਈ ਕਿਹਾ ਗਿਆ ਕਿ ਜਦ ਚਾਹੇ ਲੈ ਸਕੇਗਾ। ਸ਼ਾਹ ਨੇ ਮਹਾਰਾਜਾ ਦੇ ਇਸ ਚੰਗੇ ਵਰਤਾਵ ਨੂੰ ਵੇਖ ਕੇ ਸ਼ਰਤਾਂ ਨੂੰ ਪ੍ਰਵਾਨ ਕਰ ਲਿਆ। ਮਹਾਰਾਜੇ ਦੇ ਫੁਰਮਾਨ ਅਨੁਸਾਰ ਕੇਸਰੀ ਰੰਗ ਨਾਲ 1 ਜੂਨ 1813 ਮੁਤਾਬਿਕ 29 ਸਮਾਦੀ-ਉਲ-ਅਵਲ ਹਿਜਰੀ ਨੂੰ ਜਾਗੀਰ ਦਾ ਪਟਾ ਲਿਖਿਆ ਗਿਆ, ਜਿਸ ਵਿਚ ਇਹ ਇਲਾਕਾ ਸੀ:-

1. ਕੋਟ ਕਮਾਲੀਆ 2. ਝੰਗ ਤੇ ਸਿਆਲ 3. ਕਲਾਨੂਰ ਦਾ ਪਰਗਨਾ ਸ਼ਾਮਿਲ ਸੀ। ਇਸ ਤੋਂ ਛੁੱਟ ਜਦ ਸ਼ਾਹ ਸੁਜ਼ਾ ਕਾਬਲ ਪਰ ਚੜ੍ਹਾਈ ਕਰਨਾ ਚਾਹੇ ਤਾਂ ਸੈਨਾ ਅਤੇ ਮਾਇਆ ਨਾਲ ਵੀ ਉਸ ਦੀ ਯੋਗ ਸਹਾਇਤਾ ਕੀਤੀ ਜਾਏਗੀ।

ਇਸ ਦੇ ਉਪਰੰਤ ਸ਼ਾਹ ਸੁਜ਼ਾ ਨੇ ਕੋਹਨੂਰ ਮੰਗਵਾ ਕੇ ਮਹਾਰਾਜਾ ਰਣਜੀਤ ਸਿੰਘ ਦੇ ਹੱਥ ਪਰ ਰੱਖ ਦਿੱਤਾ।

ਇਹ ਹੈ ਮਹਾਰਾਜਾ ਰਣਜੀਤ ਸਿੰਘ ਦੇ ਅਧਿਕਾਰ ਵਿੱਚ ਕੋਹਨੂਰ ਦੇ ਆਵਣ ਦੀ ਕਹਾਣੀ।

-0-

ਕੇਸ ਅਤੇ ਜੀਵਨਸ਼ੈਲੀ

ਡਾ. ਦਰਸ਼ਨਜੋਤ ਕੌਰ
98157-19118

ਹਰ ਭੂਗੋਲਿਕ ਖੇਤਰ ਵਿਚ ਜੀਵਨ ਸ਼ੈਲੀ ਉਥੋਂ ਦੇ ਵਾਤਾਵਰਣ ਮੁਤਾਬਕ ਹੁੰਦੀ ਹੈ। ਹਰ ਖੇਤਰ ਦੀਆਂ ਜ਼ਰੂਰਤਾਂ ਵੱਖ-ਵੱਖ ਹੁੰਦੀਆਂ ਹਨ। ਜ਼ਰੂਰਤ ਅਨੁਕੂਲ ਬਣਾਉਣ ਲਈ ਸਰੀਰਕ ਬਣਤਰ ਵਿਚ ਸੋਧ ਹੁੰਦੀ ਰਹਿੰਦੀ ਹੈ। ਸੋਧ ਜੀਵ ਦੀ ਹੋਂਦ ਨੂੰ ਕਾਇਮ ਰੱਖਦੀ ਹੈ। ਜੀਵਨ ਸ਼ੈਲੀ ਅਨੁਸਾਰ ਵਾਲਾਂ ਦੀ ਬਣਤਰ ਵਿਚ ਵੀ ਯੋਜਨਾਬੱਧ ਵਿਕਾਸ ਰਾਹੀਂ ਸੋਧ ਹੁੰਦੀ ਰਹੀ ਹੈ। ਕੇਸ ਕੁਦਰਤ ਵਲੋਂ ਨਿਰਧਾਰਿਤ ਨਿਸ਼ਚਿਤ ਲੰਬਾਈ ਤਕ ਹੀ ਵੱਧਦੇ ਹਨ। ਜੇ ਕੇਸ ਕੱਟ ਵੀ ਦਿੱਤੇ ਜਾਣ ਤਾਂ ਫਿਰ ਉਸੇ ਹੀ ਲੰਬਾਈ ਤੱਕ ਹੀ ਦੁਬਾਰਾ ਆ ਜਾਂਦੇ ਹਨ, ਨਾ ਵੱਧ ਤੇ ਨਾ ਹੀ ਘੱਟ ਕਿਉਂਕਿ ਕੇਸ ਮਨੁੱਖ ਦੀ ਸ਼ਖਸੀ, ਲਿੰਗਕ, ਨਸਲੀ ਅਤੇ ਭੂਗੋਲਿਕ ਜ਼ਰੂਰਤ ਹਨ।

ਦੁਨੀਆਂ ਵਿਚ ਆਇਆ ਸਭ ਤੋਂ ਪਹਿਲਾ ਮਨੁੱਖ ਭੂ ਮੱਧ ਰੇਖਾ ਦੇ ਨੇੜੇ ਰਹਿੰਦਾ ਸੀ। ਭੂਮੱਧ ਰੇਖਾ ਉਤੇ ਸੂਰਜ ਦੀਆਂ ਸਿੱਧੀਆਂ ਕਿਰਨਾਂ ਪੈਂਦੀਆਂ ਹਨ। ਯੂਵੀ ਕਿਰਨਾਂ ਦੀ ਮਾਤਰਾ ਵੀ ਉੱਥੇ ਵਧੇਰੇ ਹੁੰਦੀ ਹੈ। ਹੌਲੀ ਹੌਲੀ ਉਹ ਭੂਮੱਧ ਰੇਖਾ ਤੋਂ ਦੂਰ ਠੰਡੇ ਮੁਲਕਾਂ ਵਿਚ ਜਾਣਾ ਸ਼ੁਰੂ ਹੋਇਆ। ਉਥੇ ਵਾਤਾਵਰਣ ਵਿਚ ਯੂ. ਵੀ. ਕਿਰਨਾਂ ਦੀ ਮਾਤਰਾ ਘੱਟ ਹੁੰਦੀ ਹੈ। ਇਹ ਕਿਰਨਾਂ ਵਿਟਾਮਿਨ ਡੀ. ਬਣਾਉਣ ਲਈ ਲੋੜੀਂਦੀਆਂ ਹੁੰਦੀਆਂ ਹਨ। ਵਿਟਾਮਿਨ ਡੀ. ਸਰੀਰ ਦੀ ਹਰ ਕਾਰਜਸ਼ੈਲੀ ਲਈ ਲੋੜੀਂਦਾ ਹੈ। ਯੂ.ਵੀ.ਕਿਰਨਾਂ ਦੀ ਲੋੜੀਂਦੀ ਮਾਤਰਾ ਨੂੰ ਜਜ਼ਬ ਕਰਣ ਲਈ ਵਾਲਾਂ ਦੀ ਬਣਤਰ ਵਿਚ ਤਬਦੀਲੀ ਆਈ। ਵਾਲ ਘੱਟ ਘੁੰਘਰਾਲੇ, ਸਿੱਧੇ ਅਤੇ ਘਣੇ ਹੋ ਗਏ। ਵੰਸ਼ ਅਣੂਆਂ ਅਰਥਾਤ ਜੀਨਾਂ ਵਿਚ ਵੀ ਤਬਦੀਲੀ ਹੋਈ। ਜੈਨੇਟਿਕ ਬਣਤਰ ਉਤੇ ਸਰੀਰ ਦੀਆਂ ਕਿਰਿਆਵਾਂ ਨਿਰਭਰ ਕਰਦੀਆਂ ਹਨ। ਜੀਨ ਵਾਲਾਂ ਦੀ ਬਣਤਰ ਨੂੰ ਵੀ ਨਿਯੰਤਰਿਤ ਕਰਦੇ ਹਨ। ਅਗਲੀਆਂ ਵੰਸ਼ਾਂ ਵਿਚ ਵਾਲ ਆਪਣੇ ਆਪ ਹੀ ਸਿੱਧੇ ਆਉਣ ਲੱਗ ਪਏ। ਗਰਮੀ ਸਿਰ ਅਤੇ ਚਿਹਰੇ ਦੇ ਵਾਲਾਂ ਰਾਹੀਂ ਜ਼ਿਆਦਾ ਆਦਾਨ ਪ੍ਰਦਾਨ ਹੁੰਦੀ ਹੈ, ਇਸ ਲਈ ਠੰਡੇ ਮੁਲਕਾਂ ਵਿਚ ਸਿਰ ਦੇ ਵਾਲ ਵਧੇਰੇ ਘਣੇ ਹੁੰਦੇ ਗਏ।

ਇਹ ਤਬਦੀਲੀਆਂ ਕੁਦਰਤ ਦੀ ਖਾਸ ਯੋਜਨਾ ਮੁਤਾਬਕ ਹੋਈਆਂ। ਗੁਰੂ ਨਾਨਕ ਸਾਹਿਬ ਜੀ ਨੇ ਜਪੁ ਬਾਣੀ ਵਿਚ ਉਚਾਰਨ ਕੀਤਾ ਹੈ- **ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥** ਮਨੁੱਖੀ ਸਰੀਰ ਦਾ ਆਕਾਰ ਹੁਕਮ ਵਿਚ ਹੀ ਹੋਇਆ ਹੈ। ਵਾਲਾਂ ਦੀ ਬਣਤਰ ਵੀ ਖਾਸ ਕਾਇਦੇ ਮੁਤਾਬਕ ਹੀ ਹੁੰਦੀ ਹੈ। ਸਰੀਰ ਉਤੇ ਕੇਸਾਂ ਦੀ ਘਾੜਤ ਗਰਭ ਦੌਰਾਨ ਹੀ ਸ਼ੁਰੂ ਹੋ ਜਾਂਦੀ ਹੈ। ਫਿਰ ਸਾਰੀ ਉਮਰ ਹੀ ਇਹ ਪ੍ਰਕਿਰਿਆ ਚਲਦੀ ਰਹਿੰਦੀ ਹੈ। ਜੀਵਣ ਦੇ ਹਰ ਪੜਾਅ ਦੀ ਜੀਵਨ ਸ਼ੈਲੀ ਅਤੇ ਜ਼ਰੂਰਤ ਵੀ ਭਿੰਨ ਹੁੰਦੀ ਹੈ। ਵਾਲ ਵੀ ਹਰ ਪੜਾਅ ਵਿਚ ਭਿੰਨ ਭਿੰਨ ਤਰ੍ਹਾਂ ਦੇ ਹੁੰਦੇ ਹਨ। ਜਨਮ ਤੋਂ ਪਹਿਲਾਂ ਦੇ ਵਾਲ, ਬਚਪਨ ਦੇ ਵਾਲ ਅਤੇ ਕਿਸ਼ੋਰ ਉਮਰ ਦੇ ਵਾਲਾਂ ਦੀ ਬਣਤਰ ਜ਼ਰੂਰਤ ਮੁਤਾਬਕ ਭਿੰਨ ਭਿੰਨ ਹੁੰਦੀ ਹੈ। ਔਰਤ ਤੇ ਮਰਦ ਦੇ ਵਾਲਾਂ ਦਾ ਖਿਲਾਰ ਵੀ ਵੱਖ-ਵੱਖ ਹੁੰਦਾ ਹੈ।

ਸਰੀਰ ਦੇ ਹਰ ਭਾਗ ਦੇ ਵਾਲਾਂ ਦੀ ਬਣਤਰ ਵੀ ਭਿੰਨ ਭਿੰਨ ਹੁੰਦੀ ਹੈ। ਵਾਲ ਸਰੀਰ ਦੇ ਅੰਗਾਂ ਦੀ ਦੇਖਭਾਲ ਲਈ ਮਹੱਤਵਪੂਰਨ ਹਨ। ਇਹ ਰੋਗਾਣੂਆਂ ਲਈ ਵਾੜ ਹਨ। ਇਹ ਸਾਡਾ ਸੁਰੱਖਿਆ ਕਵਚ ਹਨ। ਸਰੀਰ ਦੇ ਹਰ ਅੰਗ ਉਤੇ ਉਗੇ ਵਾਲਾਂ ਦਾ ਅਪਣਾ ਹੀ ਮਨੋਰਥ ਹੈ। ਅੱਖਾਂ ਦੀਆਂ ਪੁਤਲੀਆਂ ਗਰਭ ਦੌਰਾਨ ਅੱਖਾਂ ਨੂੰ ਗਰਭਕੋਸ਼ ਵਿਚਲੇ ਪਾਣੀ ਤੋਂ ਬਚਾਉਂਦੀਆਂ ਹਨ। ਅੱਖਾਂ ਨੂੰ ਭਰਵੱਟੇ ਧੁੱਪ, ਪਸੀਨੇ ਅਤੇ ਮਿੱਟੀ ਘੱਟੇ ਤੋਂ ਬਚਾਉਂਦੇ ਹਨ। ਪਲਕਾਂ ਦੇ ਵਾਲਾਂ ਦੀਆਂ ਜੜ੍ਹਾਂ ਨਸਤੰਤੂਆਂ ਕਾਰਨ ਬਹੁਤ ਸੰਵੇਦਨਸ਼ੀਲ ਹੁੰਦੀਆਂ ਹਨ। ਕੀੜੇ ਆਦਿ ਤੋਂ ਖਤਰੇ ਦੀ ਇਤਲਾਹ ਫੱਟ ਮਿਲ ਜਾਂਦੀ ਹੈ। ਜਿਨਾਂ ਦੀਆਂ ਪਲਕਾਂ ਨਹੀਂ ਹੁੰਦੀਆਂ, ਉਨ੍ਹਾਂ ਨੂੰ ਅੱਖਾਂ ਦੀ ਇਨਫੈਕਸ਼ਨ ਬਾਰ ਬਾਰ ਹੁੰਦੀ ਰਹਿੰਦੀ ਹੈ। ਅੰਨ੍ਹਾਪਨ ਵੀ ਹੋ ਸਕਦਾ ਹੈ।

ਕੰਨਾਂ ਵਿਚਲੇ ਵਾਲ ਅਤੇ ਵਾਲਾਂ ਦੇ ਸੈੱਲ ਬਹੁਤ ਮਹੱਤਵਪੂਰਨ ਹਨ। ਬਾਹਰਲੇ ਕੰਨਾਂ ਵਿਚਲੇ ਵਾਲ ਕੰਨਾਂ ਦੀ ਟਿਊਬ ਨੂੰ ਸਾਫ ਰੱਖਦੇ ਹਨ। ਜੇ ਟਿਊਬ ਬਲੌਕ ਹੋ ਜਾਵੇ ਤਾਂ ਸੁਨਣ ਵਿਚ ਵਿਘਨ ਪੈਂਦਾ ਹੈ। ਵਾਲ ਆਵਾਜ਼ਾਂ ਦੀ ਤੀਬਰਤਾ ਨੂੰ ਵੀ ਨਿਯਮਿਤ ਕਰਦੇ ਹਨ, ਜਿਸ ਨਾਲ ਕੰਨ ਦਾ ਪਰਦਾ ਸੁਰੱਖਿਅਤ ਰਹਿੰਦਾ ਹੈ। ਅੰਦਰਲੇ ਕੰਨਾਂ ਵਿਚ ਪਰਦੇ ਦੇ ਅੰਦਰਵਾਰ ਵਾਲਾਂ ਦੇ ਸੈੱਲ ਹੁੰਦੇ ਹਨ। ਇਹ ਸੈੱਲ ਆਵਾਜ਼ਾਂ ਨੂੰ ਬਿਜਲੀ ਦੀਆਂ ਤਰੰਗਾਂ ਵਿਚ ਬਦਲ ਦਿੰਦੇ ਹਨ। ਇਹ ਤਰੰਗਾਂ ਦਿਮਾਗ ਤਕ ਪਹੁੰਚਦੀਆਂ ਹਨ। ਜੇ ਵਾਲਾਂ ਦੇ ਇਹ ਸੈੱਲ ਨਾ ਹੁੰਦੇ ਤਾਂ ਮਨੁੱਖ ਬੋਲਾ ਹੀ ਹੁੰਦਾ। ਬਜ਼ੁਰਗਾਂ ਵਿਚ ਇਹ ਸੈੱਲ ਘੱਟ ਹੁੰਦੇ ਜਾਂਦੇ ਹਨ। ਇਸੇ ਕਾਰਨ ਬਜ਼ੁਰਗਾਂ ਵਿਚ ਉੱਚਾ ਸੁਨਣ ਦੀ ਸਮੱਸਿਆ ਆਮ ਹੀ ਹੁੰਦੀ ਹੈ। ਇਹ ਸੈੱਲ ਦੁਬਾਰਾ ਨਹੀਂ ਬਣਦੇ ਅਤੇ ਅਜਿਹਾ ਬੋਲਾਪਣ ਠੀਕ ਨਹੀਂ ਹੁੰਦਾ। ਅੰਦਰਲੇ ਕੰਨਾਂ ਵਿਚ ਤਰਲ ਪਦਾਰਥ ਨਾਲ ਭਰੀਆਂ ਹੋਈਆਂ ਟਿਊਬਾਂ ਹੁੰਦੀਆਂ ਹਨ। ਇਨ੍ਹਾਂ ਟਿਊਬਾਂ ਵਿਚ ਵੀ ਵਾਲ ਹੁੰਦੇ ਹਨ। ਵਾਲਾਂ ਦੀ ਹਿਲਜੁਲ ਤੋਂ ਦਿਮਾਗ ਤਕ ਸਿਗਨਲ ਪਹੁੰਚ ਕੇ ਸਰੀਰ ਦੀ ਹਿਲਜੁਲ ਦਾ ਸੁਨੇਹਾ ਦਿਮਾਗ ਨੂੰ ਦੇ ਦਿੰਦੇ ਹਨ। ਜੇ ਇਸ ਕੰਮ ਵਿਚ ਵਿਘਨ ਪੈ ਜਾਵੇ ਤਾਂ ਬੰਦਾ ਸਿੱਧਾ ਖੜਾ ਵੀ ਨਹੀਂ ਹੋ ਸਕਦਾ, ਚੱਕਰ ਆਉਣ ਲਗ ਜਾਂਦੇ ਹਨ। ਇਨ੍ਹਾਂ ਵਾਲਾਂ ਦੀ ਅਨਹੋਂਦ ਵਿਚ ਅਸੀਂ ਡਿਗਦੇ ਹੀ ਰਹਾਂਗੇ। ਸਭ ਕੁਝ ਹਿਲਦਾ ਹੀ ਲਗੇਗਾ, ਜਿਵੇਂ ਸਲਾਈਡ ਸ਼ੋ ਹੋਵੇ।

ਸੁੰਘਣ ਸ਼ਕਤੀ, ਸਾਹ ਪ੍ਰਣਾਲੀ ਦੀ ਏਅਰ ਕੰਡੀਸ਼ਨਿੰਗ, ਬੀਮਾਰੀਆਂ ਦੇ ਕਿਰਮਾਂ ਨੂੰ ਅੰਦਰ ਜਾਣ ਤੋਂ ਰੋਕਣਾ ਅਤੇ ਸਾਹ ਪ੍ਰਣਾਲੀ ਨੂੰ ਸਾਫ ਰੱਖਣਾ ਨੱਕ ਵਿਚਲੇ ਵਾਲਾਂ ਉਤੇ ਨਿਰਭਰ ਹੈ। ਕੇਸ ਸਰੀਰ ਦੀ ਰੱਖਿਆ ਫੌਜ ਹਨ। ਇਨ੍ਹਾਂ ਨੇ ਸਮੁੱਚੇ ਸਰੀਰ ਦੀ ਕਿਲ੍ਹਾਬੰਦੀ ਕੀਤੀ ਹੋਈ ਹੈ। ਲੋੜ ਮੁਤਾਬਕ ਕਿਤੇ ਇਹ ਲੰਬੇ ਹਨ, ਕਿਤੇ ਛੋਟੀ ਛੋਟੀ ਲੂਈ ਦੀ ਤਰ੍ਹਾਂ। ਸਰੀਰ ਦੀ ਇਹ ਫੌਜ ਸਰੀਰ ਦੇ ਨੌਂ ਦਰਵਾਜਿਆਂ ਦੇ ਬਾਹਰ ਵਧੇਰੇ ਗਿਣਤੀ ਵਿਚ ਹੈ।

ਕੁਦਰਤ ਦਾ ਨਿਯਮ ਹੈ ਕਿ ਜਿਨ੍ਹਾਂ ਅੰਗਾਂ ਦੀ ਸਰੀਰ ਨੂੰ ਵਧੇਰੇ ਲੋੜ ਹੁੰਦੀ ਹੈ, ਉਨ੍ਹਾਂ ਅੰਗਾਂ ਦਾ ਵਿਕਾਸ ਹੋਰ ਅੰਗਾਂ ਨਾਲੋਂ ਤੇਜ਼ ਗਤੀ ਨਾਲ ਹੁੰਦਾ ਹੈ। ਹੱਡੀਆਂ ਦੀ ਮਿੱਝ ਤੋਂ ਬਾਅਦ ਵਾਲ ਹੀ ਅਜਿਹੇ ਅੰਗ ਹਨ, ਜਿਨ੍ਹਾਂ ਦਾ ਵਿਕਾਸ ਬਾਕੀ ਸਾਰੇ ਅੰਗਾਂ ਨਾਲੋਂ ਤੇਜ਼ ਅਤੇ ਲਗਾਤਾਰਤਾ ਨਾਲ ਹੋ ਰਿਹਾ ਹੈ। ਕੁਦਰਤ ਵਾਲਾਂ ਪ੍ਰਤੀ ਇੰਨੀ ਸੰਜੀਦਾ ਹੈ ਕਿ ਪੁਰਾਣਾ ਵਾਲ ਉਦੋਂ ਹੀ ਝੜ੍ਹਦਾ ਹੈ, ਜਦੋਂ ਨਵਾਂ ਉਸ ਦੀ ਥਾਂ ਉਤੇ ਆਉਣਾ ਸ਼ੁਰੂ ਹੋ ਜਾਂਦਾ ਹੈ। ਮੁਰਦਾ ਵਾਲ ਆਪੇ ਹੀ ਜੜ੍ਹਾਂ ਤੋਂ ਉੱਖੜ ਜਾਂਦੇ ਹਨ ਅਤੇ ਝੜ੍ਹ ਜਾਂਦੇ ਹਨ। ਵਾਲਾਂ ਦੇ ਤਨੇ ਨੂੰ ਜੇ ਸਿਰੇ ਤੋਂ ਕੱਟ ਦਿੱਤਾ ਜਾਵੇ ਤਾਂ ਉਹ ਫਿਰ ਉਸੇ ਹੀ ਸ਼ਕਲ ਵਿਚ ਦੁਬਾਰਾ ਆ ਜਾਂਦਾ ਹੈ। ਵਾਲ ਕੱਟਣ ਨਾਲ ਦਰਦ ਨਹੀਂ ਹੁੰਦੀ। ਇਸ ਦਾ ਇਹ ਮਤਲਬ ਨਹੀਂ ਕਿ ਵਾਲ ਬੇਲੋੜੇ ਹਨ। ਵਾਲਾਂ ਤੋਂ ਬਿਨਾਂ ਸਰੀਰ ਦਾ ਵਾਤਾਵਰਣ ਗੰਧਲਾ ਹੋ ਜਾਵੇਗਾ ਅਤੇ ਸਰੀਰ ਦੀ ਹੋਂਦ ਨੂੰ ਹੀ ਖਤਰਾ ਹੋ ਜਾਵੇਗਾ।

ਵਿਕਾਸ ਦੌਰਾਨ ਸਟੈਮ ਸੈੱਲ ਬਣਦੇ ਹੀ ਰਹਿੰਦੇ ਹਨ। ਵਾਲ ਸਟੈਮ ਸੈੱਲਾਂ ਦਾ ਰਿਜ਼ਰਵ ਹਨ। ਇਨ੍ਹਾਂ ਸੈੱਲਾਂ ਦੀ ਹੋਂਦ ਕਾਰਨ ਵਾਲਾਂ ਵਾਲੀ ਜਗ੍ਹਾ ਉਤੇ ਜੇ ਕੋਈ ਜ਼ਖਮ ਜੋ ਜਾਵੇ ਤਾ ਬਹੁਤ ਜਲਦੀ ਠੀਕ ਹੋ ਜਾਂਦਾ ਹੈ। ਮਨੁੱਖ ਦੇ ਸਾਰੇ ਸਰੀਰ ਉਤੇ ਵਾਲ ਹਨ। ਜਿੱਥੇ ਜ਼ਿਆਦਾ ਸੰਘਣੇ ਹਨ, ਉਥੇ ਜ਼ਖਮ ਜ਼ਿਆਦਾ ਜਲਦੀ ਭਰਦੇ ਹਨ। ਬਾਂਹ ਦੇ ਬਾਹਰਲੇ ਪਾਸੇ ਦੇ ਜ਼ਖਮ ਅੰਦਰਲੇ ਪਾਸੇ ਨਾਲੋਂ ਜਲਦੀ ਠੀਕ ਹੁੰਦੇ ਹਨ। ਵਾਲਾਂ ਦਾ ਵਿਕਾਸ ਸਾਰੀ ਉਮਰ ਨਿਰਵਿਘਨ ਚਲਦਾ ਰਹਿੰਦਾ ਹੈ। -0-

ਲੋਕ ਕੀ ਕਹਿਣਗੇ ?

–ਡਾ. ਹਰਸ਼ਿੰਦਰ ਕੌਰ # 0175–2216783

ਜੇ ਕੋਈ ਬਜ਼ੁਰਗ ਚੁੱਪਚਾਪ ਘਰ ਦੇ ਕਿਸੇ ਕੋਨੇ ਵਿਚ ਬਹਿ ਜਾਵੇ ਤਾਂ ਘਰ ਆਉਣ-ਜਾਣ ਵਾਲੇ ''ਧਰਤੀ ਉੱਤੇ ਭਾਰ'' ਕਹਿਣ ਲੱਗ ਪੈਂਦੇ ਹਨ। ਜੇ ਉਹ ਤਿਆਰ ਹੋ ਕੇ, ਟਾਈ ਲਾ ਕੇ ਬਾਹਰ ਘੁੰਮਣ ਨਿਕਲੇ ਤਾਂ ਲੋਕ ''ਬੁੱਢੇ ਨੂੰ ਚੜ੍ਹੀ ਜਵਾਨੀ'' ਕਹਿ ਕੇ ਲੰਘ ਜਾਂਦੇ ਹਨ।

ਜੇ ਔਰਤ ਘਰ ਦਾ ਕੰਮ ਹੀ ਕਰੇ ਤਾਂ ''ਨਿੰਕਮੀ'' ਤੇ ਜੇ ਬਾਹਰ ਕੰਮ ਕਰਨ ਲੱਗ ਪਵੇ ਤਾਂ ''ਅਵਾਰਾ''। ਜੇ ਬੱਚੇ ਸਰਕਾਰੀ ਸਕੂਲ ਵਿੱਚ ਪੜ੍ਹਨੇ ਪਾਓ ਤਾਂ ਲੋਕ ਕਹਿੰਦੇ ਨੇ ''ਨਾਲਾਇਕ ਹੋਵੇਗਾ''। ਪਰ ਜੇ ਵਿੱਤੋਂ ਬਾਹਰ ਜਾ ਕੇ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਨੇ ਪਾਓ ਤਾਂ ''ਅਮੀਰੀ ਵਿਖਾਉਂਦੇ ਨੇ'' ਕਿਹਾ ਜਾਂਦਾ ਹੈ।

ਕਹਿਣ ਦਾ ਭਾਵ ਇਹ ਹੈ ਕਿ ਜੰਮਣ ਤੋਂ ਮਰਨ ਤੱਕ ਲੋਕਾਂ ਨੇ ਕੁੱਝ ਤਾਂ ਕਹਿਣਾ ਹੀ ਹੁੰਦਾ ਹੈ। ਇਸ ''ਕਹਿਣ'' ਉੱਤੇ ਅਣਗਿਣਤ ਜ਼ਿੰਦਗੀਆਂ ਬਰਬਾਦ ਹੋ ਜਾਂਦੀਆਂ ਹਨ ਕਿਉਂਕਿ ਬਹੁਗਿਣਤੀ ਲੋਕ ਆਪਣੀ ਮਰਜ਼ੀ ਤਿਆਗ ਕੇ ਸਿਰਫ਼ ਹੋਰਨਾਂ ਦੇ ਕਹੇ ਅਨੁਸਾਰ ਜਾਂ ਦੂਜਿਆਂ ਵਲੋਂ ਮਿਲੇ ''ਕੁਮੈਂਟ'' ਉੱਤੇ ਹੀ ਆਧਾਰਿਤ ਝੂਠ ਦੀ ਜ਼ਿੰਦਗੀ ਬਤੀਤ ਕਰਦੇ ਰਹਿੰਦੇ ਹਨ।

ਝੂਠ ਦੇ ਗਿਲਾਫ਼ ਹੇਠ ਅੱਜ ਦੇ ਦਿਨ ਲੱਖਾਂ ਲੋਕ ਆਪਣੀਆਂ ਸੱਧਰਾਂ ਦੱਬ ਕੇ ਜ਼ਿੰਦਗੀ ਲੰਘਾ ਰਹੇ ਹਨ। ਬਥੇਰੇ ਤਣਾਓ ਸਹੇੜ ਕੇ ਸਰੀਰ ਅਤੇ ਮਨ ਨੂੰ ਰੋਗੀ ਬਣਾ ਰਹੇ ਹਨ।

ਸੰਨ 2014 ਵਿਚ 'ਪਿਊ ਰਿਸਰਚ ਸੈਂਟਰ' ਵਿੱਚ ਸਪਸ਼ਟ ਹੋਇਆ ਕਿ ਹਰ ਪੰਜ ਇੰਟਰਨੈੱਟ ਵਰਤਣ ਵਾਲਿਆਂ ਵਿੱਚੋਂ ਇੱਕ ਜ਼ਰੂਰ ਮਾੜੇ 'ਕੁਮੈਂਟ' ਸਦਕਾ ਢਹਿੰਦੀ ਕਲਾ ਵੱਲ ਜਾ ਰਿਹਾ ਹੈ।

ਲੋਕ ਕੀ ਕਹਿਣਗੇ ਆਖ਼ਰ ਦਿਮਾਗ਼ ਨੂੰ ਘੇਰਦਾ ਕਿਵੇਂ ਹੈ:-

1) 'ਲੋਕ' ਵਿਚ ਅਣਗਿਣਤ ਅਣਪਛਾਤੇ ਲੋਕ ਸ਼ਾਮਲ ਹੁੰਦੇ ਹਨ।

2) ਉਨ੍ਹਾਂ 'ਲੋਕਾਂ' ਨੂੰ ਚੁੱਪ ਕਰਵਾਉਣਾ ਅਸੰਭਵ ਹੁੰਦਾ ਹੈ।

3) ਇਹ 'ਲੋਕ' ਸਾਡੇ ਕਾਬੂ ਵਿਚ ਨਹੀਂ ਹੁੰਦੇ।

4) ਇਹੀ 'ਲੋਕ' ਆਪਣੀਆਂ ਖ਼ਾਮੀਆਂ ਨੂੰ ਲੁਕਾਉਣ ਲਈ ਦਿਲ ਦੀ ਭੜਾਸ ਕੱਢਦੇ ਰਹਿੰਦੇ ਹਨ ਤੇ ਹੋਰਨਾਂ ਨੂੰ ਭੰਡਦੇ ਰਹਿੰਦੇ ਹਨ।

5) ਕੁਝ ਲੋਕ ਕਿਸੇ ਹੋਰ ਦਾ ਗੁੱਸਾ ਕੱਢਣ ਲਈ ਵੀ ਥਾਂ ਭਾਲਦੇ ਹੁੰਦੇ ਹਨ ਅਤੇ ਕਿਸੇ ਵੀ ਦੂਜੇ ਨੂੰ ਨੀਵਾਂ ਵਿਖਾ ਕੇ ਮਨ ਸ਼ਾਂਤ ਕਰ ਲੈਂਦੇ ਹਨ।

6) ਅਜਿਹੇ 'ਕੁਮੈਂਟ' ਵਿਚ ਬਹੁਤ ਡੂੰਘਿਆਈ ਨਹੀਂ ਹੁੰਦੀ। ਇਹ ਸਿਰਫ਼ ਬੇਕਾਬੂ ਜ਼ਬਾਨ ਦਾ ਹੀ ਤਿਲਕਣਾ ਮੰਨਿਆ ਗਿਆ ਹੈ।

7) ਬਹੁਤੀ ਵਾਰ ਇਹ 'ਲੋਕ' ਆਪ ਵੀ ਸਧਰਾਂ ਘੁੱਟ ਕੇ ਜੀਅ ਰਹੇ ਹੁੰਦੇ ਹਨ ਤੇ ਕਿਸੇ ਹੋਰ ਵਿਰੁੱਧ ਬੋਲ ਕੇ ਟੈਸਟ ਕਰ ਰਹੇ ਹੁੰਦੇ ਹਨ ਕਿ ਇਹ ਵੀ ਸਾਡੇ ਵਾਂਗ ਹੀ ਚੱਲੇਗਾ ਜਾਂ ਆਪਣੀ ਮਰਜ਼ੀ ਕਰਨ ਦੀ ਖੁੱਲ ਲੈ ਲਵੇਗਾ। ਜੇ ਖੁੱਲ ਲੈ ਲਵੇ ਤਾਂ ਬਥੇਰੀ ਵਾਰ ਕੁਮੈਂਟ ਕੱਸਣ ਵਾਲਾ ਆਪ ਵੀ ਆਪਣੀ ਮਰਜ਼ੀ ਕਰਨ ਦੀ ਖੁੱਲ ਲੈਣ ਲੱਗ ਪੈਂਦਾ ਹੈ ਤੇ 'ਲੋਕ ਕੀ ਕਹਿਣਗੇ' ਤੋਂ ਘਬਰਾਉਣਾ ਛੱਡ ਦਿੰਦਾ ਹੈ।

8) ਜ਼ਿਆਦਾਤਰ ਕੁਮੈਂਟ ਕੱਸਣ ਵਾਲੇ ਘੱਟ ਪੜ੍ਹੇ-ਲਿਖੇ ਅਤੇ ਘੱਟ ਸੂਝ ਵਾਲੇ ਹੁੰਦੇ ਹਨ। ਬਥੇਰੀ ਵਾਰ ਬਹੁਤਾ ਕੰਮਕਾਰ ਨਾ ਹੋਣ ਕਾਰਨ ਵਿਹਲੇ ਵੀ ਹੁੰਦੇ ਹਨ।

ਦਿਮਾਗ਼ ਉੱਤੇ ਅਸਰ ਕੀ ਪੈਂਦਾ ਹੈ?

ਕਿਸੇ ਵੱਲੋਂ ਮਿਲੀ ਤਰੀਫ਼ ਸਾਡੇ ਦਿਮਾਗ਼ ਅੰਦਰਲੀ ਡੋਪਾਮੀਨ ਨੂੰ ਵਧਾ ਕੇ ਸਾਨੂੰ ਇਸ ਦੀ ਆਦੀ ਬਣਾ ਦਿੰਦੀ ਹੈ ਜੋ ਸਾਨੂੰ ਨਿੱਕੀ ਮੋਟੀ ਖ਼ੁਸ਼ੀ ਨਾਲ ਭਰ ਦਿੰਦੀ ਹੈ। ਇੰਝ ਹੀ ਮਾੜਾ ਸੁਣਨਾ ਸਾਨੂੰ ਦੁਖੀ ਕਰ ਦਿੰਦਾ ਹੈ।

ਇਹੀ ਕਾਰਨ ਹੈ ਕਿ ਨਿੱਕੀ ਜਿਹੀ ਖ਼ੁਸ਼ੀ, ਭਾਵੇਂ ਝੂਠ-ਮੂਠ ਦੀ ਤਾਰੀਫ਼ ਹੀ ਹੋਵੇ, ਸਾਨੂੰ ਲੈਣ ਵਿਚ ਮਜ਼ਾ ਆਉਣ ਲੱਗ ਪੈਂਦਾ ਹੈ। ਜੇ ਲਗਾਤਾਰ ਮਾੜਾ ਬੋਲਿਆ ਜਾਵੇ ਤਾਂ ਬੰਦਾ ਦੋ ਤਰੀਕੇ ਸਹਿੰਦਾ ਹੈ-ਪਹਿਲਾ ਦੂਜੇ ਮੂੰਹੋਂ ਤਾਰੀਫ਼ ਸੁਣਨ ਲਈ ਉਸ ਅਨੁਸਾਰ ਆਪਣੀ ਜ਼ਿੰਦਗੀ ਢਾਲ ਕੇ ਆਪਣੀ ਮਰਜ਼ੀ ਖ਼ਤਮ ਕਰ ਲਈ ਜਾਵੇ ਤੇ ਦੂਜਾ ਢੱਠੇ ਖੂਹ ਵਿਚ ਜਾਣ, ਮੈਨੂੰ ਕੀ, ਮੈਂ ਤਾਂ ਆਪਣੀ ਮਰਜ਼ੀ ਨਾਲ ਜ਼ਿੰਦਗੀ ਜੀਣੀ ਹੈ।

ਜਿਹੜੇ ਦੂਜੇ ਅਨੁਸਾਰ ਹੀ ਕਪੜੇ ਪਾਉਣੇ, ਤੁਰਨਾ, ਖਾਣਾ ਆਦਿ ਕਰਨ ਲੱਗ ਪੈਣ, ਉਨ੍ਹਾਂ ਨੂੰ ਘਬਰਾਹਟ, ਧਿਆਨ ਨਾ ਲਾ ਸਕਣਾ, ਤਣਾਓ, ਵਾਰ-ਵਾਰ ਕਾਹਲ ਪੈਣ ਲੱਗ ਜਾਣੀ, ਇੱਕੋ ਗੱਲ ਉੱਤੇ ਅੜੇ ਰਹਿਣਾ, ਚੀਜ਼ਾਂ ਬਾਰੇ ਭੁੱਲਣ ਲੱਗ ਪੈਣਾ, ਧਿਆਨ ਨਾਲ ਕੰਮ ਨਾ ਕਰ ਸਕਣਾ ਵਰਗੇ ਲੱਛਣ ਹੋਣ ਲੱਗ ਪੈਂਦੇ ਹਨ।

ਕੁੱਝ ਜਣੇ ਭਾਰ ਘਟਾਉਣ ਲਈ ਉੱਕਾ ਹੀ ਖਾਣਾ ਛੱਡ ਦਿੰਦੇ ਹਨ ਤੇ ਕੁੱਝ ਖਾਣ ਬਾਅਦ ਸੰਘ ਵਿਚ ਉਂਗਲ ਮਾਰ ਕੇ ਉਲਟੀ ਕਰ ਦਿੰਦੇ ਹਨ।

ਕੁੱਝ ਨਸ਼ੇ ਕਰਨ ਲੱਗ ਪੈਂਦੇ ਹਨ ਅਤੇ ਕੁੱਝ ਲੋੜੋਂ ਵੱਧ ਸਮਾਂ ਸਿਰਫ਼ ਸ਼ੀਸ਼ੇ ਅੱਗੇ ਖਲੋ ਕੇ ਆਪਣੀ ਦਿੱਖ ਵਧੀਆ ਬਣਾਉਣ ਵਿੱਚ ਹੀ ਲੱਗੇ ਰਹਿ ਜਾਂਦੇ ਹਨ।

ਕਿਵੇਂ ਨਜਿੱਠੀਏ?

1) ਕੁੱਝ ਲੋਕਾਂ ਦੀ ਹੋਂਦ ਹੀ ਸਿਰਫ਼ ਦੂਜੇ ਨੂੰ ਮਾੜਾ ਕਹਿਣ ਵਾਲੀ ਹੁੰਦੀ ਹੈ ਕਿਉਂਕਿ ਉਨ੍ਹਾਂ ਨੇ ਜ਼ਿੰਦਗੀ ਭਰ ਨਾ ਕੁੱਝ ਹਾਸਲ ਕੀਤਾ ਹੁੰਦਾ ਹੈ ਤੇ ਨਾ ਹੀ ਕਰ ਸਕਣਾ ਹੁੰਦਾ ਹੈ। ਅਜਿਹੇ ਲੋਕਾਂ ਨੂੰ ਇੱਕ ਵਾਰ ਸੁਣ ਕੇ, ਮੁਸਕਰਾ ਕੇ ਦੁਬਾਰਾ ਆਪਣਾ ਦਿਮਾਗ਼ ਨਹੀਂ ਮਲਣ ਦੇਣਾ ਚਾਹੀਦਾ। ਉਨ੍ਹਾਂ ਨੂੰ ਤਰਸ ਦਾ ਪਾਤਰ ਮੰਨ ਕੇ ਆਪਣੇ ਦਿਮਾਗ਼ ਨੂੰ ਸਹਿਜ ਕਰ ਲੈਣਾ ਚਾਹੀਦਾ ਹੈ। ਕਿਸੇ ਹੋਰ ਅਨੁਸਾਰ ਆਪਣੀ ਬੇਸ਼ਕੀਮਤੀ ਜ਼ਿੰਦਗੀ ਬਿਲਕੁਲ ਨਹੀਂ ਜੀਣੀ ਚਾਹੀਦੀ।

2) **ਆਪਣੇ ਆਪ ਨੂੰ ਸਵਾਲ ਪੁੱਛੋ :-**

ਕੀ ਮੇਰੇ ਅਤੇ ਮੇਰੇ ਵਿਰੁੱਧ ਬੋਲਣ ਵਾਲੇ ਦੇ ਨੱਕ, ਕੰਨ ਦੀ ਬਣਤਰ, ਭਾਰ, ਵਾਲ, ਨੌਕਰੀ, ਘਰ, ਰਿਸ਼ਤੇਦਾਰ, ਸਭ ਇੱਕੋ ਜਿਹੇ ਹਨ? ਜੇ ਨਹੀਂ ਤਾਂ ਸੋਚ ਇੱਕ ਕਿਵੇਂ ਹੋ ਸਕਦੀ ਹੈ? ਜੇ ਮੈਨੂੰ ਲਾਲ ਰੰਗ ਪਸੰਦ ਹੈ ਤਾਂ ਦੂਜੇ ਨੂੰ ਨੀਲਾ ਪਸੰਦ ਹੋ ਸਕਦਾ ਹੈ। ਮੈਨੂੰ ਚਿੱਟੇ ਵਾਲ ਪਸੰਦ ਹਨ ਤਾਂ ਦੂਜੇ ਨੂੰ ਕਾਲੇ ਪਸੰਦ ਹੋ ਸਕਦੇ ਹਨ।

ਮੈਂ ਭਲਾ ਦੂਜੇ ਦੀ ਪਸੰਦ ਕਿਉਂ ਆਪਣੇ ਉੱਪਰ ਲੱਦਾਂ? ਮੈਨੂੰ ਕੁੜਤੇ ਪਜਾਮੇ ਵਿੱਚ ਬਾਹਰ ਨਿਕਲਣਾ ਚੰਗਾ ਲੱਗਦਾ ਹੈ ਤਾਂ ਜ਼ਰੂਰ ਕਿਉਂ ਟਾਈ ਪਾ ਕੇ ਨਿਕਲਾਂ? ਮੈਨੂੰ ਸਲਵਾਰ ਪਸੰਦ ਹੈ ਤਾਂ ਜ਼ਰੂਰ ਜੀਨ ਕਿਉਂ ਪਾਵਾਂ? ਕੀ ਮੈਨੂੰ ਕੁਮੈਂਟ ਕੱਸਣ ਵਾਲਾ ਕਦੇ ਮੇਰੀ ਪਸੰਦ ਅਨੁਸਾਰ ਆਪਣੇ ਆਪ ਨੂੰ ਢਾਲ ਸਕਿਆ ਹੈ? ਜੇ ਨਹੀਂ ਤਾਂ ਮੈਂ ਕਿਉਂ ਉਸ ਅਨੁਸਾਰ ਚੱਲਾਂ?

3) ਜੇ ਕੋਈ ਮਾੜਾ ਬੋਲ ਰਿਹਾ ਹੈ ਤਾਂ ਉਸ ਨੂੰ ਧੰਨਵਾਦ ਜ਼ਰੂਰ ਕਹੋ। ਇੰਝ ਆਪ ਮਾੜੀ ਸ਼ਬਦਾਵਲੀ ਬੋਲਣ ਤੋਂ ਪਰਹੇਜ਼ ਹੋ ਜਾਂਦਾ ਹੈ ਅਤੇ ਦੂਜਾ ਵੀ ਸ਼ਰਮਿੰਦਾ ਹੋ ਜਾਂਦਾ ਹੈ।

'ਤੁਹਾਡੇ ਸੁਝਾਓ ਲਈ ਧੰਨਵਾਦ' ਕਹਿਣ ਨਾਲ ਆਪਣੇ ਦਿਮਾਗ਼ ਉੱਤੇ ਵਾਧੂ ਬੋਝ ਪੈਣ ਤੋਂ

ਵੀ ਬਚਾਓ ਹੋ ਜਾਂਦਾ ਹੈ।

4) ਵੱਖ ਰਸਤਾ ਚੁਣਨ ਵਾਲੇ ਹਮੇਸ਼ਾਂ ਹੀ ਵਿਰੋਧ ਸਹਿੰਦੇ ਰਹੇ ਹਨ ਪਰ ਉਨ੍ਹਾਂ ਤੇ ਪਿੱਛੇ ਚੱਲਣ ਵਾਲੇ ਵੀ ਹਰ ਸਦੀ ਵਿੱਚ ਪੈਦਾ ਹੁੰਦੇ ਰਹੇ ਹਨ। ਜੇ ਬਜ਼ੁਰਗ ਹੋ ਤੇ ਗੂੜ੍ਹੇ ਰੰਗ ਪਾਉਣੇ ਪਸੰਦ ਹਨ ਤਾਂ ਜ਼ਰੂਰ ਪਾਓ। ਹੁਣ ਤਾਂ ਬਜ਼ੁਰਗਾਂ ਲਈ ਖ਼ਾਸ ਤੌਰ ਉੱਤੇ ਕਪੜਿਆਂ ਦੇ ਸਟੋਰ ਖੁੱਲ੍ਹ ਚੁੱਕੇ ਹਨ ਜਿੱਥੇ ਗੂੜ੍ਹੇ ਰੰਗ ਦੇ ਕਪੜੇ ਹੀ ਮਿਲਦੇ ਹਨ।

ਇੰਜ ਹੀ ਜੇ ਮੋਟਾਪਾ ਹੈ ਤਾਂ ਵੱਡੇ ਸਾਈਜ਼ ਦੇ ਕਪੜੇ ਮਿਲਦੇ ਹਨ। ਜ਼ਰੂਰੀ ਨਹੀਂ ਹੈ ਕਿ ਕਿਸੇ ਦੇ ਕਹਿਣ ਸਦਕਾ ਪਤਲੇ ਹੋਣ ਲਈ ਰੋਟੀ ਖਾਣੀ ਛੱਡ ਦਿੱਤੀ ਜਾਵੇ। ਜੇ ਰੰਗ ਕਾਲਾ ਹੈ ਤਾਂ ਫਿਰ ਕੀ ਹੋਇਆ? ਕਰੀਮਾਂ ਮਲ ਕੇ ਚਿੱਟੇ ਹੋਣ ਦੀ ਲੋੜ ਨਹੀਂ ਹੈ। ਕਾਲਾ ਰੰਗ ਵੀ ਬੇਹੱਦ ਖ਼ੂਬਸੂਰਤ ਹੋ ਸਕਦਾ ਹੈ।

5) ਕਿਸੇ ਦੇ ਮਾੜੇ ਕੁਮੈਂਟ ਨਾਲ ਦਿਲ ਦੁਖਿਆ ਹੋਵੇ ਤਾਂ ਵੀ 24 ਘੰਟੇ ਤੱਕ ਵਾਪਸ ਜਵਾਬ ਨਹੀਂ ਦੇਣਾ ਚਾਹੀਦਾ। ਉਸ ਤੋਂ ਬਾਅਦ ਸੋਚੋ ਕਿ ਅਗਲਾ ਇਸ ਕਾਬਲ ਹੈ ਵੀ ਕਿ ਮੈਂ ਵਾਪਸ ਕੁੱਝ ਬੋਲਾਂ ਜਾਂ ਆਪਣਾ ਵਕਤ ਸਾਰਥਕ ਕੰਮਾਂ ਵੱਲ ਲਾ ਲਵਾਂ।

6) ਕਈ ਵਾਰ ਲੋਕਾਂ ਵੱਲੋਂ ਕਹੀਆਂ ਗੱਲਾਂ ਜ਼ਿੰਦਗੀ ਦਾ ਬੇਸ਼ਕੀਮਤੀ ਤਜਰਬਾ ਵੀ ਬਣ ਜਾਇਆ ਕਰਦੀਆਂ ਹਨ। ਇਸੇ ਲਈ ਉਨ੍ਹਾਂ ਵਿਚੋਂ ਹੀ ਕਈ ਵਾਰ ਕੁੱਝ ਸਿੱਖਣ ਨੂੰ ਮਿਲ ਜਾਂਦਾ ਹੈ। ਮਿਸਾਲ ਵਜੋਂ, ਜੇ ਮੈਨੂੰ ਇਹ ਸੁਣਨਾ ਮਾੜਾ ਲੱਗਦਾ ਹੈ ਤਾਂ ਮੈਂ ਕਿਸੇ ਹੋਰ ਨੂੰ ਇੰਝ ਨਹੀਂ ਕਹਾਂਗਾ।

7) ਕਈ ਵਾਰ ਕੰਮ ਵਿਚ ਰੁੱਝਿਆਂ ਕੋਲੋਂ ਕੁੱਝ ਗੱਲਾਂ ਅੱਖੋਂ-ਪਰੋਖੇ ਹੋ ਜਾਂਦੀਆਂ ਹਨ। ਇਸੇ ਲਈ ਲੋਕਾਂ ਵੱਲੋਂ ਕਹੀਆਂ ਗੱਲਾਂ ਵਿੱਚੋਂ ਕੁੱਝ ਅਜਿਹਾ ਲੱਭ ਜਾਏ ਤਾਂ ਆਪਣੇ ਆਪ ਨੂੰ ਰਤਾ ਮਾਸਾ ਤਬਦੀਲ ਕਰ ਕੇ ਵੀ ਬਿਹਤਰ ਕੀਤਾ ਜਾ ਸਕਦਾ ਹੈ।

8) ਬੇਟੀਆਂ ਲਈ ਤਾਂ ਮੈਂ ਇਹੀ ਕਹਿ ਸਕਦੀ ਹਾਂ:-

ਬੇਟੀ ਤੂੰ ਜ਼ਿੰਦਗੀ ਆਪਣੀ ਮਰਜ਼ੀ ਨਾਲ ਜੀਵੀਂ।
ਜਿਨ੍ਹਾਂ ਨੇ ਤੇਰੇ ਜੰਮਣ ਉੱਤੇ ਸਵਾਲ ਚੁੱਕੇ ਸੀ,
ਉਹੀ ਹੁਣ ਤੈਨੂੰ ਪਰੰਪਰਾਵਾਂ ਵਿਖਾਉਣਗੇ।
ਤੇਰੀਆਂ ਖ਼ੁਸ਼ੀਆਂ ਤੇ ਸਧਰਾਂ ਮਿੱਧ ਕੇ,
ਉਹ ਤੈਨੂੰ ਦੇਵੀ ਬਣਾਉਣਗੇ,
ਤੇ ਫਿਰ ਕੁਰਬਾਨ ਕਰ ਦੇਣਗੇ।
ਉਨ੍ਹਾਂ ਝੂਠੇ ਦਿਲਾਸਿਆਂ ਵਿਚ,
ਆਪਣੇ ਹਾਸੇ ਨਾ ਕਦੇ ਵੀ ਗੁਆਈਂ।
ਜਿਨ੍ਹਾਂ ਰਿਸ਼ਤਿਆਂ ਵਿਚ ਪਿਆਰ ਨਾ ਹੋਵੇ,
ਉਨ੍ਹਾਂ ਰਿਸ਼ਤਿਆਂ ਲਈ ਸਤੀ ਨਾ ਹੋਈਂ।
ਇਸ ਝੂਠੇ ਸੰਸਾਰ ਲਈ ਹੰਝੂ ਅਜਾਈਂ ਨਾ ਵਹਾਈਂ,
ਬੇਟੀ ਤੂੰ ਜ਼ਿੰਦਗੀ ਆਪਣੀ ਮਰਜ਼ੀ ਨਾਲ ਜੀਵੀਂ।
ਸਮਾਜ ਦੇ ਠੇਕੇਦਾਰਾਂ ਨੇ ਰੱਬ ਵੀ ਨਹੀਂ ਛੱਡਿਆ !
ਉਹ ਤੇਰੀ ਹਰ ਚੀਜ਼ ਦਾ ਠੇਕਾ ਲੈਣਗੇ !
ਤੇਰੇ ਧਰਮ ਦਾ, ਤੇਰੀ ਸ਼ਰਮ ਦਾ,
ਤੇਰੇ ਪਹਿਰਾਵੇ ਦਾ, ਤੇਰੇ ਜਿਸਮ ਦਾ,
ਉਨ੍ਹਾਂ ਵੱਲੋਂ ਲਾਈਆਂ ਵਲਗਣਾਂ 'ਤੇ ਦੁਖੀ ਨਾ ਹੋਈਂ !
ਬੇਟੀ ਤੂੰ ਜ਼ਿੰਦਗੀ ਆਪਣੀ ਜ਼ਿੰਦਗੀ ਮਰਜ਼ੀ ਨਾਲ ਜੀਵੀਂ।

ਸਾਰ :-

ਜ਼ਿੰਦਗੀ ਇੱਕ ਵਾਰ ਹੀ ਮਿਲਣੀ ਹੈ ਤੇ ਇਸ ਨੂੰ ਖੁੱਲ੍ਹ ਕੇ ਆਪਣੀ ਮਰਜ਼ੀ ਨਾਲ ਜਿਊਣ ਦਾ ਸਭ ਨੂੰ ਅਧਿਕਾਰ ਹੈ। ਚੰਗੇ ਵਿਚਾਰ ਜ਼ਿੰਦਗੀ ਨੂੰ ਖ਼ੁਸ਼ੀ ਨਾਲ ਭਰ ਦਿੰਦੇ ਹਨ। ਜੋ ਸਮਾਂ ਲੰਘ ਗਿਆ, ਵਾਪਸ ਨਹੀਂ ਆਉਣਾ। ਭਵਿੱਖ ਦਾ ਪਤਾ ਨਹੀਂ, ਪਰ ਸਾਡਾ ਅੱਜ ਸਾਡੇ ਹੱਥ ਵਿੱਚ ਹੈ। ਇਸੇ ਲਈ ਆਪਣੇ ਅੱਜ ਨੂੰ ਰੱਜ ਕੇ ਮਾਣ ਲੈਣਾ ਚਾਹੀਦਾ ਹੈ।

ਜ਼ਿੰਦਗੀ ਦੇ ਸੀਮਤ ਸਮੇਂ ਨੂੰ ਹੋਰਨਾਂ ਨੇ ਮੇਰੇ ਬਾਰੇ ਕੀ ਕਿਹਾ, ਸੋਚ ਕੇ ਅਜਾਈਂ ਨਹੀਂ ਗੁਆਉਣਾ ਚਾਹੀਦਾ। ਲੋਕ ਤਾਂ ਸਾਡੇ ਮਰ ਜਾਣ ਤੋਂ ਬਾਅਦ ਵੀ ਬੋਲਦੇ ਰਹਿਣਗੇ। ਇਸੇ ਲਈ ਆਪਣੀ ਜ਼ਿੰਦਗੀ ਵੱਲ ਧਿਆਨ ਕਰੀਏ ਤੇ ਇਸ ਨੂੰ ਲੋੜਵੰਦਾਂ ਦੀ ਮਦਦ ਕਰ ਕੇ ਆਪਣੇ ਲਈ ਖ਼ੁਸ਼ੀ ਦੇ ਪਲ ਇਕੱਠੇ ਕਰ ਲਈਏ। ਰੱਜ ਕੇ ਹੱਸੀਏ, ਖਿੜਖਿੜਾਈਏ, ਨੱਚੀਏ, ਗਾਈਏ ਤੇ ਰੱਬ ਦਾ ਸ਼ੁਕਰ ਕਰਦੇ ਰਹੀਏ ਪਰ ਕਿਸੇ ਨਿਮਾਣੇ ਦਾ ਦਿਲ ਦੁਖਾ ਕੇ ਨਹੀਂ। ਦੁੱਖ ਸਿਰਫ਼ ਦੂਜੇ ਨਾਲ ਮੇਚਣ ਉੱਤੇ ਹੀ ਮਹਿਸੂਸ ਹੁੰਦਾ ਹੈ। ਇਸੇ ਲਈ ਦੂਜੇ ਨਾਲ ਤੁਲਨਾ ਕਰਨੀ ਬੰਦ ਕਰ ਦੇਣੀ ਚਾਹੀਦੀ ਹੈ।

ਜੇ ਅਸੀਂ 'ਲੋਕ ਕੀ ਕਹਿਣਗੇ' ਨੂੰ ਭੁੱਲ ਜਾਣਾ ਚਾਹੁੰਦੇ ਹਾਂ ਤਾਂ ਸਾਨੂੰ ਵੀ ਹੋਰਨਾਂ ਬਾਰੇ ਕੁੱਝ ਨਾ ਕਹਿਣ ਦਾ ਵੱਲ ਸਿੱਖਣਾ ਪਵੇਗਾ ਤਾਂ ਜੋ ਹੋਰਨਾਂ ਲਈ ਅਸੀਂ ਉਹੀ 'ਲੋਕ' ਨਾ ਬਣ ਜਾਈਏ।

ਸੋ, ਖ਼ੁਸ਼ ਰਹੋ, ਆਬਾਦ ਰਹੋ ਤੇ ਖੇੜੇ ਵੰਡਦੇ ਰਹੋ।

-0-

ਸਫ਼ਾ 21 ਦਾ ਬਾਕੀ

ਜੀ ਦਾ ਸ਼ੁਕਰਾਨਾ ਕਰਨ ਗਿਆ ਤੇ ਵਿਸ਼ਵਾਸ਼ ਹੋਰ ਪੱਕਾ ਹੋ ਗਿਆ। ਜੋ ਰੱਬ ਦੇ ਪਿਆਰੇ ਹੁੰਦੇ ਹਨ ਉਹ ਨਾਮ ਜਪਦੇ ਹਨ ਉਨ੍ਹਾਂ ਦਾ ਮਨ ਦੂਜਿਆਂ ਦੇ ਦੁੱਖ ਨਹੀਂ ਦੇਖ ਸਕਦੇ, ਦਇਆ ਭਾਵਨਾ ਹੁੰਦੀ ਹੈ। ਬੜੇ ਮਾਣ ਤੇ ਵਿਸ਼ਵਾਸ਼ ਨਾਲ ਕੀਤੀ ਅਰਦਾਸ 100% ਹੋਵੇ ਤਾਂ ਅਰਦਾਸ ਗੁਰੂ ਪੂਰੀ ਕਰਦਾ ਹੈ। ਆਪਣੇ ਪਿਆਰੇ ਦਾ ਭਰੋਸਾ ਨਹੀਂ ਤੋੜੀਦਾ। ਅਰਦਾਸ ਅਸੰਭਵ ਨੂੰ ਸੰਭਵ ਬਣਾ ਦਿੰਦੀ। ਕਮਜ਼ੋਰ ਮਨ ਨੂੰ ਚੜ੍ਹਦੀ ਕਲਾ ਬਖਸ਼ਦੀ ਹੈ ਡਿੱਗੇ ਹੋਏ ਨੂੰ ਸਹਾਰਾ ਦਿੰਦੀ ਹੈ। ਆਤਮਾ ਤੋਂ ਭਿੱਜ ਕੇ ਕੀਤੀ ਅਰਦਾਸ ਪਰਮਾਤਮਾ ਦੇ ਦਰਵਾਜੇ ਤੱਕ ਜਾਂਦੀ ਹੈ। ਜਿਥੋਂ ਤੱਕ ਹੋ ਸਕੇ ਸਾਨੂੰ ਅਰਦਾਸ ਆਪਣੇ ਆਪ ਕਰਨੀ ਚਾਹੀਦੀ ਹੈ ਨਾ ਕਿ ਦੂਜਿਆਂ ਨੂੰ ਕਹੋ।

ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ ॥
ਛੋਡਿ ਸਿਆਣਪ ਸਗਲ ਮਨੁ ਤਨੁ ਅਰਪਿ ਧਰਿ॥ (519)

ਅਰਦਾਸ ਦਾ ਪਹਿਲਾ ਅੰਗ ਆਪਣੇ ਮਾਲਕ ਦਾ ਭਰੋਸਾ ਵਿਸ਼ਵਾਸ ਹੈ। ਅਰਦਾਸ ਹਰੇਕ ਸਿੱਖ ਦੀ ਸੁੱਖ ਸੰਪਤਿ ਰਾਸ ਹੈ ਅਰਦਾਸ ਕਰਨ ਦਾ ਹੱਕ ਸਾਰਿਆਂ ਨੂੰ ਹੈ। ਅਰਦਾਸ ਪ੍ਰਮੇਸ਼ਵਰ ਤੇ ਜੀਵ ਦੇ ਮਿਲਾਪ ਵਿੱਚ ਪੁੱਲ ਦਾ ਕੰਮ ਕਰਦੀ ਹੈ। ਅਰਦਾਸ ਉਹ ਸਫਲ ਯਤਨ ਹੈ ਜਿਸ ਨਾਲ ਮਨੁੱਖ ਦੀ ਆਤਮਾ ਉਡਾਰੀ ਮਾਰ ਕੇ ਪਰਮਾਤਮਾ ਵੱਲ ਜਾਂਦੀ ਹੈ। ਅਰਦਾਸ ਮਨੁੱਖੀ ਮਨ ਨੂੰ ਇਕਾਗਰ ਤੇ ਨਿਰਮਲ ਕਰਦੀ ਹੈ। ਅਰਦਾਸ ਕਰਨ ਤੇ ਸੁਣਨ ਨਾਲ ਕਠੋਰ ਮਨ ਕੋਮਲ ਹੋ ਜਾਂਦਾ ਹੈ। ਗੁਰੂ ਅਰਜਨ ਸਾਹਿਬ ਜੀ ਨੇ ਹਰਮੰਦਿਰ ਸਾਹਿਬ ਵਿੱਚ **ਆਦਿ ਗ੍ਰੰਥ** ਦਾ ਪ੍ਰਕਾਸ਼ ਕੀਤਾ। ਗੁਰਮਤਿ ਮਰਿਯਾਦਾ ਦਾ ਮੁੱਢ ਹੋਂਦ ਵਿੱਚ ਆਇਆ। ਸਿੱਖ ਸੰਗਤਾਂ ਨੂੰ ਨਿਸ਼ਚੇ ਕਰਵਾਇਆ ਕਿ :

ਤੀਨੇ ਤਾਪ ਨਿਵਾਰਣਹਾਰਾ ਦੁਖ ਹੰਤਾ ਸੁਖ ਰਾਸਿ ॥
ਤਾ ਕਉ ਬਿਘਨੁ ਨ ਕੋਊ ਲਾਗੈ ਜਾ ਕੀ ਪ੍ਰਭ ਆਗੈ ਅਰਦਾਸਿ॥
(714)

ਆਓ ਅਸੀਂ ਸਾਰੇ ਨਿਰਵੈਰ ਹੋ ਕੇ ਬਿਨਾਂ ਕਿਸੇ ਭੇਦ-ਭਾਵ ਤੋਂ ਸਰਬੱਤ ਦੇ ਭਲੇ ਲਈ ਸੁੱਖਾਂ ਦੀ ਅਰਦਾਸ ਕਰੀਏ। ਮਿੱਠੇ ਬੋਲ ਬੋਲੀਏ, ਖੁਸ਼ੀਆਂ ਵੰਡੀਏ, ਗੁਰੂ ਸਾਹਿਬ ਜੀ ਦੀ ਸਿੱਖਿਆ ਅਨੁਸਾਰ ਜੀਵਨ ਜੀਵੀਏ।

-0-

ਬਿਮਾਰੀ ਅਤੇ ਮੌਤ ਨੂੰ ਸੱਦਾ ਦੇਣ ਬਰਾਬਰ ਹੈ ਪਲਾਸਟਿਕ ਸਰਜਰੀ

ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ) ਪੰਡੋਰੀ ਸਿੱਧਵਾਂ 9501100062

ਆਮ ਲੋਕ ਫਿਲਮੀ ਸਿਤਾਰਿਆਂ ਦੀ ਖੂਬਸੂਰਤੀ ਤੋਂ ਜਬਰਦਸਤ ਪ੍ਰਭਾਵਿਤ ਹੁੰਦੇ ਹਨ। ਤਿੱਖੇ ਨੈਣ ਨਕਸ਼, ਤਰਾਸ਼ੇ ਹੋਏ ਨੱਕ, ਯੂਨਾਨੀ ਦੇਵਤਿਆਂ ਦੀਆਂ ਮੂਰਤੀਆਂ ਵਰਗੇ ਮਜ਼ਬੂਤ ਜਬਾੜੇ ਅਤੇ ਦੁੱਧ ਵਰਗੀ ਸਾਫ ਸ਼ਫਾਕ ਚਮੜੀ। ਕਦੇ ਕਿਸੇ ਨੇ ਸੋਚਿਆ ਹੈ ਕਿ ਜਿਹੜੀ ਇਹ ਖੂਬਸੂਰਤੀ ਵਿਖਾਈ ਜਾ ਰਹੀ ਹੈ ਇਹ ਕਿੰਨੀ ਅਸਲੀ ਹੈ ਤੇ ਕਿੰਨੀ ਫਰਜ਼ੀ? ਸਿਤਾਰਿਆਂ ਨੂੰ ਵੇਖ ਕੇ ਬਹੁਤ ਸਾਰੇ ਲੋਕ ਸੋਚਦੇ ਹਨ ਕਿ ਕਾਸ਼ ਮੇਰਾ ਨੱਕ ਵੀ ਅਜਿਹਾ ਹੁੰਦਾ, ਮੇਰੀ ਫਿਗਰ ਵੀ ਅਜਿਹੀ ਕੜਕ ਹੁੰਦੀ ਅਤੇ ਮੇਰੀ ਚਮੜੀ ਵੀ ਅਜਿਹੀ ਸਾਫ ਸ਼ਫਾਕ ਹੁੰਦੀ। ਪਰ ਅਸਲੀਅਤ ਇਹ ਹੈ ਕਿ ਇਨ੍ਹਾਂ ਸਿਤਾਰਿਆਂ ਦੀ ਜਿਸ ਖੂਬਸੂਰਤੀ ਨੂੰ ਅਸੀਂ ਰੱਬ ਵੱਲੋਂ ਬਖਸ਼ੀ ਹੋਈ ਦਾਤ ਸਮਝ ਰਹੇ ਹਾਂ, ਅਸਲ ਵਿੱਚ ਉਹ ਡਾਕਟਰਾਂ ਦੁਆਰਾ ਉਪਰੇਸ਼ਨ ਥਿਐਟਰਾਂ ਵਿੱਚ ਤਿਆਰ ਕੀਤੀ ਗਈ ਹੁੰਦੀ ਹੈ। ਹਾਲੀਵੁੱਡ-ਬਾਲੀਵੁੱਡ ਸਿਤਾਰਿਆਂ ਦੀ ਇਸ ਖੂਬਸੂਰਤੀ ਦੇ ਮਿਆਰ ਐਨੇ ਜ਼ਹਿਰੀਲੇ ਹੋ ਚੁੱਕੇ ਹਨ ਕਿ ਕੋਈ ਨੱਕ ਦੀ ਪਲਾਸਟਿਕ ਸਰਜਰੀ ਕਰਵਾ ਰਿਹਾ ਹੈ, ਕੋਈ ਬਰੈਸਟ ਨੂੰ ਵੱਡੀ ਕਰਵਾਉਂਦੀ ਹੈ, ਕੋਈਜਬਾੜੇ ਦੀ ਹੱਡੀ ਨੂੰ ਠੀਕ ਕਰਵਾਉਂਦਾ ਹੈ ਤੇ ਕੋਈ ਰੰਗ ਗੋਰਾ ਕਰਨ ਲਈ ਗਲੂਟਾਥੀਉਨ ਇੰਜੈਕਸ਼ਨ ਲਗਵਾਉਂਦਾ ਹੈ। ਝੁਰੜੀਆਂ ਖਤਮ ਕਰਨ ਲਈ ਫੇਸ ਲਿਫਟ ਸਰਜਰੀ ਅਤੇ ਬੋਟੋਕਸ ਦੇ ਟੀਕੇ ਲਗਵਾਉਣਾ, ਗੰਜਾਪਣ ਖਤਮ ਕਰਨ ਲਈ ਹੇਅਰ ਟਰਾਂਸਪਲਾਂਟ ਤੇ ਚਰਬੀ ਘਟਾਉਣ ਲਈ ਲਾਈਪੋਸਕਸ਼ਨ ਆਦਿ ਕਰਵਾਉਣਾ ਆਮ ਜਿਹੀ ਗੱਲ ਹੋ ਗਈ ਹੈ। ਦੁਨੀਆਂ ਦੀ ਸਭ ਤੋਂ ਖਤਰਨਾਕ ਸਰਜਰੀ ਬਰੀਜ਼ੀਲੀਅਨ ਬੱਟ ਲਿਫਟ ਸਰਜਰੀ ਹੈ, ਜਿਸ ਦੁਆਰਾ ਚਾਹਵਾਨਾਂ ਦੇ ਹਿਪਸ ਵੱਡੇ ਕੀਤੇ ਜਾਂਦੇ ਹਨ। ਪਰ ਇਸ ਸਰਜ਼ਰੀ ਦੌਰਾਨ ਮਰਨ ਦੀ ਦਰ 3000 ਵਿੱਚ ਇੱਕ ਹੈ ਜੋ ਮੈਡੀਕਲ ਸਾਇੰਸ ਵਿੱਚ ਬਹੁਤ ਵੱਡੀ ਮੰਨੀ ਜਾਂਦੀ ਹੈ। ਫਿਰ ਵੀ ਹਰ ਸਾਲ ਵਿਕਸਿਤ ਦੇਸ਼ਾਂ ਵਿੱਚ ਲੱਖਾਂ ਦੀ ਗਿਣਤੀ ਵਿੱਚ ਇਹ ਸਰਜਰੀ ਕਰਵਾਈ ਜਾਂਦੀ ਹੈ, ਜਿਸ ਦੇ ਫਲਸਵਰੂਪ ਅਨੇਕਾਂ ਲੋਕ ਮੌਤ ਦੇ ਮੂੰਹ ਵਿੱਚ ਜਾ ਪੈਂਦੇ ਹਨ।

ਫਿਲਮੀ ਸਿਤਾਰਿਆਂ ਦਾ ਇਹ ਪਾਗਲਪਨ ਆਮ ਨੌਜਵਾਨਾਂ 'ਤੇ ਬਹੁਤ ਮਾਰੂ ਪ੍ਰਭਾਵ ਪਾ ਰਿਹਾ ਹੈ। 2024 ਵਿੱਚ ਕੋਇੰਬਟੂਰ ਦੀ ਅੰਮ੍ਰਿਤਾ ਵਿਸ਼ਵ ਵਿਦਿਆ ਪੀਠਮ ਯੂਨੀਵਰਸਿਟੀ ਨੇ ਇਸ ਸਬੰਧੀ ਇੱਕ ਅਧਿਐਨ ਕੀਤਾ ਤਾਂ ਪਤਾ ਚੱਲਿਆ ਕਿ 77% ਲੜਕੇ ਲੜਕੀਆਂ ਆਪਣੀ ਸਰੀਰਕ ਬਣਤਰ ਤੋਂ ਖੁਸ਼ ਨਹੀਂ ਹਨ। ਕਿੰਨੀ ਬੁਰੀ ਗੱਲ ਹੈ ਕਿ ਅਸੀਂ ਖੁਦ ਹੀ ਮੰਨ ਲਿਆ ਹੈ ਕਿ ਅਸੀਂ ਖੂਬਸੂਰਤ ਨਹੀਂ ਹਾਂ। ਪਲਾਸਟਿਕ ਸਰਜਰੀ ਅੱਜ ਅਰਬਾਂ ਖਰਬਾਂ ਡਾਲਰ ਦਾ ਕਾਰੋਬਾਰ ਬਣ ਚੁੱਕਿਆ ਹੈ। ਇਸ ਦਾ ਸਿਰਫ ਇੱਕ ਹੀ ਕੰਮ ਹੈ ਨਕਲੀ ਤਰੀਕੇ ਨਾਲ ਲੋਕਾਂ ਦੀ ਵਧਦੀ ਹੋਈ ਉਮਰ ਨੂੰ ਕੁਝ ਦੇਰ ਲਈ ਰੋਕ ਦੇਣਾ ਤੇ ਉਨ੍ਹਾਂ ਨੂੰ ਆਪਣੇ ਚਿਹਰੇ ਅਤੇ ਸਰੀਰ ਨਾਲ ਘਿਰਣਾ ਕਰਨ ਲਈ ਮਜ਼ਬੂਰ ਕਰਨਾ। ਸੱਚਾਈ ਇਹ ਹੈ ਕਿ ਅੱਜ 90% ਬਾਲੀਵੁੱਡ ਹੀਰੋ ਹੀਰੋਇਨਾਂ ਨੇ ਹੋਰ ਜਿਆਦਾ ਖੂਬਸੂਰਤ ਲੱਗਣ ਲਈ ਕਾਸਮੈਟਿਕ ਸਰਜਰੀ ਕਰਵਾ ਰੱਖੀ ਹੈ। ਪਰ ਦੱਖਣ ਦੇ ਸੁਪਰ ਸਟਾਰ ਕਮਲ ਹਸਨ ਦੀ ਬੇਟੀ ਸ਼ਰੁਤੀ ਹਸਨ, ਅਨੁਸ਼ਕਾ ਸ਼ਰਮਾ, ਪ੍ਰਿਅੰਕਾ ਚੋਪੜਾ, ਸ਼੍ਰੀ ਦੇਵੀ ਦੀ ਬੇਟੀ ਖੁਸ਼ੀ ਕਪੂਰ, ਰਾਖੀ ਸਾਵੰਤ ਅਤੇ ਸ਼ਿਲਪਾ ਸ਼ੈਟੀ ਨੂੰ ਛੱਡ ਕੇ ਬਹੁਤ ਘੱਟ ਸਿਤਾਰੇ ਇਸ ਨੂੰ ਸਵੀਕਾਰ ਕਰਦੇ ਹਨ। ਰਾਖੀ ਸਾਵੰਤ ਨੇ ਤਾਂ ਇੱਥੋਂ ਤੱਕ ਕਿਹਾ ਹੈ ਕਿ ਜੋ ਚੀਜਾਂ ਰੱਬ ਨਹੀਂ ਦਿੰਦਾ, ਉਹ ਡਾਕਟਰ ਦੇ ਦਿੰਦਾ ਹੈ।

ਪਰ ਕਈ ਸਿਤਾਰੇ ਅਜਿਹੇ ਹਨ ਕਿ ਜਿਨ੍ਹਾਂ ਨੇ ਕਦੇ ਵੀ ਇਹ ਨਹੀਂ ਮੰਨਿਆ ਕਿ ਉਨ੍ਹਾਂ ਨੇ ਸਰਜਰੀ ਕਰਵਾਈ ਹੈ ਪਰ ਉਨ੍ਹਾਂ ਦੀਆਂ ਪੁਰਾਣੀਆਂ ਅਤੇ ਨਵੀਆਂ ਫੋਟੋ ਵੇਖ ਕੇ ਇਹ ਗੱਲ ਸਾਫ ਪਤਾ ਲੱਗ ਜਾਂਦੀ ਹੈ।



ਪਲਾਸਟਿਕ ਸਰਜਰੀ ਨਾਮ ਵੇਖ ਕੇ ਲੱਗਦਾ ਹੈ ਕਿ ਇਹ ਸ਼ਾਇਦ ਕੋਈ 40-50 ਸਾਲ ਪਹਿਲਾਂ ਸ਼ੁਰੂ ਹੋਈ ਹੋਵੇਗੀ, ਪਰ ਅਸਲ ਵਿੱਚ ਇਹ ਹਜ਼ਾਰਾਂ ਸਾਲਾਂ ਤੋਂ ਕੀਤੀ ਜਾ ਰਹੀ ਹੈ। ਕਰੀਬ 3100 ਸਾਲ ਪਹਿਲਾਂ ਸੰਨ 600 ਬੀ.ਸੀ. ਵਿੱਚ ਸੁਸ਼ਰਤ ਨਾਮਕ ਭਾਰਤੀ ਵੈਦ ਨੇ ਪਲਾਸਟਿਕ ਸਰਜਰੀ ਸ਼ੁਰੂ ਕੀਤੀ ਸੀ। ਪਰ ਉਹ ਪਲਾਸਟਿਕ ਸਰਜਰੀ ਕਿਸੇ ਨੂੰ ਖੂਬਸੂਰਤ ਬਣਾਉਣ ਲਈ ਨਹੀਂ, ਬਲਕਿ ਇਲਾਜ਼ ਵਾਸਤੇ ਸੀ। ਉਸ ਨੇ ਨੱਕ, ਅੱਖ ਅਤੇ ਚਿਹਰੇ ਦਾ ਉਪਰੇਸ਼ਨ ਕਰ ਕੇ ਠੀਕ ਕਰਨ, ਇਲਾਜ਼ ਤੋਂ ਬਾਅਦ ਦੀ ਦੇਖ ਭਾਲ ਅਤੇ ਉਪਰੇਸ਼ਨ ਦੌਰਾਨ ਬੇਹੋਸ਼ ਕਰਨ ਸਬੰਧੀ ਬਾਰੇ ਆਪਣੇ ਗ੍ਰੰਥ ਸੁਸ਼ਰਤ ਸੰਹਿਤਾ ਵਿੱਚ ਵਿਸਥਾਰ ਨਾਲ ਜਾਣਕਾਰੀ ਦਿੱਤੀ ਹੈ। ਅਸਲ ਵਿੱਚ ਪਲਾਸਟਿਕ ਸਰਜਰੀ ਵਿੱਚ ਕ੍ਰਾਂਤੀ ਦੂਸਰੇ ਸੰਸਾਰ ਯੁੱਧ ਦੌਰਾਨ ਆਈ ਸੀ। ਜੰਗ ਕਾਰਨ ਹਜ਼ਾਰਾਂ ਸੈਨਿਕਾਂ ਦੇ ਕੱਟੇ ਵੱਢੇ ਚਿਹਰਿਆਂ ਨੂੰ ਠੀਕ ਕਰਨ ਦੀ ਮਜ਼ਬੂਰੀ ਕਾਰਨ ਇਸ ਖੇਤਰ ਵਿੱਚ ਵੱਡੀਆਂ ਖੋਜਾਂ ਕੀਤੀਆਂ ਗਈਆਂ ਸਨ। ਇਸ ਕ੍ਰਾਂਤੀ ਦਾ ਸਿਹਰਾ ਨਿਊਜ਼ੀਲੈਂਡ ਦੇ ਸਰਜਨ ਹਾਰੋਲਡ ਗਿਲੀਜ਼ ਦੇ ਸਿਰ ਬੱਝਦਾ ਹੈ ਜਿਸ ਨੂੰ ਪਲਾਸਟਿਕ ਸਰਜਰੀ ਦਾ ਪਿਤਾਮਾ ਕਿਹਾ ਜਾਂਦਾ ਹੈ। ਉਸ ਨੇ ਨਵੀਆਂ ਤਕਨੀਕਾਂ ਨਾਲ ਹਜ਼ਾਰਾਂ ਸੈਨਿਕਾਂ ਦੇ ਚਿਹਰਿਆਂ ਦੀ ਪਲਾਸਟਿਕ ਸਰਜਰੀ ਕੀਤੀ ਜਿਸ ਕਾਰਨ ਉਹ ਸਮਾਜ ਵਿੱਚ ਆਮ ਜ਼ਿੰਦਗੀ ਬਤੀਤ ਕਰਨ ਦੇ ਕਾਬਲ ਬਣੇ। ਇਸ ਤੋਂ ਬਾਅਦ ਇਸ ਖੇਤਰ ਵਿੱਚ ਨਵੀਆਂ



ਤੋਂ ਨਵੀਆਂ ਖੋਜਾਂ ਸ਼ੁਰੂ ਹੋ ਗਈਆਂ ਤੇ ਹਾਲੀਵੁੱਡ ਵਿੱਚ ਪਲਾਸਟਿਕ ਸਰਜਰੀ ਹਰਮਨ ਪਿਆਰੀ ਹੋਣ ਲੱਗ ਪਈ। ਪਰ ਫਰਕ ਇਹ ਸੀ ਕਿ ਹੁਣ ਸਰਜਰੀ ਕਿਸੇ ਸੱਟ ਨੂੰ ਠੀਕ ਕਰਨ ਲਈ ਨਹੀਂ, ਸਗੋਂ ਖੂਬਸੂਰਤ ਲੱਗਣ ਲਈ ਕੀਤੀ ਜਾਣ ਲੱਗੀ ਸੀ। ਅਮਰੀਕਾ ਵਿੱਚ ਪਲਾਸਟਿਕ ਸਰਜਰੀ ਕਰਨ ਵਾਲੇ ਕਲੀਨਿਕ ਖੁੰਬਾਂ ਵਾਂਗ ਉੱਗਣ ਲੱਗ ਪਏ ਤੇ 1980 ਤੱਕ ਇਹ ਅਰਬਾਂ ਖਰਬਾਂ ਡਾਲਰ ਦਾ ਕਾਰੋਬਾਰ ਬਣ ਗਿਆ। ਖੂਬਸੂਰਤੀ ਕੀ ਹੈ, ਇਹ ਇੱਕ ਬਹੁਤ ਗੁੰਝਲਦਾਰ ਸਵਾਲ ਹੈ ਤੇ ਹਰੇਕ ਸਮਾਜ ਵਿੱਚ ਇਸ ਦੇ ਅਰਥ ਅਲੱਗ ਅਲੱਗ ਹਨ। ਅਫਰੀਕਾ ਵਿੱਚ ਮੋਟੇ ਬੁੱਲ ਹੋਣ ਨੂੰ, ਭਾਰਤ ਵਿੱਚ ਮੋਟੀਆਂ ਅੱਖਾਂ ਤੇ ਚੀਨੀ ਨਸਲ ਵਿੱਚ ਤਿੱਖੀਆਂ ਤੇ ਛੋਟੀਆਂ ਅੱਖਾਂ ਨੂੰ ਖੂਬਸੂਰਤੀ ਨਿਸ਼ਾਨੀ ਮੰਨਿਆਂ ਜਾਂਦਾ ਹੈ। ਬਰਮਾ ਦੇ ਇੱਕ ਕਬੀਲੇ ਵਿੱਚ ਲੜਕੀਆਂ ਦੀਆਂ ਗਰਦਨਾਂ ਧਾਂਤ ਦੇ ਛੱਲੇ ਪਾ ਕੇ ਬਤਖ ਵਾਂਗ ਲੰਬੀਆਂ ਕਰ ਦਿੱਤੀਆਂ ਜਾਂਦੀਆਂ ਹਨ। ਉੱਤਰੀ ਭਾਰਤ ਵਿੱਚ ਗੋਰੇ ਤੇ ਦੱਖਣੀ ਭਾਰਤ ਵਿੱਚ ਕਾਲੇ ਰੰਗ ਨੂੰ ਖੂਬਸੂਰਤੀ ਦਾ ਪ੍ਰਤੀਕ ਮੰਨਿਆਂ ਜਾਂਦਾ ਹੈ। 1990ਵਿਆਂ ਵਿੱਚ ਜ਼ੀਰੋ ਫਿੱਗਰ (ਪੈਨਸਿਲ ਵਰਗੀਆਂ ਪਤਲੀਆਂ ਲੜਕੀਆਂ) ਨੂੰ ਖੂਬਸੂਰਤ ਮੰਨਿਆਂ ਜਾਂਦਾ ਸੀ, ਜਦ ਕਿ ਅੱਜ ਕਲ੍ਹ ਸਿਹਤਮੰਦ ਲੜਕੀਆਂ ਨੂੰ।

ਹਾਲੀਵੁੱਡ ਵਿੱਚ ਪਲਾਸਟਿਕ ਸਰਜਰੀ ਐਨੀ ਨਾਰਮਲ ਹੋ ਚੁੱਕੀ ਹੈ ਜਿਸ ਬਾਰੇ ਹੁਣ ਕੋਈ ਗੱਲ ਵੀ ਨਹੀਂ ਕਰਦਾ, ਪਰ ਬਾਲੀਵੁੱਡ ਵਿੱਚ ਇਹ ਅਜੇ ਵੀ ਇੱਕ ਹਊਆ ਹੈ। ਪਲਾਸਟਿਕ ਸਰਜਰੀ ਕਰਾਉਣ ਵਾਲੇ ਹੀਰੋ ਹੀਰੋਇਨਾਂ ਬਾਰੇ ਪਿੱਠ ਪਿੱਛੇ ਚੁਗਲੀਆਂ ਕੀਤੀ ਜਾਂਦੀਆਂ ਹਨ ਤੇ ਗਾਸਿਪ ਮੈਗਜ਼ੀਨਾਂ ਵਿੱਚ ਛਾਪਿਆ ਜਾਂਦਾ ਹੈ। ਬਾਲੀਵੁੱਡ ਦੇ ਸਿਤਾਰੇ (ਕੁਝ ਕੁ ਨੂੰ ਛੱਡ ਕੇ) ਸਰਜਰੀ ਕਰਵਾਉਣ ਬਾਰੇ ਬਿਲਕੁਲ ਵੀ ਨਹੀਂ ਮੰਨਦੇ ਪਰ ਉਨ੍ਹਾਂ ਦੀਆਂ ਪੁਰਾਣੀਆਂ ਤੇ ਨਵੀਆਂ ਤਸਵੀਰਾਂ ਵੇਖ ਕੇ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਸਰਜਰੀ ਕਰਵਾਈ ਗਈ ਹੈ। ਮਿਸਾਲ ਦੇ ਤੌਰ 'ਤੇ ਉਰਵਸ਼ੀ ਰੌਤੇਲਾ, ਆਇਸ਼ਾ ਟਕੀਆ ਤੇ ਮੌਨੀ ਰਾਏ ਆਦਿ ਦੇ ਪਹਿਲਾਂ ਦੇ ਨੱਕ, ਗੱਲ੍ਹਾਂ ਦੀਆਂ ਹੱਡੀਆਂ ਅਤੇ ਹੋਂਠਾਂ ਵਿੱਚ ਜ਼ਮੀਨ ਅਸਮਾਨ ਦਾ ਫਰਕ ਹੈ। ਸਿਰਫ ਹੀਰੋਇਨਾਂ ਹੀ ਨਹੀਂ, ਬਲਕਿ ਐਕਟਰ ਵੀ ਅਜਿਹੀਆਂ ਸਰਜਰੀਆਂ ਕਰਵਾ ਰਹੇ ਹਨ ਜਿਨ੍ਹਾਂ ਵਿੱਚ ਪ੍ਰਮੁੱਖ ਟਾਈਗਰ ਸ਼ਰਾਫ ਅਤੇ ਰਾਜ ਕੁਮਾਰ ਰਾਉ ਹਨ। ਰਾਜ ਕੁਮਾਰ ਰਾਉ ਨੇ ਤਾਂ ਇਹ ਗੱਲ ਸਵੀਕਾਰ ਵੀ ਕੀਤੀ ਹੈ। 60 ਸਾਲ ਦੀ ਉਮਰ ਵਿੱਚ ਵੀ ਆਮਿਰ ਖਾਨ, ਸਲਮਾਨ ਖਾਨ ਅਤੇ ਸ਼ਾਹਰੁਖ ਖਾਨ ਆਦਿ ਵਰਗੇ ਸਟਾਰਾਂ ਦੇ ਚਿਹਰਿਆਂ 'ਤੇ ਝੁਰੜੀਆਂ ਦਿਖਾਈ ਨਾ ਦੇਣ ਦਾ ਕਾਰਨਬੋਟੋਕਸ ਇੰਜੈਕਸ਼ਨ ਹੈ। ਬੋਟੋਕਸ ਇੱਕ ਕਿਸਮ ਦਾ ਨਿਊਰੋਟਾਕਸਿਨ ਜ਼ਹਿਰ ਹੁੰਦਾ ਹੈ, ਜੋ ਚਮੜੀ ਨੂੰ ਖਿੱਚ ਕੇ ਟਾਈਟ ਕਰ ਦੇਂਦਾ ਹੈ। ਵੈਸੇ ਤਾਂ ਇਹ ਬਹੁਤ ਜ਼ਹਿਰੀਲਾ ਹੁੰਦਾ ਹੈ, ਪਰ ਛੋਟੀ ਮਾਤਰਾ ਵਿੱਚ ਵਰਤਣ ਕਾਰਨ ਹਾਨੀ ਰਹਿਤ ਹੋ ਜਾਂਦਾ ਹੈ। ਇਸ ਦਾ ਇੱਕ ਮਾੜਾ ਪੱਖ ਇਹ ਹੈ ਕਿ ਇਸ ਨੂੰ ਹਰ ਦੋ ਤਿੰਨ ਮਹੀਨੇ ਬਾਅਦ ਲਗਵਾਉਣਾ ਪੈਂਦਾ ਹੈ। ਪਰ ਜਦੋਂ ਬਾਕੀ ਦਾ ਸਰੀਰ ਹੀ ਢਲਕ ਜਾਵੇ ਤਾਂ ਇਕੱਲਾ ਝੁਰੜੀ ਰਹਿਤ ਚਿਹਰਾ ਬੁਢਾਪੇ ਨੂੰ ਲੁਕਾ ਨਹੀਂ ਸਕਦਾ।

ਇੱਕ ਹੋਰ ਖਤਰਨਾਕ ਸਰਜਰੀ ਜੋ ਭਾਰਤੀ ਹੀਰੋਇਨਾਂ ਵਿੱਚ ਬਹੁਤ ਮਕਬੂਲ ਹੈ ਉਹ ਹੈ ਚਮੜੀ ਗੋਰੀ ਕਰਨ ਵਾਲੀ ਸਕਿੱਨ ਲਾਈਟਨਿੰਗ ਟਰੀਟਮੈਂਟ ਜੋ ਗਿਲੂਟਾਥਾਈਉਨ ਨਾਮਕ ਟੀਕਾ ਲਗਵਾ ਕੇ ਕੀਤੀ ਜਾਂਦੀ ਹੈ। ਇਨ੍ਹਾਂ ਵਿੱਚ ਸ਼ਾਮਲ ਹਨ ਕਾਜੋਲ, ਪ੍ਰਿਅੰਕਾ ਚੋਪੜਾ, ਸ਼ਿਲਪਾ ਸ਼ੈੱਟੀ, ਦੀਪਿਕਾ ਪਾਦੂਕੋਨ, ਸ੍ਰੀ ਦੇਵੀ, ਬਿਪਾਸ਼ਾ ਬਾਸੂ ਅਤੇ ਰੇਖਾ ਆਦਿ। ਫਿਲਮੀ ਕੈਰੀਅਰ ਦੀ ਸ਼ੁਰੂਆਤ ਵਿੱਚ ਇਨ੍ਹਾਂ ਦਾ ਰੰਗ ਕਾਫੀ ਡਾਰਕ ਸੀ ਜੋ ਹੁਣ ਬਹੁਤ ਗੋਰਾ ਦਿਖਾਈ ਦੇਂਦਾ ਹੈ ਪਰ ਇਨ੍ਹਾਂ ਵਿੱਚੋਂ ਕੋਈ ਵੀ ਇਸ ਗੱਲ ਨੂੰ ਨਹੀਂ ਮੰਨਦੀ। ਕਾਜੋਲ ਨੇ ਇੱਕ ਇੰਟਰਵਿਊ ਵਿੱਚ ਇਨਕਾਰ ਕਰਦੇ ਹੋਏ ਕਿਹਾ ਸੀ ਕਿ ਪਹਿਲਾਂ ਉਹ ਧੁੱਪ ਵਿੱਚ ਬਹੁਤ ਕੰਮ ਕਰਦੀ ਸੀ, ਜਿਸ ਕਾਰਨ ਉਸ ਦਾ ਰੰਗ ਕਾਲਾ ਹੋ ਗਿਆ ਸੀ, ਪਰ ਹੁਣ ਉਹ ਜਿਆਦਾਤਰ ਛਾਂ ਵਿੱਚ ਰਹਿੰਦੀ ਹੈ। ਗਿਲੂਟਾਥਾਈਉਨ ਟੀਕਾ ਐਨਾ ਜ਼ਹਿਰੀਲਾ ਹੈ ਕਿ ਗਲਤ ਤਰੀਕੇ ਅਤੇ ਜਿਆਦਾ ਮਾਤਰਾ ਵਿੱਚ ਲਗਾ ਦੇਣ ਨਾਲ ਵਿਅਕਤੀ ਦੀ ਮੌਤ ਵੀ ਹੋ ਸਕਦੀ ਹੈ। ਕਾਂਟਾ ਲੱਗਾ ਗਾਣੇ ਤੋਂ ਵਿਸ਼ਵ ਪ੍ਰਸਿੱਧ ਹੋਣ ਵਾਲੀ ਡਾਂਸਰ ਸ਼ੈਫਾਲੀ ਜ਼ਰੀਵਾਲਾ ਦੀ ਮੌਤ (27 ਜੂਨ 2025) ਇਸੇ ਟੀਕੇ ਕਾਰਨ ਹੋਣ ਵਾਲੀ ਐਲਰਜੀ ਨਾਲ ਹੋਈ ਸੀ। ਵਿਸ਼ਵ ਵਿੱਚ ਅਜਿਹੇ ਕਈ ਹੋਰ ਵੀ ਵਾਕਿਆ ਹੋ ਚੁੱਕੇ ਹਨ ਪਰ ਫਿਲਮ ਇੰਡਸਟਰੀ ਅਤੇ ਹਾਈ ਸੁਸਾਇਟੀ ਦੀ ਚਮਕ ਦਮਕ, ਪੈਸਾ, ਸਟੇਟਸ ਅਤੇ ਪ੍ਰਸਿੱਧੀ ਕਾਰਨ ਵੱਧ ਤੋਂ ਵੱਧ ਲੋਕ ਪਲਾਸਟਿਕ ਸਰਜਰੀ ਵੱਲ ਖਿੱਚੇ ਚਲੇ ਆ ਰਹੇ ਹਨ।

-0-

ਲੇਖਕਾਂ ਬੇਨਤੀ

ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਵਿਚ ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ, ਬੱਚਿਆਂ ਪ੍ਰਤੀ ਅਤੇ ਸਿਹਤ ਆਦਿ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ ਜਾਂਦਾ ਹੈ। ਲੇਖਕ ਵੀਰਾਂ ਨੂੰ ਬੇਨਤੀ ਹੈ ਕਿ ਖਾਸ ਮਹੀਨੇ ਵਿਚ ਛਪਣ ਵਾਲੀਆਂ ਰਚਨਾਵਾਂ ਦੋ ਮਹੀਨੇ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ।

ਰਚਨਾਵਾਂ ਭੇਜਣ ਲਈ ਪਤਾ:
ਗੁਰਮਤਿ ਵਿਰਸਾ,
ਗੁਰਮਤਿ ਗਿਆਨ ਮਿਸ਼ਨਰੀ ਕਾਲਜ,
ਪੰਜਾਬੀ ਬਾਗ, ਜਵੱਦੀ, ਲੁਧਿਆਣਾ
M: 79733-70542
Email: gurmatvirsa@gmail.com

ਇਹ ਸਧਾਰਣ ਜਿਹੀਆਂ ਗੱਲਾਂ

ਸਵੇਟ ਮਾਰਡਨ

ਬਹੁਤ ਸਾਰੇ ਲੋਕ ਕਹਿੰਦੇ ਹਨ ਕਿ ਜ਼ਰਾ-ਜ਼ਰਾ ਜਿਹੀਆਂ ਗੱਲਾਂ ਤੇ ਧਿਆਨ ਨਹੀਂ ਦੇਣਾ ਚਾਹੀਦਾ। ਉਹ ਬਹੁਤ ਵੱਡੀ ਗਲਤੀ ਕਰਦੇ ਹਨ। ਗੱਲ ਚਾਹੇ ਛੋਟੀ ਜਿਹੀ ਹੋਵੇ ਜਾਂ ਬਹੁਤ ਵੱਡੀ ਉਹ ਇੱਕ ਗੱਲ ਤਾਂ ਹੈ। ਇੱਕ ਘਟਨਾ ਹੈ ਜਾਂ ਜੀਵਨ ਨਾਲ ਸੰਬੰਧ ਰੱਖਣ ਵਾਲਾ ਕੋਈ ਪਲ ਹੈ। ਉਸ ਦਾ ਪ੍ਰਭਾਵ ਜੀਵਨ ਉੱਤੇ ਪੈ ਤਾਂ ਸਕਦਾ ਹੈ-ਪੈਂਦਾ ਹੀ ਹੈ।

ਇੱਕ ਪ੍ਰਮਾਣੂ ਕਿੰਨਾ ਛੋਟਾ ਹੈ। ਪ੍ਰਮਾਣੂ ਬੰਬ ਦੀ ਸ਼ਕਤੀ ਤੋਂ ਸਾਰਾ ਸੰਸਾਰ ਵਾਕਫ਼ ਹੈ। ਪ੍ਰਮਾਣੂਆਂ ਤੋਂ ਹੀ ਤਾਂ ਪ੍ਰਮਾਣੂ ਬੰਬ ਬਣਦਾ ਹੈ। ਇਹ ਬੰਬ ਹਜ਼ਾਰਾਂ ਮੀਲਾਂ ਦੀ ਦੂਰੀ ਤੋਂ ਛੱਡਿਆ ਜਾਵੇ ਤਾਂ ਕਿਤੇ ਵੀ ਮੀਲਾਂ ਤੱਕ ਵਿਨਾਸ਼ ਲੀਲਾ ਉਤਪੰਨ ਕਰ ਦਿੰਦਾ ਹੈ। ਸੰਸਾਰ ਨੇ ਜਾਪਾਨ ਦੇ ਦੋ ਨਗਰਾਂ ਦਾ ਵਿਨਾਸ਼ ਦੇਖਿਆ ਵੀ ਹੈ। ਅੱਜ ਵੀ ਜਾਪਾਨ ਦੇ 'ਨਾਗਾਸਾਕੀ' ਅਤੇ 'ਹੀਰੋਸ਼ੀਮਾ' ਨਗਰਾਂ ਵਿੱਚ ਵਿਨਾਸ਼ ਦੇ ਅਵਸ਼ੇਸ਼ ਹਨ।

ਇੱਕ ਛੋਟੀ ਜਿਹੀ ਕੀੜੀ ਹੁੰਦੀ ਹੈ। ਤੁਸੀਂ ਕਹਿੰਦੇ ਹੋ ਕੀੜੀ ਵਿੱਚ ਜ਼ਰਾ ਜਿੰਨੀ ਸ਼ਕਤੀ ਨਹੀਂ ਹੈ। ਪੈਰਾਂ ਵਿੱਚ ਕੁਚਲ ਕੇ ਮਰ ਜਾਂਦੀ ਹੈ। ਕੀ ਕਰ ਸਕਦੀ ਹੈ? ਇਹੀ ਛੋਟੀ-ਜਿਹੀ ਕੀੜੀ ਹਾਥੀ ਦੀ ਸੁੰਡ ਵਿੱਚ ਵੜ ਕੇ ਕੱਟ ਲੈਂਦੀ ਹੈ ਤਾਂ ਹਾਥੀ ਮਰ ਵੀ ਸਕਦਾ ਹੈ।

ਪੋਟਾਸ਼ੀਅਮ ਸਾਈਨਾਈਡ ਜ਼ਰਾ-ਜਿਹਾ ਚੱਖਣ ਤੇ ਵੀ ਮਨੁੱਖ ਮਰ ਸਕਦਾ ਹੈ। ਇੱਕ ਛੋਟਾ ਜਿਹਾ ਵਾਕ ਕਿਸੇ ਦਾ ਜੀਵਨ ਬਦਲ ਸਕਦਾ ਹੈ। ਇੱਕ ਛੋਟੀ ਜਿਹੀ ਟੇਬਲਟ ਇੰਨੇ ਵੱਡੇ ਸਰੀਰ ਦੇ ਦਰਦ ਨੂੰ ਖਿੱਚ ਬਾਹਰ ਕੱਢਦੀ ਹੈ।

ਇੱਕ ਧਾਗਾ ਜ਼ਰਾ ਜਿਹਾ ਤੋੜ ਦਿਓ-ਤਾਣਾ ਬਾਣਾ ਅਸਤ ਵਿਅਸਤ ਹੋ ਜਾਵੇਗਾ। ਵੀਣਾ ਦੇ ਤਾਰਾਂ ਵਿੱਚੋਂ ਇੱਕ ਤਾਰ ਤੋੜ ਦਿਓ, ਸਾਰੇ ਸੁਰ ਬੇਸੁਰੇ ਹੋ ਜਾਣਗੇ।

ਇਹ ਛੋਟੀਆਂ-ਛੋਟੀਆਂ ਸਾਧਾਰਣ ਗੱਲਾਂ ਬਹੁਤ ਮਹੱਤਵ ਰੱਖਦੀਆਂ ਹਨ।

ਤੁਸੀਂ ਜੇਮਸਵਾਟ ਦਾ ਨਾਂ ਸੁਣਿਆ ਹੋਵੇਗਾ। ਉਹ ਛੋਟਾ ਜਿਹਾ ਬਾਲਕ ਘਰ ਵਾਲਿਆਂ ਦੀ ਦ੍ਰਿਸ਼ਟੀ ਵਿੱਚ ਨਿਕੰਮਾ ਸੀ। ਜਿੱਥੇ ਬੈਠ ਜਾਂਦਾ, ਬੈਠਾ ਰਹਿੰਦਾ ਸੀ ਅਤੇ ਘੰਟਿਆਂ ਬੱਧੀ ਕਿਸੇ ਵੀ ਚੀਜ਼ ਨੂੰ ਦੇਖਦਾ ਰਹਿੰਦਾ। ਉਸਦਾ ਇਹ ਸੁਭਾਅ ਬਣ ਗਿਆ ਸੀ। ਇਸ ਨਾਲ ਉਸਨੂੰ ਆਪਣੀ ਚਾਚੀ ਦੀਆਂ ਝਿੜਕਾਂ ਖਾਣੀਆਂ ਪੈਂਦੀਆਂ ਸਨ। ਪ੍ਰੰਤੂ ਸਾਧਾਰਣ ਜਿਹੀਆਂ ਚੀਜ਼ਾਂ ਉੱਤੇ ਵੀ ਧਿਆਨ ਦੇਣ ਦੀ ਜੇਮਸ ਦੀ ਆਦਤ ਨੇ ਸੰਸਾਰ ਨੂੰ ਕਿੰਨੀ ਅਸਾਧਾਰਣ ਚੀਜ਼ ਦਿੱਤੀ? ਭਾਫ਼ ਦੀ ਸ਼ਕਤੀ ਨਾਲ ਰੇਲ ਗੱਡੀ, ਵੱਡੀਆਂ-ਵੱਡੀਆਂ ਮਿੱਲਾਂ ਅਤੇ ਇੰਜਨ ਚਲਦੇ ਹਨ। ਜੇਮਸਵਾਟ ਤੋਂ ਪਹਿਲਾਂ ਵੀ ਤਾਂ ਅੰਗੀਠੀਆਂ ਉੱਤੇ ਕੇਤਲੀ ਵਿੱਚ ਪਾਣੀ ਗਰਮ ਹੁੰਦੇ ਰਹੇ ਹਨ। ਭਾਫ਼ ਵੀ ਉਠਦੀ ਰਹੀ ਹੋਵੇਗੀ। ਭਾਫ਼ ਦੀ ਸ਼ਕਤੀ ਨੂੰ ਕਿਸੇ ਨੇ ਨਹੀਂ ਪਹਿਚਾਣਿਆ। ਕਿਸੇ ਨੇ ਇਸ ਛੋਟੀ ਜਿਹੀ ਗੱਲ ਉੱਤੇ ਧਿਆਨ ਨਹੀਂ ਦਿੱਤਾ।

ਜੇਮਸਵਾਟ ਨੇ ਸਾਧਾਰਣ ਘਟਨਾ ਨੂੰ ਦੇਖਿਆ ਕਿ ਕੇਤਲੀ ਉੱਤੇ ਢੱਕਿਆ ਢੱਕਣ ਕਿਉਂ ਉਠਦਾ-ਗਿਰਦਾ ਹੈ। ਭਾਫ ਵਿੱਚ ਛੁਪੀ ਸ਼ਕਤੀ ਦਾ ਪਤਾ ਲਗਾ ਕੇ ਜੇਮਸਵਾਟ ਨੇ ਸੰਸਾਰ ਨੂੰ ਕਿੰਨੀ ਵੱਡੀ ਚੀਜ਼ ਤੋਂ ਵਾਕਫ਼ ਕਰ ਦਿੱਤਾ। ਸਟੀਫੇਂਸਨ ਨੇ ਇਸੇ ਸ਼ਕਤੀ ਦੇ ਆਧਾਰ ਉੱਤੇ ਤਾਂ ਰੇਲ ਗੱਡੀ ਦਾ ਇੰਜਨ ਬਣਾਇਆ।

'ਟ੍ਰਾਯ' ਦਾ ਯੁੱਧ ਕਿਉਂ ਹੋਇਆ? ਉੱਥੇ ਕਾਫ਼ੀ ਦਿਨਾਂ ਤੱਕ ਘੇਰਾਬੰਦੀ ਰਹੀ, ਨਰਸੰਹਾਰ ਹੋਇਆ। ਕਾਰਨ ਕਿੰਨਾ ਛੋਟਾ, ਕਿੰਨਾ ਸਾਧਾਰਣ ਹੈ। ਹੇਲਨ ਨਾਮ ਦੀ ਲੜਕੀ ਦਾ ਸੁੰਦਰ ਚਿਹਰਾ।

ਇੱਕ ਮਾਚਿਸ ਦੀ ਸਿਲਾਈ ਵਿੱਚ ਇੰਨੀ ਸ਼ਕਤੀ ਹੈ ਕਿ ਉਹ ਨਗਰ ਭਰ ਨੂੰ ਜਲਾ ਸਕਦੀ ਹੈ। ਐਸੀਆਂ ਘਟਨਾਵਾਂ ਘਟੀਆਂ ਹਨ ਅਤੇ ਅਕਸਰ ਘਟਦੀਆਂ ਹਨ।

ਬੱਚੇ ਖੇਡ ਰਹੇ ਹਨ। ਖੇਡਦੇ-ਖੇਡਦੇ ਕਿਸੇ ਬੱਚੇ ਨੇ ਮਾਚਿਸ ਦੀ ਤੀਲੀ ਜਲਾ ਕੇ ਸੁੱਟ ਦਿੱਤੀ। ਜਲਣਸ਼ੀਲ ਵਸਤੂ ਤੇ ਤੀਲੀ ਗਿਰਦੇ ਹੀ ਅੱਗ ਭੜਕ ਉਠੀ। ਅੱਗ ਫੈਲਦੀ ਚਲੀ ਗਈ ਅਤੇ ਪਿੰਡ ਦਾ ਜ਼ਿਆਦਾਤਰ ਹਿੱਸਾ ਜਲ ਗਿਆ। ਦੋ ਸੌ ਬੱਤੀ ਘਰ ਜਲ ਗਏ ਦੱਸੇ ਜਾਂਦੇ ਹਨ। ਇਹ ਘਟਨਾ ਹੰਗਰੀ ਦੇ ਇੱਕ ਪਿੰਡ ਵਿੱਚ ਘਟਿਤ ਹੋਈ। ਕਿੰਨੀ ਹਾਨੀ ਹੋਈ ਹੋਵੇਗੀ। ਛੋਟੀ ਦੀਵਾ ਸਿਲਾਈ ਅਤੇ ਛੋਟਾ ਜਿਹਾ ਬਾਲਕ।

ਸਾਧਾਰਨ ਜਿਹੀ ਘਟਨਾ ਸੀ।

ਸੰਸਾਰ ਭਰ ਵਿੱਚ ਸਮਾਚਾਰ ਫੈਲ ਗਿਆ।

ਘਟਨਾ ਸਾਧਾਰਣ ਨਹੀਂ ਰਹੀ। ਸਾਧਾਰਣ ਜਿਹੀ ਭੁੱਲ ਸੀ। ਇੱਕ



ਜਾਣ ਨਾਲ ਹੀ ਵਾਸ਼ਿੰਗਟਨ ਨਗਰ ਉੱਥੇ ਵਸਾਇਆ ਗਿਆ।

ਭਾਰਤ ਵਰਸ਼ ਵਿੱਚ 'ਮਹਾਂਭਾਰਤ' ਦਾ ਪ੍ਰਸਿੱਧ ਯੁੱਧ ਹੋਇਆ ਸੀ-ਕੌਰਵਾਂ ਅਤੇ ਪਾਂਡਵਾਂ ਦੇ ਵਿੱਚ।

ਇਸ ਯੁੱਧ ਦੇ ਜਿੱਥੇ ਹੋਰ ਵੀ ਕਾਰਨ ਹੋ ਸਕਦੇ ਹਨ, ਉੱਥੇ ਇੱਕ ਕਾਰਨ ਦਰੋਪਦੀ ਦੁਆਰਾ ਦੁਰਯੋਧਨ ਦੇ ਨਾਲ ਕੀਤਾ ਗਿਆ ਛੋਟਾ ਜਿਹਾ ਮਜ਼ਾਕ ਵੀ ਸੀ। 'ਇੰਦਰਪ੍ਰਸਥ' ਵਿੱਚ ਉਸਨੇ ਦੁਰਯੋਧਨ ਨੂੰ ਮਜ਼ਾਕ ਵਿੱਚ 'ਅੰਨ੍ਹੇ ਦਾ ਅੰਨ੍ਹਾ' ਕਹਿ ਦਿੱਤਾ ਸੀ। ਬਸ ਜੜ ਜਮ ਗਈ। ਇਹ ਸਾਧਾਰਣ ਜਿਹੀ ਗੱਲ ਤੂਲ ਫੜ ਗਈ। ਦੁਰਯੋਧਨ ਨੂੰ ਚੁਭ ਗਈ। ਮਨ ਹੀ ਮਨ ਉਸਨੇ ਬਦਲਾ ਲੈਣ ਦਾ ਪ੍ਰਣ ਕਰ ਲਿਆ। ਉਸਨੇ ਬਦਲਾ ਲਿਆ। ਪਾਂਡਵਾਂ ਤੋਂ ਜੂਏ ਵਿੱਚ ਦਰੋਪਦੀ ਨੂੰ ਜਿੱਤਿਆ। ਉਸ ਨੂੰ ਅਪਮਾਨਿਤ ਕੀਤਾ, ਪਾਂਡਵਾਂ ਦਾ ਰਾਜ ਲੈ ਲਿਆ। ਯੁੱਧ ਦੀ ਜੜ ਜਮ ਗਈ। ਇੱਕ ਮਾਮੂਲੀ ਜਿਹੀ ਗੱਲ ਭਿਅੰਕਰ ਸਿੱਧ ਹੋਈ।

ਸੜਕ ਉੱਤੇ ਸਾਧਾਰਣ-ਜਿਹੀ ਲਾਪ੍ਰਵਾਹੀ ਨਾਲ ਚੱਲਣ ਨਾਲ ਦੁਰਘਟਨਾ ਹੋ ਜਾਂਦੀ ਹੈ। ਰੇਲਵੇ ਵਿਭਾਗ ਦੇ ਕਰਮਚਾਰੀ ਜ਼ਰਾ ਵੀ



ਅਸਾਵਧਾਨੀ ਲਾਈਨ ਬਦਲਣ ਜਾਂ ਸ਼ੰਟਿੰਗ ਵਿੱਚ ਕਰ ਦੇਣ ਤਾਂ ਹਜ਼ਾਰਾਂ ਲੋਕਾਂ ਦੀਆਂ ਜਾਨਾਂ ਚਲੀਆਂ ਜਾਣ। ਸਾਧਾਰਣ ਭੁੱਲ ਜਾਂ ਲਾਪਰਵਾਹੀ ਹਜ਼ਾਰਾਂ ਦੀ ਜਾਨ ਲੈ ਲਵੇ।

ਇੱਕ ਅਪਾਹਿਜ ਵਿਅਕਤੀ ਸੀ-ਇੱਕ ਟੰਗ ਤੋਂ ਲੰਗੜਾ। ਛੜੀ ਦੇ ਸਹਾਰੇ ਚਲਿਆ ਜਾ ਰਿਹਾ ਸੀ। ਠੋਕਰ ਲੱਗੀ। ਉਹ ਗਿਰ ਗਿਆ। ਉਸਦੀ ਟੋਪੀ ਜ਼ਮੀਨ ਉੱਤੇ ਗਿਰੀ। ਉੱਥੇ ਹੀ ਖੇਲ੍ਹਦੇ ਹੋਏ ਦੋ ਬੱਚਿਆਂ ਵਿੱਚੋਂ ਇੱਕ ਨੇ ਉਸਦੀ ਟੋਪੀ ਨੂੰ ਪੈਰਾਂ ਨਾਲ ਉਛਾਲ ਦਿੱਤਾ ਅਤੇ ਹੱਸ ਪਿਆ। ਦੂਸਰਾ ਲੜਕਾ ਸਮਝਦਾਰ ਸੀ, ਉਸਨੇ ਟੋਪੀ ਉਠਾਈ, ਝਾੜੀ ਅਤੇ ਉਸ ਅਪੰਗ ਨੂੰ ਦੇ ਦਿੱਤੀ। ਉਸਦੀ ਬੈਂਤ ਫੜਾਉਂਦੇ ਹੋਏ ਸਹਾਰਾ ਦਿੱਤਾ। ਉਸ ਵਿਅਕਤੀ ਨੇ ਲੜਕੇ ਦਾ ਪਤਾ ਲਿਖਿਆ ਅਤੇ ਚਲਾ ਗਿਆ।

ਇਹ ਘਟਨਾ ਸਾਧਾਰਣ ਹੈ। ਅਜਿਹਾ ਆਮ ਹੁੰਦਾ ਹੈ। ਅੱਛੇ ਲੜਕੇ ਕਿਸੇ ਦੀ ਮਦਦ ਕਰ ਦਿੰਦੇ ਹਨ ਅਤੇ ਬੁਰੇ ਲੜਕੇ ਮਜ਼ਾਕ ਉਡਾਉਂਦੇ ਹਨ।

ਪ੍ਰੰਤੂ ਉਸ ਘਟਨਾ ਦਾ ਨਤੀਜਾ ਬਹੁਤ ਵੱਡਾ ਹੋਇਆ ਸੀ। ਉਸ ਗਰੀਬ ਲੜਕੇ ਦੇ ਕੋਲ ਇੱਕ ਮਹੀਨੇ ਬਾਅਦ ਹੀ ਹਜ਼ਾਰ ਡਾਲਰ ਪਹੁੰਚੇ ਸਨ, ਜੋ ਉਸੇ ਵਿਅਕਤੀ ਨੇ ਭੇਜੇ ਸਨ-ਇਨਾਮ ਦੇ ਰੂਪ ਵਿੱਚ। ਇਸ ਇਨਾਮ ਨੇ ਲੜਕੇ ਦਾ ਜੀਵਨ ਸਵਾਰ ਦਿੱਤਾ। ਉਸ ਦੀ ਸਿੱਖਿਆ ਨਹੀਂ ਰੁਕੀ। ਉਸਨੂੰ ਪ੍ਰੋਹਤਸਾਹਨ ਮਿਲਿਆ ਤਾਂ ਉਹ ਹੋਰ ਅੱਛਾ ਬਣ ਗਿਆ।

ਤੁਸੀਂ ਸਮਾਜ ਵਿੱਚ ਰਹਿੰਦੇ ਹੋ। ਤੁਹਾਨੂੰ ਸੈਂਕੜੇ ਲੋਕਾਂ ਨਾਲ ਰੋਜ਼ਾਨਾ ਮਿਲਣਾ ਪੈਂਦਾ ਹੈ। ਸਭ ਤਰ੍ਹਾਂ ਦੇ ਲੋਕ ਟਕਰਾਉਂਦੇ ਹਨ-ਅੱਛੇ ਵੀ ਅਤੇ ਬੁਰੇ ਵੀ। ਕੋਈ ਮਿੱਠੀ ਬਾਣੀ ਵਿੱਚ ਬੋਲਦਾ ਹੈ ਅਤੇ ਕੋਈ ਕਰਕਸ਼ ਬਾਣੀ ਵਿੱਚ। ਤੁਸੀਂ ਜਾਣਦੇ ਹੋ ਕਿ ਮਿੱਠਾ ਬੋਲਣ ਵਾਲੇ ਦਾ ਪ੍ਰਭਾਵ ਸਥਾਈ ਹੁੰਦਾ ਹੈ। ਮਧੁਰ ਵਚਨ ਔਸ਼ਧੀ ਹੈ ਅਤੇ ਕੌੜਾ ਵਚਨ ਇੱਕ ਜ਼ਹਿਰ ਵਿੱਚ ਬੁਝਿਆ ਤੀਰ ਹੈ ਜੋ ਵਿੰਨ੍ਹ ਸੁੱਟਦਾ ਹੈ। ਇਹ ਛੋਟੀ ਜਿਹੀ ਗੱਲ ਹੈ। ਮਿੱਠਾ ਬੋਲਣਾ।

ਸਾਧਾਰਣ ਗੱਲ ਹੈ। ਲੋਕ ਧਿਆਨ ਨਹੀਂ ਦਿੰਦੇ । ਪ੍ਰੰਤੂ ਜੋ ਲੋਕ ਧਿਆਨ ਦਿੰਦੇ ਹਨ ਉਹ ਹਰ ਇੱਕ ਹਾਲਤ ਵਿੱਚ ਮਿੱਠਾ ਹੀ ਬੋਲਣਗੇ। ਇਸ ਮਾਮੂਲੀ ਗੱਲ ਤੇ ਉਹ ਸਦਾ ਧਿਆਨ ਦਿੰਦੇ ਹਨ। ਉਹ ਜ਼ਰਾ ਜਿੰਨੀ ਵੀ ਚੂੱਕ ਨਹੀਂ ਕਰਦੇ। ਤੁਸੀਂ ਮਿੱਠਾ ਬੋਲਦੇ ਹੋ ਤਾਂ ਚਾਰੇ ਪਾਸੇ ਤੁਹਾਡੇ ਮਿੱਤਰ ਹੀ ਮਿੱਤਰ ਹਨ। ਤੁਹਾਡੇ ਚਾਹੁਣ ਵਾਲਿਆਂ ਦੀ ਭੀੜ ਹੈ। ਤੁਹਾਡੇ ਗੁਣਗਾਣ ਅਤੇ ਪ੍ਰਸ਼ੰਸ਼ਾ ਕਰਨ ਵਾਲੇ ਲੋਕਾਂ ਦੀ ਕਮੀ ਨਹੀਂ ਹੈ। ਚਾਰੇ ਪਾਸੇ ਤੁਹਾਡੇ ਗੁਣਾਂ ਦੀ ਮਹਿਕ ਫੈਲ ਰਹੀ ਹੈ ਅਤੇ ਜੇ ਤੁਸੀਂ ਕੌੜਾ ਬੋਲਦੇ ਹੋ ਤਾਂ ਤੁਸੀਂ ਦੇਖੋਗੇ ਇਹ ਛੋਟੀ ਜਿਹੀ ਗੱਲ-ਇਹ ਸਾਧਾਰਣ ਜਿਹਾ ਔਗੁਣ ਤੁਹਾਡੇ ਦੁਸ਼ਮਣ ਹੀ ਦੁਸ਼ਮਣ ਪੈਦਾ ਕਰ ਦੇਵੇਗਾ। ਤੁਸੀਂ ਕਿਸੇ ਦਾ ਕੁੱਝ ਨਹੀਂ ਵਿਗਾੜ ਰਹੇ-ਫੇਰ ਵੀ ਲੋਕ ਤੁਹਾਡੇ ਦੁਸ਼ਮਣ ਬਣ ਰਹੇ ਹਨ-ਤੁਹਾਡੀ ਨਿੰਦਾ ਕਰ ਰਹੇ ਹਨ। ਸਮਾਜ ਵਿੱਚ ਤੁਸੀਂ ਬੁਰੇ ਕਹੇ ਜਾਂਦੇ ਹੋ। ਜਦਕਿ ਤੁਸੀਂ ਬੁਰੇ ਕੰਮ ਨਹੀਂ ਕਰਦੇ। ਤੁਸੀਂ ਈਮਾਨਦਾਰ ਆਦਮੀ ਹੋ, ਮਿਹਨਤੀ ਹੋ। ਬੱਸ ਛੋਟਾ ਜਿਹਾ ਔਗੁਣ ਹੈ। ਸਾਧਾਰਣ ਜਿਹੀ ਗਲਤੀ ਕਰਦੇ ਹੋ ਤੁਸੀਂ।

ਸੰਸਕ੍ਰਿਤ ਦੇ ਮਹਾਂਕਵੀ ਅਤੇ ਨਾਟਕਕਾਰ ਕਾਲੀਦਾਸ ਬਿਨਾਂ ਪੜ੍ਹੇ ਅਤੇ ਮੂਰਖ ਵਿਅਕਤੀ ਸਨ। ਉਨ੍ਹਾਂ ਦੀ ਪਤਨੀ ਪੜ੍ਹੀ ਲਿਖੀ ਵਿਦੂਸੀ ਇਸਤਰੀ ਸੀ। ਵਿਆਹ ਤੋਂ ਪਹਿਲਾਂ ਉਹ ਕਾਲੀਦਾਸ ਨੂੰ ਵਿਦਵਾਨ ਸਮਝਦੀ ਸੀ। ਪ੍ਰੰਤੂ ਵਿਆਹ ਤੋਂ ਬਾਅਦ ਜਦੋਂ ਉਸਨੇ ਆਪਣੇ ਪਤੀ ਨੂੰ ਮੂਰਖ ਪਾਇਆ ਤਾਂ ਉਸਨੇ ਪਤੀ ਨੂੰ ਪ੍ਰੇਰਣਾਤਮਕ ਕੁੱਝ ਹੀ ਸ਼ਬਦ ਕਹੇ ਸਨ। ਉਹ ਜ਼ਰਾ ਜਿਹੀ ਗੱਲ ਕਾਲੀਦਾਸ ਦੇ ਹਿਰਦੇ ਵਿੱਚ ਡੂੰਘੇ ਤੱਕ ਉਤਰ ਗਈ ਸੀ। ਉਹ ਘਰ ਤੋਂ ਨਿਕਲ ਗਿਆ ਸੀ ਅਤੇ ਜਦੋਂ ਪਰਤਿਆ ਤਾਂ ਉਹ ਆਪਣੀ ਪਤਨੀ ਨਾਲੋਂ ਜ਼ਿਆਦਾ ਵਿਦਵਾਨ ਸੀ। ਉਸ ਨੇ ਸੰਸਕ੍ਰਿਤ ਵਿੱਚ ਸਾਹਿਤ ਲਿਖਿਆ ਹੈ ਜਿਸ ਦਾ ਕੋਈ ਸਾਨੀ ਨਹੀਂ ਹੈ।

ਬਾਲਮੀਕੀ ਡਾਕੂ ਸੀ। ਇੱਕ ਵਾਰ ਕੁੱਝ ਰਿਸ਼ੀਆਂ ਨੂੰ ਲੁੱਟਣ ਲੱਗਾ ਤਾਂ ਉਨ੍ਹਾਂ ਨੇ ਇੱਕ ਛੋਟੀ ਜਿਹੀ ਗੱਲ ਕਹਿ ਦਿੱਤੀ- ''ਇਹ ਅਪਰਾਧ ਕਿਸ ਦੇ ਲਈ ਕਰ ਰਿਹਾ ਹੈਂ? ਜਿਨ੍ਹਾਂ ਪ੍ਰੀਵਾਰ ਵਾਲਿਆਂ ਦੇ ਲਈ ਕਰਦਾ ਹੈਂ; ਕੀ ਉਹ ਤੇਰੇ ਪਾਪਾਂ ਦੇ ਫਲ ਭੋਗਣ ਵਿੱਚ ਵੀ ਸਾਥ ਦੇਣਗੇ?''

ਇਹ ਛੋਟੀ ਜਿਹੀ ਗੱਲ ਸੀ। ਇਸੇ ਗੱਲ ਨੇ ਬਾਲਮੀਕ ਦੇ ਦਿਮਾਗ ਵਿੱਚ ਖਲਬਲੀ ਮਚਾ ਦਿੱਤੀ। ਉਹ ਉਨ੍ਹਾਂ ਰਿਸ਼ੀਆਂ ਨੂੰ ਉੱਥੇ ਹੀ ਰੱਸੀ ਨਾਲ ਬੰਨ੍ਹਣ ਦੇ ਬਾਅਦ ਘਰ ਗਿਆ ਅਤੇ ਸਭ ਤੋਂ ਪੁੱਛਿਆ। ਕੋਈ ਵੀ ਤਿਆਰ ਨਹੀਂ ਸੀ ਉਸ ਦੇ ਪਾਪਾਂ ਦਾ ਫਲ ਭੁਗਤਣ ਦੇ ਲਈ। ਪਤਨੀ, ਮਾਂ ਬਾਪ, ਭਾਈ-ਭੈਣ, ਸਭ ਨੇ ਇਹੀ ਉੱਤਰ ਦਿੱਤਾ ਕਿ ਜੋ ਕਰਦਾ ਹੈ, ਉਹੀ ਭਰਦਾ ਹੈ।

ਬੱਸ ਇਹੀ ਸੀ ਉਹ ਛੋਟੀ ਜਿਹੀ ਗੱਲ। ਬਾਲਮੀਕ ਇਕਦਮ ਗੰਭੀਰ ਹੋ ਗਿਆ। ਉਸਦੇ ਅੰਦਰ ਦਾ ਆਦਮੀ ਜਾਗ ਉਠਿਆ। ਇਸੇ ਛੋਟੀ ਜਿਹੀ ਗੱਲ ਨਾਲ ਬਾਲਮੀਕ ਇੰਨਾ ਪ੍ਰਭਾਵਿਤ ਹੋਇਆ ਕਿ ਉਸਦਾ ਜੀਵਨ ਬਦਲ ਗਿਆ।

ਉਸਨੇ ਗਹਿਨ ਅਧਿਅਨ ਕੀਤਾ। ਭਾਸ਼ਾ ਅਤੇ ਸੰਸਕ੍ਰਿਤੀ ਦੇ ਅਧਿਅਨ ਦੇ ਨਾਲ-ਨਾਲ ਉਸਨੇ ਈਸ਼ਵਰ-ਭਗਤੀ ਵਿੱਚ ਵੀ ਮਨ ਲਗਾਇਆ।

ਪਰਿਣਾਮ ਸਰੂਪ ਸੰਸਾਰ ਦਾ ਆਦਿ ਕਵੀ ਪ੍ਰਕਾਸ਼ ਵਿੱਚ ਆਇਆ।

ਸੰਸਕ੍ਰਿਤ ਸਾਹਿਤ ਵਿੱਚ ਰਾਮਾਇਣ ਮਹਾਂਕਾਵਿ ਸਾਹਮਣੇ ਆਇਆ।

ਐਸੀਆਂ ਛੋਟੀਆਂ-ਛੋਟੀਆਂ ਗੱਲਾਂ ਨੇ ਲੋਕਾਂ ਦੇ ਜੀਵਨ ਬਦਲ ਦਿੱਤੇ ਹਨ।

ਇੱਕ ਪ੍ਰਸਿੱਧ ਉਦਯੋਗਪਤੀ ਨੇ ਲਿਖਿਆ ਹੈ ਕਿ ਜਦੋਂ ਇੱਕ ਕਾਰਖਾਨੇ ਵਿੱਚ ਉਹ ਟਾਟ-ਬੋਰੇ ਸਪਲਾਈ ਕਰਨ ਵਾਲਾ ਮਾਮੂਲੀ ਆਦਮੀ ਸੀ, ਤਾਂ ਕਾਰਖਾਨੇ ਦੇ ਮੈਨੇਜਰ ਨੇ ਇੱਕ ਵਾਰ ਉਸਨੂੰ ਅਪਮਾਨਿਤ ਕਰ ਦਿੱਤਾ ਸੀ ਅਤੇ ਉਸਨੂੰ ਬੇਭਾਗਾ ਕਹਿ ਦਿੱਤਾ।

ਉਸਨੂੰ ਇਹ ਗੱਲ ਬੁਰੀ ਲੱਗੀ।

ਮੈਨੇਜਰ ਨੂੰ ਉਸਨੇ ਕ੍ਰੋਧ ਵਿੱਚ ਕਹਿ ਦਿੱਤਾ- ''ਮਿਸਟਰ ਮੈਨੇਜਰ ਮੈਂ ਬੇਭਾਗਾ ਨਹੀਂ ਹਾਂ-ਮੈਂ ਪੁਰਸ਼ਾਰਥ ਕਰਨਾ ਜਾਣਦਾ ਹਾਂ-ਮੈਂ ਇਸ ਕਾਰਖਾਨੇ ਵਰਗਾ ਆਪਣਾ ਕਾਰਖਾਨਾ ਲਗਾ ਸਕਦਾ ਹਾਂ।''

ਅਤੇ ਸੱਚਮੁੱਚ ਅਜਿਹਾ ਹੋਇਆ ਸੀ। ਉਸਨੇ ਨਵਾਂ ਕਾਰਖਾਨਾ ਬਾਅਦ ਵਿੱਚ ਲਗਾਇਆ, ਪਹਿਲਾਂ ਉਸੇ ਕਾਰਖਾਨੇ ਨੂੰ ਖਰੀਦਿਆ।

ਸਟਾਫ ਸਮੇਤ ਕਾਰਖਾਨਾ ਖਰੀਦਣ ਦੇ ਕਾਰਨ ਉਹ ਮੈਨੇਜਰ ਵੀ ਹੁਣ ਉਸਦਾ ਨੌਕਰ ਸੀ। ਮਹੀਨਿਆਂ ਤੱਕ ਉਸ ਮੈਨੇਜਰ ਨੇ ਨਜ਼ਰ ਨਹੀਂ ਚੁੱਕੀ ਸੀ ਅਤੇ ਮੁਆਫੀ ਵੀ ਕਈ ਵਾਰ ਮੰਗੀ ਸੀ।

ਗੱਲ ਤਾਂ ਮਾਮੂਲੀ ਜਿਹੀ ਸੀ। ਪ੍ਰੰਤੂ ਇਹੀ ਲੱਗ ਗਈ ਸੀ। ਜੋ ਲੋਕ ਮਾਮੂਲੀ ਗੱਲ ਤੇ ਵੀ ਵਿਚਾਰ ਕਰਦੇ ਹਨ, ਉਹ ਜੀਵਨ ਵਿੱਚ ਸਫਲ ਹੁੰਦੇ ਹਨ। ਬਹੁਤ ਸਾਰੇ ਲੋਕ ਜਿਨ੍ਹਾਂ ਗੱਲਾਂ ਨੂੰ ਸਾਧਾਰਣ ਜਾਂ ਛੋਟੀਆਂ-ਛੋਟੀਆਂ ਸਮਝ ਕੇ ਉਨ੍ਹਾਂ ਦੀ ਅਵੱਗਿਆ ਕਰ ਦਿੰਦੇ ਹਨ, ਉਹ ਗੱਲਾਂ ਅਤਿਅੰਤ ਮਹੱਤਵਪੂਰਨ ਹਨ।

ਛੋਟੀ ਤੋਂ ਛੋਟੀ ਗੱਲ ਨੂੰ ਵੀ ਗਹਿਰਾਈ ਨਾਲ ਦੇਖੋ। ਗਹਿਰਾਈ ਨਾਲ ਦੇਖਣ ਦਾ ਮਤਲਬ ਇਹ ਨਹੀਂ ਕਿ ਤੁਸੀਂ ਸੂਈ ਨੂੰ ਤਲਵਾਰ ਸਮਝਣ ਲੱਗੋ। ਮਾਮੂਲੀ ਛਿੱਕ ਨੂੰ ਤੁਸੀਂ ਰੋਗ ਮੰਨ ਬੈਠੋ ਅਤੇ ਚਿੰਤਾਮਗਨ ਹੋ ਕੇ ਉਸਨੂੰ ਰੋਗ ਬਣਾ ਕੇ ਪਾਲਣ ਲੱਗੋ। ਮਨੋਵਿਗਿਆਨਕ ਪ੍ਰਭਾਵ ਵਿੱਚ ਆ ਕੇ ਤੁਸੀਂ ਇਸ ਪ੍ਰਕਾਰ ਤਾਂ ਸੱਚਮੁੱਚ ਬੀਮਾਰ ਪੈ ਸਕਦੇ ਹੋ। ਵਿਵੇਕ ਤੋਂ ਕੰਮ ਲਵੋ।

ਛਿੱਕ ਆ ਗਈ ਹੈ ਤਾਂ ਉਸਦਾ ਕਾਰਨ ਪਤਾ ਕਰੋ। ਦੇਖੋ ਕਿ ਉਹ ਕਿਉਂ ਆਈ ਹੈ। ਜੇ ਪਤਾ ਲੱਗ ਜਾਵੇ ਕਿ ਜੁਕਾਮ ਹੋ ਗਿਆ ਹੈ ਤਾਂ ਆਵਾਗੌਣ ਨਾ ਹੋਵੋ। ਇਹ ਵਿਸ਼ਵਾਸ ਰੱਖਦੇ ਹੋਏ ਕਿ ਠੀਕ ਹੋ ਜਾਵੇਗਾ, ਉਸਦਾ ਇਲਾਜ ਅਤੇ ਪਰਹੇਜ਼ ਕਰੋ।

ਕੋਈ ਵੀ ਰੋਗ ਹੋਵੇ, ਉਹ ਜਦੋਂ ਆਉਂਦਾ ਹੈ ਤਾਂ ਆਗਮਨ ਦੀ ਸੂਚਨਾ ਦੇ ਦਿੰਦਾ ਹੈ। ਅਜਿਹੇ ਲੱਛਣ ਦੇਖਦੇ ਹੀ ਇਲਾਜ ਸ਼ੁਰੂ ਕਰ ਦਿਓ। ਛੋਟਾ ਰੋਗ ਵਧ ਕੇ ਵੱਡਾ ਰੋਗ ਬਣ ਜਾਂਦਾ ਹੈ।

ਇਸੇ ਪ੍ਰਕਾਰ ਛੋਟੀ ਗੱਲ ਵਧ ਜਾਂਦੀ ਹੈ।

ਜ਼ਰਾ ਜਿੰਨੀ ਭੁੱਲ ਜ਼ਿੰਦਗੀ ਨੂੰ ਤਬਾਹ ਕਰ ਦਿੰਦੀ ਹੈ ਅਤੇ ਛੋਟੀ ਜਿਹੀ ਭੁੱਲ ਤੋਂ ਸਿੱਖ ਲੈਣ ਤੇ ਜੀਵਨ ਸੰਵਰ ਸਕਦਾ ਹੈ। ਜਿਨ੍ਹਾਂ ਲੋਕਾਂ ਨੂੰ ਆਪਣੀਆਂ ਛੋਟੀਆਂ ਭੁੱਲਾਂ ਤੋਂ ਕੁੱਝ ਸਿੱਖ ਲੈਣ ਦੀ ਆਦਤ ਪੈ ਜਾਂਦੀ ਹੈ, ਉਹ ਲੋਕ ਜੀਵਨ ਵਿੱਚ ਉੱਚੇ ਉਠਦੇ ਚਲੇ ਜਾਂਦੇ ਹਨ।

ਸੋ ਕਿਸੇ ਵੀ ਛੋਟੀ ਜਿਹੀ ਗਲਤੀ ਜਾਂ ਭੁੱਲ ਨੂੰ ਆਵਾਗੌਣ ਨਾ ਕਰੋ। ਉਸਨੂੰ ਮਾਮੂਲੀ ਗੱਲ ਸਮਝ ਕੇ ਅਣਦੇਖੀ ਨਾ ਕਰੋ। ਇਹ ਸੋਚੋ ਕਿ ਉਹ ਭੁੱਲ ਕਿਉਂ ਹੋਈ? ਕਿਵੇਂ ਹੋ ਗਈ ਅਤੇ ਉਸਦਾ ਤੁਹਾਡੇ ਜੀਵਨ, ਤੁਹਾਡੇ ਵਾਤਾਵਰਣ ਜਾਂ ਮਿੱਤਰਾਂ ਉੱਤੇ ਕੀ ਪ੍ਰਭਾਵ ਪਿਆ ਹੈ? ਇਸੇ ਗੱਲ ਦਾ ਧਿਆਨ ਰੱਖਣ ਤੇ ਉਹ ਗਲਤੀ ਫੇਰ ਨਹੀਂ ਹੋਵੇਗੀ।

ਕਦੇ ਕਦੇ ਅਸੀਂ ਆਪਣੇ ਮਿੱਤਰਾਂ ਦੇ ਵਿੱਚ ਮਜ਼ਾਕ-ਮਜ਼ਾਕ ਵਿੱਚ ਬਹੁਤ ਸਾਰੀਆਂ ਐਸੀਆਂ ਗੱਲਾਂ ਕਹਿ ਦਿੰਦੇ ਹਾਂ, ਜਿਸਦਾ ਉਹ ਬੁਰਾ ਮੰਨਦੇ ਹਨ ਪ੍ਰੰਤੂ ਆਪਣੀ ਅਪ੍ਰਸੰਨਤਾ ਨੂੰ ਪ੍ਰਗਟ ਨਹੀਂ ਕਰਦੇ ਹਨ। ਤੁਸੀਂ ਧਿਆਨ ਨਹੀਂ ਦਿੰਦੇ ਹੋ। ਤੁਸੀਂ ਛੋਟੀਆਂ ਗੱਲਾਂ ਜਾਂ ਸਾਧਾਰਨ ਗੱਲਾਂ ਸਮਝ ਕੇ ਟਾਲਦੇ ਹੋ। ਪ੍ਰੰਤੂ ਉਹਨਾਂ ਮਿੱਤਰਾਂ ਦੀ ਨਜ਼ਰ ਵਿੱਚ ਤੁਸੀਂ ਗਿਰ ਜਾਂਦੇ ਹੋ। ਉਹ ਤੁਹਾਨੂੰ ਬੁਰਾ ਆਦਮੀ ਸਮਝਣ ਲੱਗਦੇ ਹਨ।

ਸਭ ਤੁਹਾਨੂੰ ਅੱਛਾ ਕਹਿਣ, ਇਸ ਦੇ ਲਈ ਜ਼ਰੂਰੀ ਹੈ ਕਿ ਤੁਸੀਂ ਇੱਕ ਸ਼ਬਦ ਵੀ ਆਪਣੇ ਮੂੰਹੋਂ ਅਜਿਹਾ ਨਾ ਕਹੋ ਜੋ ਕਿਸੇ ਦਾ ਦਿਲ ਦੁਖਾ ਦੇਵੇ। ਤੁਹਾਡੇ ਵਿਚਾਰ ਨਾਲ ਛੋਟੀ ਜਿਹੀ ਗੱਲ ਕਿਸੇ ਹੋਰ ਦੇ ਲਈ ਬਹੁਤ ਵੱਡੀ ਗੱਲ ਹੋ ਸਕਦੀ ਹੈ।

ਤੁਸੀਂ ਵਪਾਰੀ ਹੋ? ਜੇ ਹੋ ਤਾਂ ਤੁਸੀਂ ਆਪਣੇ ਵਪਾਰ ਵਿੱਚ ਤਾਂ ਹੀ ਤਰੱਕੀ ਕਰ ਸਕਦੇ ਹੋ ਜਦੋਂ ਤੁਸੀਂ ਛੋਟੀਆਂ-ਛੋਟੀਆਂ ਗੱਲਾਂ ਉੱਤੇ ਧਿਆਨ ਦੇਣ ਦੀ ਆਦਤ ਪਾ ਲਵੋਗੇ। ਜਦੋਂ ਤੁਸੀਂ ਹਿਸਾਬ-ਕਿਤਾਬ ਵਿੱਚ ਰਾਈ-ਰੱਤੀ ਦਾ ਫਰਕ ਨਹੀਂ ਪੈਣ ਦਿਓਗੇ। ਇੱਕ ਵਾਰ ਇੱਕ ਡਾਲਰ, ਰੁਪਏ ਜਾਂ ਪੌਂਡ ਦੀ ਭੁੱਲ ਅਗਲੀ ਵਾਰ ਹਜ਼ਾਰਾਂ ਲੱਖਾਂ ਤੱਕ ਜਾ ਸਕਦੀ ਹੈ, ਭੁੱਲ ਤੇ ਭੁੱਲ ਕਰਦੇ ਜਾਣ ਦੀ ਆਦਤ ਪੈ ਸਕਦੀ ਹੈ। ਸੋ ਭੁੱਲ ਦਾ ਅਹਿਸਾਸ ਹੁੰਦੇ ਹੀ ਸੁਧਾਰ ਲੈਣ ਵਿੱਚ ਬੁੱਧੀਮਾਨੀ ਹੈ।

ਜੀਵਨ ਵਿੱਚ ਇਹ ਸਾਧਾਰਣ ਜਿਹੀਆਂ ਗੱਲਾਂ, ਛੋਟੀਆਂ-ਛੋਟੀਆਂ ਭੁੱਲਾਂ ਜਾਂ ਗਲਤੀਆਂ ਬਹੁਤ ਮਹੱਤਵ ਰੱਖਦੀਆਂ ਹਨ।

-0-

ਸਫਾ 18 ਦਾ ਬਾਕੀ

ਪਰ ਸਾਰਾ ਲਿਟਰੇਚਰ ਕੱਢ ਕੇ ਨਵੀਂ ਬੋਰੀ ਵਿਚ ਪਾਣਾ ਤੇ ਉਸਦੀ ਸਿਲਾਈ ਕਰਨੀ ਮੇਰੇ ਵਸ ਦਾ ਕੰਮ ਨਹੀਂ ਸੀ। ਦੋ ਚਾਰ ਮਿਸ਼ਨਰੀ ਕਾਲਜਾਂ ਵਾਲੇ ਕੋਲੋ ਪੁਛਿਆ ਵੀ ਪਰ ਕਿਸੇ ਨੇ ਕੋਈ ਨਾ ਕੋਈ ਗਲ ਕਹਿ ਕੇ ਹਾਮੀ ਨਾ ਭਰੀ। ਅਚਾਨਕ ਮੈਂ ਆਪਣੀ ਕੰਮ ਕਰਨ ਵਾਲੀ ਮਾਈ ਨੂੰ ਕਿਹਾ ਕਿ ਕੋਈ ਹੱਲ ਦਸ। ਉਸ ਕਿਹਾ ਇਹ ਕਿਹੜੀ ਮੁਸ਼ਕਲ ਗੱਲ ਹੈ। ਤੁਸੀ ਨਵੀਂ ਬੋਰੀ ਖੋਲ੍ਹ ਕੇ ਪਕੜੋ ਤੇ ਮੈਂ ਪੁਰਾਣੀ ਫਟੀ ਬੋਰੀ ਲਿਟਰੇਚਰ ਸਮੇਤ ਉਸ ਵਿੱਚ ਪਾ ਦਿੰਦੀ ਹਾਂ। ਫਿਰ ਤੁਸੀ ਉਪਰੋ ਸਿਲਾਈ ਕਰ ਕੇ ਲੈ ਜਾਣਾ। ਸੋ ਇਸ ਤਰ੍ਹਾਂ ਇਤਨੀ ਵੱਡੀ ਮੁਸ਼ਕਲ ਜੋ ਅਸੰਭਵ ਜਿਹੀ ਲੱਗ ਰਹੀ ਸੀ, ਇਤਨੀ ਆਸਾਨੀ ਨਾਲ ਹੱਲ ਹੋ ਗਈ।

ਗੁਰੂ ਨਾਨਕ ਸਾਹਿਬ ਨੇ ਆਪਣੇ ਜੀਵਨ ਵਿੱਚ ਕਦੇ ਕਿਸੇ ਵੀ ਕੰਮ ਲਈ ਨਾਂਹ ਨਹੀਂ ਕਹੀ। ਹਮੇਸਾਂ ਪਾਜ਼ੇਟਿਵ ਰਹਿ ਕੇ ਹੀ ਉਹ ਕੰਮ ਕੀਤਾ। ਚਾਹੇ 11 ਸਾਲ ਦੀ ਉਮਰ ਵਿੱਚ ਜਨੇਊ ਪਾਣ ਦੀ ਗੱਲ ਹੋਵੇ, ਚਾਹੇ 38 ਸਾਲ ਦੀ ਉਮਰ ਵਿੱਚ ਮਸਜਿਦ ਵਿੱਚ ਨਮਾਜ ਪੜ੍ਹਨ ਦੀ ਗੱਲ ਹੋਵੇ, ਚਾਹੇ ਜਗਨਨਾਥ ਪੁਰੀ ਵਿਚ ਆਰਤੀ ਕਰਨ ਦੀ ਗੱਲ ਹੋਵੇ।

ਸੋ ਪਿਆਰੇ ਵਿਦਿਆਰਥੀਓ! ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ ॥ ਨੂੰ ਧਿਆਨ ਵਿੱਚ ਰੱਖ ਕੇ ਨੇਗੇਟਿਵ, ਨਾਂਹ ਪੱਖੀ ਵਿਚਾਰਾਂ ਨੂੰ ਪਾਸੇ ਕਰੋ ਤੇ ਪਾਜ਼ੇਟਿਵ, ਹਾਂ ਪਖੀ ਵਿਚਾਰਾਂ ਨੂੰ ਆਪਣੇ ਦਿਮਾਗ ਵਿੱਚ ਸਮਾਓ ਤੇ ਜੀਵਨ ਵਿਚ ਅੱਗੇ ਵੱਧ ਕੇ ਮਿਹਨਤ ਨਾਲ ਆਪਣਾ ਜੀਵਨ ਸਫਲ ਕਰੋ, ਮੰਜ਼ਲ ਨੂੰ ਹਾਸਿਲ ਕਰੋ।

-0-

ਸਫਾ 14 ਦਾ ਬਾਕੀ

ਦਿਤੀਆਂ, ਉਨ੍ਹਾਂ ਦੀ ਆਪ ਵੀ ਪਾਲਣਾ ਕੀਤੀ। ਉਨ੍ਹਾਂ ਗਰੀਬ ਤਰਖਾਣ ਭਾਈ ਲਾਲੋ ਦੇ ਘਰ ਰੁੱਖਾ-ਸੁੱਖਾ ਪ੍ਰਸ਼ਾਦਾ ਛਕਿਆ ਅਤੇ ਭ੍ਰਿਸ਼ਟ ਮਲਿਕ ਭਾਗੋ ਦੀਆਂ ਸ਼ਾਹੀ ਦਾਅਵਤਾਂ ਠੁਕਰਾਈਆਂ। ਉਨ੍ਹਾਂ ਆਪਣੇ ਬੱਚਿਆਂ ਲਈ ਧਨ-ਦੌਲਤ ਇਕੱਠੀ ਨਹੀਂ ਕੀਤੀ, ਸਾਦਾ ਪਹਿਰਾਵਾ ਪਹਿਨਿਆ, ਆਪ ਖੇਤਾਂ ਵਿਚ ਕੰਮ ਕੀਤਾ ਅਤੇ ਰੋਗੀਆਂ ਦੀ ਹੱਥੀਂ ਸੇਵਾ ਕੀਤੀ।

ਗੁਰੂ ਜੀ ਦੀਆਂ ਸਿੱਖਿਆਵਾਂ ਕੇਵਲ ਸਿੱਖਾਂ (Sikhs) ਨੂੰ ਨਹੀਂ ਸਗੋਂ ਸਮੁੱਚੀ ਮਨੁੱਖਤਾ ਨੂੰ ਰਾਹ ਦਰਸਾਉਂਦੀਆਂ ਹਨ। ਭਾਈ ਗੁਰਦਾਸ ਜੀ ਨੇ ਸਹੀ ਫੁਰਮਾਇਆ ਹੈ ਕਿ ਗੁਰੂ ਨਾਨਕ ਸਾਹਿਬ ਦੇ ਪ੍ਰਗਟ ਹੋਣ ਨਾਲ ਅਗਿਆਨਤਾ ਦੀ ਧੁੰਦ ਮਿਟ ਗਈ ਅਤੇ ਜਗ ਵਿਚ ਗਿਆਨ ਦਾ ਚਾਨਣ ਫੈਲ ਗਿਆ। ਸਾਡਾ ਗੁਰਪੁਰਬ ਮਨਾਇਆ ਤਾਂ ਹੀ ਸਫਲ ਹੈ ਜੇ ਅਸੀਂ ਗੁਰੂ ਜੀ ਦੀਆਂ ਸਿਖਿਆਵਾਂ 'ਤੇ ਚੱਲ ਕੇ ਸਰਬੱਤ ਦੇ ਭਲੇ ਲਈ ਯਤਨਸ਼ੀਲ ਹੋਈਏ। -0-

ਕਾਵਿ ਕਿਆਰੀ

ਗੁਰੂ ਬਾਬਾ ਮੱਕੇ ਵਿਚ

ਮੰਗਤ ਸਿੰਘ ਰਾਹੀ 9888291607

ਵੇਖੋ ਕਿਦਾਂ ਪਸਰ ਰਿਹਾ ਏ,
ਜਾਪੇ ਵੱਡਾ ਗਾਫਲ ਏ।
ਲੱਤਾਂ ਵੱਲ ਕਾਬੇ ਦੇ ਇਸ ਦੀਆਂ,
ਜਾ ਫਿਰ ਇਹ ਕੋਈ ਕਾਫਰ ਏ।
ਕਿਹੜਾ ਏ ਓਏ, ਉਠ ਮੂਰਖਾ,
ਰੱਬ ਦੇ ਘਰ ਵਲ ਪੈਰ ਚਾ ਕੀਤੇ।
ਮਤ ਕਿਉਂ ਮਾਰੀ ਗਈ ਏ ਤੇਰੀ,
ਜਾਂ ਫਿਰ ਬਦ ਹੋਈ ਤੇਰੀ ਨੀਤ ਏ।
ਅਬੜਵਾਹੇ ਉਠਿਆ ਬਾਬਾ,
ਲੇਟੇ ਲੇਟੇ ਖੋਲੀਆਂ ਅੱਖਾਂ।
ਨੂਰੋ ਨੂਰ ਵਰਾਂਦੀਆਂ ਅੱਖਾਂ,
ਇਲਾਹੀ ਜੋਤ ਜਗਾਦੀਆਂ ਅੱਖਾਂ।
ਚਾਰੋਂ ਤਰਫ ਹਜੂਮ ਸੀ ਕੱਠਾ,
ਨਾਲ ਖੜਾ ਸੀ ਵੱਡਾ ਕਾਜੀ।
ਚੇਹਰਾ ਉਸ ਦਾ ਗੁੱਸੇ ਭਰਿਆ,
ਰੋਹ ਵਿਚ ਥਰ ਥਰ ਕੰਬੇ ਕਾਜੀ।
ਪੁਛਿਆ ਬਾਬੇ, ਕੀ ਗੱਲ ਹੋਈ,
ਭੀੜ ਇਹ ਸਾਰੀ ਕਾਹਦੇ ਲਈ ਏ।
ਲੱਤਾਂ ਰੱਬ ਦੇ ਘਰ ਵਲ ਤੇਰੀਆਂ,
ਕਰਤੂਤ ਇਹ ਤੇਰੀ ਕਾਫਰਾਂ ਜਈ ਏ।
ਅੱਛਾ, ਮੇਰੀਆਂ ਲੱਤਾਂ ਰਬ ਦੇ ਘਰ ਵਲ,
ਪਰ ਮੈਂ ਤਾਂ ਥੱਕ ਕੇ ਚੂਰ ਹੋ ਗਿਆ।
ਬਾਬਾ ਹੌਲੀ ਜਿਹਾ ਮੁਸਕਰਾਇਆ,
ਇਹ ਤਾਂ ਵੱਡਾ ਕਸੂਰ ਹੋ ਗਿਆ।
ਬਈ ਤੁਸੀ ਦਾ ਹਿੰਮਤ ਕਰੋ ਜਰਾ ਕੁ,
ਲੱਤਾਂ ਮੇਰੀਆਂ ਉਧਰ ਨੂੰ ਕਰ ਦੇਉ।
ਜਿਧਰ ਨਹੀਂ ਹੈ ਰੱਬ ਦਾ ਘਰ,
ਪੈਰ ਮੇਰੇ ਉਸ ਤਰਫ ਨੂੰ ਕਰ ਦੇਉ।
ਕਾਜੀ ਫੜ ਬਾਬੇ ਦੇ ਪੈਰ,
ਚੱਕ ਕੇ ਰੱਖੇ ਦੂਜੇ ਪਾਸੇ।
ਕਹਿੰਦੇ ਨੇ ਕਿ ਮੱਕਾ ਹੀ ਨਾਲ ਹੀ ਘੁੰਮ ਗਿਆ।
ਕੋਈ ਕਹਿੰਦਾ ਕਾਅਬਾ ਨਾਲ ਹੀ ਘੁੰਮ ਗਿਆ।
ਸੋਚੋ, ਕਦੀ ਬਿਲਡਿੰਗਾ ਵੀ ਘੁੰਮਦੀਆਂ ਨੇ ?
ਕਦੀ ਸ਼ਹਿਰ ਵੀ ਘੁੰਮਦੇ ਨੇ ?
ਹੋਇਆ ਕੀ ਸੀ, ਕਿ ਕਾਜੀ ਵੀ,
ਵਿਦਵਾਨ, ਪੜ੍ਹਿਆ ਲਿਖਿਆ, ਆਲਮ ਫਾਜਲ ਸੀ।
ਉਸਦੇ ਵਿਚਾਰ, ਉਸਦੀ ਸੋਚ ਵਿੱਚ ਵੀ ਆਇਆ,
ਕਿ ਰੱਬ ਦਾ ਘਰ ਕਿਧਰ ਨਹੀਂ ਹੈ ?
ਸੋ ਕਾਬਾ ਜਾਂ ਮੱਕਾ ਨਹੀਂ ਘੁੰਮਿਆ,
ਉਸ ਦੇ ਵਿਚਾਰ ਘੁੰਮੇ ਸੀ।
ਉਸ ਨੂੰ ਵੀ ਸੋਝੀ ਆ ਗਈ,
ਭਾਈ ਖੁਦਾ ਦਾ ਘਰ ਤਾਂ ਸਭ ਪਾਸੇ ਹੈ।
ਚਰਨੀਂ ਲਗੀ ਕੁਲ ਲੁਕਾਈ,
ਨਾਲ ਹੀ ਕਾਜੀ ਦੇਵੇ ਦੁਹਾਈ।
ਬਾਬਾ ਆਖੇ ਕੋਈ ਥਾਂ ਨਹੀਂ ਖਾਲੀ,
ਜਿਧਰ ਨਹੀਂ ਉਸ ਰੱਬ ਦੀ ਖੁਦਾਈ।
ਰੱਬ ਦਾ ਘਰ ਨਹੀਂ ਕਿਸੇ ਖਾਸ ਦਿਸ਼ਾ ਵਿੱਚ,
ਹਰ ਜ਼ਰੇ ਵਿਚ ਉਸ ਦਾ ਨੂਰ ਏ।
'ਰਾਹੀ' ਵੇਖਣ ਲਈ ਇਹ ਕੁਦਰਤ,
ਚਾਹੀਦੀ ਖਾਸ ਅੱਖ ਜਰੂਰ ਏ।
ਚਾਹੀਦੀ ਖਾਸ ਅੱਖ ਜਰੂਰ ਏ।

-0-

ਵਤਨ ਮੁੜ ਵੀਰਾਨ ਹੋ ਗਿਆ

ਡਾ: ਦਲਵਿੰਦਰ ਸਿੰਘ ਗ੍ਰੇਵਾਲ

ਆ ਬਾਬਾ ਤੇਰਾ ਵਤਨ ਮੁੜ ਵੀਰਾਨ ਹੋ ਗਿਆ।
ਰੱਬ ਦੇ ਘਰਾਂ ਦਾ ਰਾਖਾ ਮੁੜ ਸ਼ੈਤਾਨ ਹੋ ਗਿਆ।
ਆ ਬਾਬਾ ਤੇਰਾ ਵਤਨ ਹੈ ਵੀਰਾਨ ਹੋ ਗਿਆ,
ਰੱਬ ਦੇ ਘਰਾਂ ਦਾ ਰਾਖਾ ਮੁੜ ਸ਼ੈਤਾਨ ਹੋ ਗਿਆ ।
'ਕਲਯੁੱਗ ਹੈ ਰੱਖ ਅਗਨ ਦਾ', ਤੂੰ ਆਪ ਆਖਿਆ,
ਮੁੜ ਕੂੜ ਓਸ ਰੱਖ ਦਾ, ਰਖਵਾਨ ਹੋ ਗਿਆ ।
ਜੋ ਖ਼ਾਬ ਸੀ ਤੂੰ ਦੇਖਿਆ, ਵਣ ਥੱਲੇ ਸੁੱਤਿਆਂ,
ਸੋਹਣਾ ਉਹ ਤੇਰਾ ਖ਼ਾਬ ਪਰੇਸ਼ਾਨ ਹੋ ਗਿਆ ।
ਉਹ ਮੱਚੇ ਤੇਰੇ ਦੇਸ਼ ਦੀ ਚਿੱਕ ਤੇ ਉਲੰਭੜੇ,
ਪੰਜ-ਪਾਣੀਆਂ ਦਾ ਪਾਣੀ ਵੀ ਹੈਰਾਨ ਹੋ ਗਿਆ ।
ਉਹ ਝੁਲੀਆਂ ਤੇਰੇ ਦੇਸ਼ ਤੇ ਮਾਰੂ ਹਨੇਰੀਆਂ,
ਉਡ ਕੇ ਅਸਾਡਾ ਆਹਲਣਾ ਕੱਖ ਕਾਨ ਹੋ ਗਿਆ ।
ਜੁੱਗਾਂ ਦੀ ਸਾਂਝੀ ਸੱਭਿਅਤਾ ਪੈਰੀਂ ਲਿਤੜ ਗਈ,
ਸਦੀਆਂ ਦੇ ਸਾਂਝੇ ਖੂਨ ਦਾ ਵੀ ਨਹਾਣ ਹੋ ਗਿਆ ।
ਵੰਡ ਬੈਠੇ ਤੇਰੇ ਪੁੱਤ ਨੇ ਸਾਂਝੇ ਸਵਰਗ ਨੂੰ,
ਵੰਡਿਆ ਸਵਰਗ ਨਰਕ ਦਾ ਸਮਿਆਨ ਹੋ ਗਿਆ ।
ਉਧਰ ਧਰਮ ਗ੍ਰੰਥਾਂ ਤੇ ਮੰਦਰਾਂ ਦਾ ਜਸ ਗਿਆ,
ਏਧਰ ਮਸੀਤੋਂ ਬਾਹਰ ਹੈ ਕੁਰਆਨ ਹੋ ਗਿਆ ।
ਹਿੰਦਵਾਣੀਆਂ, ਤੁਰਕਾਣੀਆਂ ਦੋਹਾਂ ਦੀ ਪਤ ਗਈ
ਬੁਰਕੇ ਸੰਧੂਰ ਦੋਹਾਂ ਦਾ ਅਪਮਾਨ ਹੋ ਗਿਆ ।
ਇਕ ਪਾਸੇ ਪਾਕ, ਪਾਕੀ, ਪਾਕਿਸਤਾਨ ਹੋ ਗਿਆ,
ਇਕ ਪਾਸੇ ਹਿੰਦੂ, ਹਿੰਦੀ, ਹਿੰਦੁਸਤਾਨ ਹੋ ਗਿਆ ।
ਇੱਕ ਸੱਜੀ ਤੇਰੀ ਅੱਖ ਸੀ, ਇੱਕ ਖੱਬੀ ਤੇਰੀ ਅੱਖ,
ਦੋਹਾਂ ਅੱਖਾਂ ਦਾ ਹਾਲ ਤੇ ਨੁਕਸਾਨ ਹੋ ਗਿਆ ।
ਕੁਝ ਐਸਾ ਕੁਫ਼ਰ ਤੋਲਿਆ ਈਮਾਨ ਵਾਲਿਆਂ,
ਕਿ ਕੁਫ਼ਰ ਤੋਂ ਵੀ ਹੌਲਾ ਹੈ ਈਮਾਨ ਹੋ ਗਿਆ ।
ਮੁੜ ਮੈਦੇ ਬਾਸਮਤੀਆਂ ਦਾ ਆਦਰ ਹੈ ਵਧਿਆ,
ਮੁੜ ਕੋਧਰੇ ਦੀ ਰੋਟੀ ਦਾ ਅਪਮਾਨ ਹੋ ਗਿਆ ।
ਮੁੜ ਭਾਗੋਆਂ ਦੇ ਚਾਦਰੀਂ ਛਿੱਟੇ ਨੇ ਖ਼ੂਨ ਦੇ,
ਮੁੜ ਲਾਲੋਆਂ ਦੇ ਖ਼ੂਨ ਦਾ ਨੁਚੜਾਨ ਹੋ ਗਿਆ ।
ਫਿਰ ਉਚਿਆਂ ਦੇ ਮਹਿਲਾਂ ਤੇ ਸੋਨਾ ਮੜ੍ਹੀ ਰਿਹਾ,
ਫਿਰ ਨੀਵਿਆਂ ਦੀ ਕੁੱਲੀ ਦਾ ਵੀ ਵਾਹਣ ਹੋ ਗਿਆ ।
'ਉਸੁ ਸੂਅਰੁ ਉਸੁ ਗਾਇ' ਦਾ ਹੱਕ ਨਾਹਰਾ ਲਾਇਆ ਤੂੰ
ਇਹ ਹੱਕ ਪਰ ਨਿਹੱਕ ਤੋਂ ਕੁਰਬਾਨ ਹੋ ਗਿਆ ।
ਮੁੜ ਗਾਉਣੇ ਪਏ ਨੇ ਮੈਨੂੰ ਸੋਹਲੇ ਖ਼ੂਨ ਦੇ,
ਪਾ ਪਾ ਕੇ ਕੁੰਗੂ ਰੱਤ ਦਾ ਰਤਲਾਣ ਹੋ ਗਿਆ ।
ਤੂੰ ਰੱਬ ਨੂੰ ਵੰਗਾਰਿਆ, ਤੈਨੂੰ ਵੰਗਾਰਾਂ ਮੈ:
"ਆਇਆ ਨਾ ਤੈਂ ਕੀ ਦਰਦ ਐਨਾ ਘਾਣ ਹੋ ਗਿਆ।

-0-

भाई मरदाना जी

-गुरमत विरसा ब्यूरो

भाई मरदाना जी चौंभड़ जाति के मिरासी मीर बादरे जी के सुपुत्र थे। इनका जन्म तलवंडी में फरवरी 1460 ई: में हुआ। ये गुरू नानक पातशाह जी से आयु में 9 वर्ष 2 महीने बड़े थे। मिरासी होने के कारण इनको बचपन से ही संगीत राग की शिक्षा का बहुत शैक था। इनका तंती साज़ रबाब था। मरदाना जी का गुरू नानक पातशाह जी से छोटी आयु में ही मेल हो गया। गुरू पातशाह जी के पिता महिता कल्याण दास जी, राय बुलार के दस गांवों के पटवारी थे। इस लिये मरदाना जी के पिता मीर बादरे जी का, बाबा कल्याण दास जी के पास नित्य आपस में मिलते थे। मरदाना जी के गुणों की कदर करने वाले गुरू नानक पातशाह जी ने उनको 'सिखां दी भगतमाला' में दर्ज दिया:

एक दिन गुरू नानक पातशाह जी राय भोंये की तलवन्डी बैठे थे और एक डूंम (निम्न वर्ण का व्यक्ति) ने आकर रबाब बजाया और राग अलाप किया, जिसका राग सुनकर मन एकाग्र हुआ तो साहिब जी ने पूछा 'भाई तुम्हारा नाम क्या है?' तो उसने कहा, 'जी मेरा नाम दाना मिरासी लोक कहते हैं।' बचन हुआ, तुम रबाब अच्छी बजाते हो और तुम्हें रागों का अच्छा ज्ञान है, परन्तु अगर तुम हमारी संगत करो तो यह राग'बद डालकर गायन करें, तो हम तेरा दीन-दुनी से उधार करें। तो उसने कहा, 'जी, हम धानी लोगों को राग सुनाकर चार पैसे कमाते हैं और अपने बच्चों का गुजारा करते हैं और पांच समय न्माज़ पढ़ते हैं और तीस रोज़े रमज़ान रखते हैं। हमारे दीन की भलाई होती है। हम अगर आपके साथ लगेंगे तो हमारे कुटुंम्ब के सभी लोग भूख से मर जायेंगे और आगे से न्माज़ रोजा नहीं होगा। दीन (धार्म) भी और दुनी (संसार) भी हमारे दोनों जायेंगे। आप छुटकारा (उद्धार) किस तरह करेंगे?ह तो पातशाह जी ने बचन किया, ह्दानिया तू दीवाना हो गया हैं? सम्पूर्ण सृष्टि का पालन ईश्वर करता है कि तुम करते हो? यही दीवानों की वृत्ति है जो तुमने अपने सिर कुटुम्बीयों का भार उठा लिया है, नहीं तो सभी जीवों की पालना वाहिगुरू करता है और दूसरा तुमने कहा जो न्माज़ रोज़ा से मेरा भला होगा, तो बताओ कि निमाज़ और रोज़े का अर्थ है क्या और कितना समय निमाज़ और रोज़ा विश्व में आता है? तो मरदाना जी ने कहा, 'जी! न्माज़ रोज़े का अर्थ मैं नहीं जानता परन्तु इतना जानता हूँ कि पांच समय न्माज़ रोज आती है। एक महीना रमजान के रोजे प्रत्येक वर्ष के बाद संसार में आते हैं।' फिर पातशाह जी का बचन हुआ: बाकी समय में न्माज़ और रोज़े कहाँ रहते हैं? तो मरदाना ने कहा, 'खुदा के घर' बचन हुआ 'खुदा का घर कौनसा है?' उसने कहा, 'जी, मैने देखा नहीं।' तो साहिब जी ने बचन किया, 'खुदा का घर गुरमुखों का ह्दय है और गुरमुख खुदा के ह्दय में निवास करते हैं। जो श्वास श्वास वाहिगुरू का नाम जपते है, न्माज़ सदैव उनके ह्दय में निवास करती है और जो सदैव संयम के साथ आहार करते है, सदैव रोज़े उनके घर रहते हैं। जो साधा संगत करते हैं, उन को संयम प्राप्त होता है। तुम्हारा नाम हमने मरदाना रखा है, वाहिगुरू का भजन करो, तुम्हारे कुटुम्बीयों का भी और तुम्हारा भी हम धयान रखेंगे।'

इस घटना के बाद भाई मरदाना जी गुरू नानक साहिब जी के साथ लगभग पूरी आयु तक रहे। उनकी प्रचार यात्रओं में भी सत्संगी बन कर साथ दिया। गुरू साहिब के अंग-रक्षक और सत्संगी के तौर पर भी हाज़िर रहे। आप जी आम लोगों में अपनी रोचक बातों के द्वारा रूची पैदा करके, उन्हें एकत्रि कर लेते। इसी सत्संग में फिर गुरू नानक साहिब अपना उपदेश देते हुए आम लोगों को सच्चे धार्म के मार्ग पर डालते।

जन्म साखी में आता है कि भाई नीरू ने सिखी में प्रवेश करने के लिए गुरू नानक पातशाह जी को प्रार्थना की तो पातशाह जी ने मरदाने को आदेश दिया कि आप भाई नीरू जी को सिख मत का उपदेश दें, जो उपदेश भाई मरदाना जी ने सिखी में प्रवेश करवाते समय भाई नीरू जी को दिये, वे जन्म साखी में इस तरह दर्ज हैं, 'पहला केश नहीं काटने, दूसरा अमृत वेले सतिनाम का जाप करना और तीसरा आये हुए जरूरतमंदो की सेवा करना।' इस से यह स्पष्ट होता है कि भाई मरदाना जी गुरू नानक पातशाह जी के द्वारा प्रवानित प्रचारक थे, जिनको प्रेमीयों को सिक्खी में प्रवेश करवाने का अधिाकार था। भाई साहिब जी का अंतिम समय नज़दीक जानकर भाई मनी सिंह जी वाली जन्म साखी के अनुसार गुरू पातशाह जी ने बचन किया, 'मरदाने! तेरे मरने के बाद तेरा अंतिम संस्कार कैसे करें।' तो मरदाने ने कहा, 'जैसी आपकी इच्छा हो।' तो बचन हुआ, 'तुम्हारी कब्र बनाकर संसार से पूजा करवायें?' तो मरदाना ने कहा कि 'शरीर की कब्र में से निकालते हो और पत्थरों की कब्र में डाल रहे हो।' भाई मरदाना जी करतारपुर में 12 नवम्बर 1534 ई: को गुरपुरी सिधाारे थे।

विश्व में किसी को भी ऐसा सौभाग्य प्राप्त नहीं हुआ जिसने लगभग 60 वर्ष गुरू नानक पातशाह जी के चरणों में व्यतीत किये हों।

इस सौभाग्यशीलता के कारण ही भाई मरदाना जी का नाम सिख इतिहास में अमर है। गुरू साहिब जी ने भाई मरदाना जी के प्रथाये तीन श्लोक उच्चारण किये, जिनको बाद में गुरू अर्जन साहिब जी ने गुरू ग्रंथ साहिब जी मेंशमिल करके उनको अमर कर दिया। गुरू साहिब जी के यह श्लोक गुरू ग्रंथ साहिब जी में बिहागड़े की वार में सुशोभित हैं।

1. कलि कलवाली कामु मदु, मनुआ पीवणहारू।।... (पृष्ठ 553)
हिन्दी उच्चारण – कल कलवाली काम मद, मनुआ पीवणहार।।...
2. काइआ लाहणि आपु मदु, मजलस त्रिसना धातु।।... (पृष्ठ 553)
हिन्दी उच्चारण – काया लाहण आप मद, मजलस तृष्णा धात।।...
3. कांयां लाहणि आपु मदु, अंम्रित तिस की धार।।... (पृष्ठ 553)
हिन्दी उच्चारण – कांयां लाहण आप मद, अमृत तिसकी धार।।

-0-

Bhai Mardana Ji

-Gurmat Virsa Bureau

Guru Nanak Sahib's path not only made family a part of one's life but also emphasised fulfilling our responsibility towards our parents. This path tells us to practice before preaching. Bhai Mardana Ji was a Mirasi -traditional bard of Chaumbadh caste and his father's name was Mir Badre Ji. He was born in Talwandi in February 1460 and was 9 years older than Guru Nanak Sahib Ji. Being a bard, he had training in music and Raag from childhood itself. He was a very keen musician and loved music. He used to play the stringed instrument -Rabab. He became a companion of Guru Nanak at a very young age. As Guru Nanak Sahib's father -Mehta Kalyan Das Ji used to work as a village revenue officer for the ten villages of Rai Bular, it was natural for the father of Bhai Mardana Ji to interact with Guru Nanak Sahib on a regular basis. All his needs were fulfilled from this house. Recognising the talent of Bhai Mardana Ji, Guru Nanak Sahib made him his close associate. It is mentioned in "Sikhan di Bhagatmala" that, "One day Guru Nanak Sahib was sitting in Rai Bhoe ki Talwandi and he heard someone sing aloud a Raag whilst playing the Rabab and he asked, "Brother, what is your name?" The man responded, "People call me Dana Mirasi." Guru Sahib said, "You play the Rabab well and you have a good knowledge of the Raag." He further said, "If you be my companion and play the Rabab to sing the Shabads -hymns of Guru Granth Sahib, then you can be transformed." He replied, "We play the Raag for rich people and earn our livelihood, feed our children, recite the Namaz five times a day and observe fasting for thirty days during Ramzan. If I accompany you, then I will be blessed no doubt, but what about my worldly needs -my family would die of hunger and would not be able to say the Namaz. We will be losers in this world and the next. How will you transform us?" The sovereign leader Guru Nanak Sahib said, "Oh Danya, have you lost your head? The God Almighty feeds all men and women or does you? Do not think that you will take care of your family, the God Almighty does that. Also, let me tell you the real meaning of fasting and saying the Namaz." Mardana replied, "I do not know the real meaning of fasting during Ramzan and how many times do we have to fast and how many times we say the Namaz -all I know is that I have to say Namaz five times a day and observe fasting year after year for one month during the month of Ramzan. Guru Sahib replied, "Where do you say Namaz and fast during Horas?" Mardana replied, "In the house of God." Guru Sahib said, "Who is in the House of God." Mardana replied, "I have not looked for anyone." Guru Nanak Sahib said, "In the House of God dwell those who love the Lord and whose hearts reside there, those who reminisce breath by breath the Name of Waheguru, Namaz dwells in their hearts and those who eat balanced food, fasting too happens in their houses. Those who stay in the company of good people, they develop a sense of balance and equanimity. I bestow the name of Mardana on you, recite the Name of Waheguru -God Almighty and we will look after your needs and that of your family. After this incident, Bhai Mardana Ji was the constant companion of Guru Nanak for the rest of his life. He accompanied him as a spiritual associate on all his journeys. He was Guru Sahib's companion and bodyguard. With his motivational talk, he used to inspire people to assemble and thus create an atmosphere for religious congregations, during which Guru Nanak Sahib used to sermonise and attune people to the love of God and the path of truthfulness. It is inscribed in Janam Sakhis that Bhai Neeru wanted to join the House of Guru Nanak by adopting Sikhism and Guru Nanak Sahib asked Bhai Mardana Ji to induct him into the fold. The teaching which Bhai Mardana Ji gave to Bhai Neeru has been mentioned in Janam Sakhis thus, "Number one -maintain unshorn hair, two -recite Satnam during the early morning hours and three -serve the deserving and the needy." This establishes beyond doubt that Bhai Mardana Ji was a recognized missionary of Guru Nanak and was authorised to induct people into the Sikh fold. In the Janam Sakhi by Bhai Mani Singh it is mentioned that when Guru Sahib sensed that Bhai Mardana would soon breathe his last, Guru Sahib asked him, "Bhai Mardana, what kind of funeral do I give you? Should I set up a grave in your honour to be revered by people?" Bhai Mardana Ji replied, "You are removing me from my body and entrenching me into stones?" On 12 November 1534, Bhai Mardana Ji breathed his last at Kartarpur. No one except Bhai Mardana Ji was blessed to have spent nearly 60 years as Guru Nanak's companion. This honour alone has made Bhai Mardana immortal in Sikh history. Guru Nanak Sahib has honoured this relationship by reciting three Sloks-hymns alluding to Bhai Mardana Ji, which were subsequently included by Guru Arjan Sahib into Guru Granth Sahib. These Shabads are included as part of the Bihagdhe ki Vaar:

ਕਲਿ ਕਲਵਾਲੀ ਕਾਮੁ ਮਦੁ, ਮਨੂਆ ਪੀਵਣਹਾਰੁ ॥ ... (ਪੰਨਾ 553)

The Dark Age of Kali Yuga is the vessel, filled with the wine of sexual desire; the mind is the drunkard.

ਕਾਇਆ ਲਾਹਣਿ ਆਪੁ ਮਦੁ, ਮਜਲਸ ਤ੍ਰਿਸਨਾ ਧਾਤੁ ॥ ... (553)

The human body is the vat, self-conceit is the wine, and desire is the company of drinking buddies.

ਕਾਂਯਾਂ ਲਾਹਣਿ ਆਪੁ ਮਦੁ, ਅੰਮ੍ਰਿਤ ਤਿਸ ਕੀ ਧਾਰ ॥ ... (553)

If the human body is the vat, and self-realization is the wine, then a stream of Ambrosial Nectar is produced. -0-

ਬੱਚਿਆਂ ਨੂੰ ਮਾਨਸਿਕ ਤਣਾਅ ਵੱਲ ਧੱਕਦੀ ਮੁਕਾਬਲੇਬਾਜ਼ੀ

ਡਾ. ਹਰਲੀਨ ਕੌਰ : kharleen477@gmail.com

ਆਈ ਅਤੇ ਅੱਪਾ (ਮੰਮੀ-ਪਾਪਾ) ਮੈਨੂੰ ਮੁਆਫ਼ ਕਰਨਾ, ਅਗਲੇ ਜਨਮ ਵਿੱਚ ਮੈਂ ਤੁਹਾਡੇ ਲਈ ਡਾਕਟਰ ਬਣਾਂਗਾ।" 19 ਸਾਲਾ ਸੂਰਜ ਸੁਭਾਸ਼ ਸ਼ਿੰਦੇ ਦੇ ਇਹ ਭਾਵੁਕ ਬੋਲ ਤੁਹਾਨੂੰ ਧੁਰ ਅੰਦਰ ਤੱਕ ਹਿਲਾ ਦਿੰਦੇ ਹਨ। ਮਹਾਰਾਸ਼ਟਰ ਦੇ ਛਤਰਪਤੀ ਸੰਭਾਜੀਨਗਰ ਜ਼ਿਲ੍ਹੇ ਦੀ ਵੈਜਾਪੁਰ ਤਹਿਸੀਲ ਦੇ ਪਿੰਡ ਖੰਡਾਲਾ ਵਿੱਚ 'ਨੀਟ' ਦੀ ਤਿਆਰੀ ਕਰ ਰਹੇ ਇਸ ਵਿਦਿਆਰਥੀ ਦੀ ਆਪਣੇ ਘਰ ਵਿੱਚ ਮਿਲੀ ਲਾਸ਼ ਨਾਲ ਇਹ ਖ਼ੁਦਕੁਸ਼ੀ ਨੋਟ ਮਿਲਿਆ। ਭਾਰਤ ਵਿੱਚ ਇਹ ਸਮੱਸਿਆ ਗੁੰਝਲਦਾਰ ਤੇ ਵਿਕਰਾਲ ਰੂਪ ਧਾਰਨ ਕਰ ਚੁੱਕੀ ਹੈ। ਦੇਸ਼ ਵਿੱਚ ਹਰ ਸਾਲ ਖ਼ੁਦਕੁਸ਼ੀ ਕਰਨ ਵਾਲੇ ਕੁੱਲ 1.32 ਲੱਖ ਲੋਕਾਂ ਵਿੱਚੋਂ 14 ਤੋਂ 30 ਸਾਲ ਦੀ ਉਮਰ ਵਰਗ ਦੇ ਨੌਜਵਾਨਾਂ ਦੀ ਗਿਣਤੀ ਸਭ ਤੋਂ ਵੱਧ ਹੈ, ਜਿਸ ਵਿੱਚ ਵਿਦਿਆਰਥੀ ਵਰਗ ਮੁੱਖ ਰੂਪ ਵਿੱਚ ਪ੍ਰਭਾਵਿਤ ਹੋ ਰਿਹਾ ਹੈ। ਦੇਸ਼ ਅੰਦਰ ਹੋਈਆਂ ਕੁੱਲ ਖ਼ੁਦਕੁਸ਼ੀਆਂ ਵਿੱਚੋਂ 12.1 ਫ਼ੀਸਦੀ ਵਿਦਿਆਰਥੀਆਂ ਦੀਆਂ ਹਨ। ਭਾਰਤੀ ਤਕਨਾਲੋਜੀ ਸੰਸਥਾਨਾਂ (ਆਈ ਆਈ ਟੀਜ਼) ਵੱਲੋਂ ਸਾਲ 2021 ਤੋਂ 2025 ਦਰਮਿਆਨ 65 ਵਿਦਿਆਰਥੀਆਂ ਵੱਲੋਂ ਕੀਤੀਆਂ ਗਈਆਂ ਖ਼ੁਦਕੁਸ਼ੀਆਂ ਦੀ ਰਿਪੋਰਟ ਦਿੱਤੀ ਗਈ ਹੈ, ਜਿਸ ਨੇ ਲਗਾਤਾਰ ਵਧ ਰਹੇ ਅਕਾਦਮਿਕ ਮੁਕਾਬਲੇ ਅਤੇ ਹੋਰ ਸਮਾਜਿਕ ਕਾਰਨਾਂ ਬਾਰੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਤਾਜ਼ਾ ਅੰਕੜਿਆਂ ਅਨੁਸਾਰ ਸਾਲ 2024 ਵਿੱਚ 14,488 ਵਿਦਿਆਰਥੀਆਂ ਨੇ ਖ਼ੁਦਕੁਸ਼ੀ ਕਰਕੇ ਆਪਣੀ ਜਾਨ ਦਿੱਤੀ, ਜਿਸ ਦੀ ਰੋਜ਼ਾਨਾ ਔਸਤ ਲਗਪਗ 40 ਬਣਦੀ ਹੈ। ਪਿਛਲੇ ਦਸ ਸਾਲਾਂ ਵਿੱਚ ਵਿਦਿਆਰਥੀਆਂ ਦੀਆਂ ਖ਼ੁਦਕੁਸ਼ੀਆਂ ਵਿੱਚ 80 ਫ਼ੀਸਦੀ ਵਾਧਾ ਹੋਇਆ ਹੈ ਅਤੇ ਹਰ ਸਾਲ 2,000 ਤੋਂ ਵੱਧ ਵਿਦਿਆਰਥੀ ਇਮਤਿਹਾਨਾਂ ਵਿੱਚ ਫੇਲ੍ਹ ਹੋਣ ਕਾਰਨ ਮੌਤ ਨੂੰ ਗਲ਼ ਲਾ ਲੈਂਦੇ ਹਨ।

ਪਿਛਲੇ ਕੁਝ ਸਾਲਾਂ ਦੌਰਾਨ ਵਿਦਿਆਰਥੀਆਂ ਵੱਲੋਂ ਖ਼ੁਦਕੁਸ਼ੀ ਦੀਆਂ ਘਟਨਾਵਾਂ ਵਿੱਚ ਲਗਾਤਾਰ ਵਾਧਾ ਹੋਇਆ ਹੈ, ਜੋ ਸਾਡੇ ਸਿੱਖਿਆ ਪ੍ਰਬੰਧ ਦੀ ਅਸਲ ਤਸਵੀਰ ਬਿਆਨ ਕਰਦਾ ਹੈ। ਰਾਜਸਥਾਨ ਦੇ ਕੋਟਾ ਸ਼ਹਿਰ ਵਿੱਚ ਮੈਡੀਕਲ ਅਤੇ ਇੰਜੀਨੀਅਰਿੰਗ ਦੀ ਦਾਖ਼ਲਾ ਪ੍ਰੀਖਿਆ ਦੀ ਤਿਆਰੀ ਕਰ ਰਹੇ ਚਾਰ ਬੱਚਿਆਂ ਨੇ 24 ਘੰਟਿਆਂ ਦੇ ਅੰਦਰ ਖ਼ੁਦਕੁਸ਼ੀ ਕਰ ਲਈ ਸੀ। ਦਸੰਬਰ 2022 ਦੀ ਇਹ ਦੁਖਦਾਈ ਘਟਨਾ ਕੋਈ ਪਹਿਲੀ ਨਹੀਂ ਸੀ। ਇਸ ਤੋਂ ਪਹਿਲਾਂ 2020 ਵਿੱਚ ਮੱਧ ਪ੍ਰਦੇਸ਼ 'ਚ ਇੱਕ ਲੜਕੀ ਨੇ 'ਨੀਟ-ਯੂਜੀ' ਦਾ ਨਤੀਜਾ ਆਉਣ ਮਗਰੋਂ ਖ਼ੁਦਕੁਸ਼ੀ ਕਰ ਲਈ ਸੀ। ਉਸ ਨੇ ਬਹੁਤ ਮਿਹਨਤ ਕਰ ਕੇ ਇਹ ਇਮਤਿਹਾਨ ਦਿੱਤਾ ਸੀ, ਪਰ ਨਤੀਜੇ ਵਿੱਚ ਆਪਣੇ ਸਿਰਫ਼ 6 ਅੰਕ ਦੇਖ ਕੇ ਉਸ ਨੂੰ ਵੱਡਾ ਧੱਕਾ ਲੱਗਿਆ। ਉਸ ਦੀ ਮੌਤ ਤੋਂ ਬਾਅਦ ਜਦੋਂ ਮਾਪਿਆਂ ਨੇ ਨਤੀਜੇ ਦੀ ਪੜਤਾਲ ਕਰਵਾਈ ਤਾਂ ਉਸ ਦੇ ਅਸਲ ਅੰਕ 560 ਸਨ। ਇੱਕ ਤਕਨੀਕੀ ਗ਼ਲਤੀ ਦਾ ਖ਼ਮਿਆਜ਼ਾ ਉਸ ਲੜਕੀ ਨੇ ਆਪਣੀ ਜਾਨ ਦੇ ਕੇ ਚੁਕਾਇਆ। ਅਜਿਹੀਆਂ ਘਟਨਾਵਾਂ ਨੇ ਦਾਖ਼ਲਾ ਪ੍ਰੀਖਿਆਵਾਂ ਦੇ ਸਖ਼ਤ ਮੁਕਾਬਲੇ ਕਾਰਨ ਵਿਦਿਆਰਥੀਆਂ ਵਿੱਚ ਵਧ ਰਹੇ ਦਬਾਅ ਅਤੇ ਤਣਾਅ ਨੂੰ ਲੈ ਕੇ ਬੁੱਧੀਜੀਵੀਆਂ ਵਿੱਚ ਗੰਭੀਰ ਬਹਿਸ ਛੇੜ ਦਿੱਤੀ ਹੈ।



ਇਸ ਵਰਤਾਰੇ ਨੇ ਅਜੋਕੇ ਸਿੱਖਿਆ ਪ੍ਰਬੰਧਾਂ ਨੂੰ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ ਹੈ। ਵਿਦਿਆਰਥੀਆਂ ਵਿੱਚ ਖ਼ੁਦਕੁਸ਼ੀ ਦਾ ਮੁੱਖ ਕਾਰਨ ਇਮਤਿਹਾਨਾਂ ਵਿੱਚ ਅਸਫ਼ਲ ਹੋਣਾ ਪਾਇਆ ਗਿਆ ਹੈ। ਦਾਖ਼ਲਾ ਪ੍ਰੀਖਿਆਵਾਂ ਦੀ ਤਿਆਰੀ ਕਰਵਾਉਣ ਵਾਲੇ ਕੋਚਿੰਗ ਸੈਂਟਰਾਂ ਵਿੱਚ ਵਿਦਿਆਰਥੀਆਂ ਦੀ ਭੀੜ ਲਗਾਤਾਰ ਵਧ ਰਹੀ ਹੈ ਜਦੋਂਕਿ ਕੋਰਸਾਂ ਦੀਆਂ ਸੀਟਾਂ ਬਹੁਤ ਸੀਮਿਤ ਹਨ। ਮੈਡੀਕਲ ਦੀਆਂ ਇੱਕ ਲੱਖ ਸੀਟਾਂ ਲਈ ਸਾਲ 2022 ਵਿੱਚ 18 ਲੱਖ ਅਤੇ ਸਾਲ 2026 ਵਿੱਚ 25 ਲੱਖ ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ ਸੀ। ਇਸੇ ਤਰ੍ਹਾਂ ਯੂ ਪੀ ਐੱਸ ਸੀ ਦੀਆਂ ਇੱਕ ਹਜ਼ਾਰ ਤੋਂ ਘੱਟ ਸੀਟਾਂ ਲਈ ਲੱਖਾਂ ਉਮੀਦਵਾਰ ਹਰ ਸਾਲ ਪ੍ਰੀਖਿਆ ਦਿੰਦੇ ਹਨ। ਖ਼ੁਦਕੁਸ਼ੀ ਕਰਨ ਵਾਲਿਆਂ ਵਿੱਚ ਗ਼ਰੀਬ ਪਰਿਵਾਰਾਂ ਨਾਲ ਸਬੰਧਿਤ ਬੱਚਿਆਂ ਦੀ ਗਿਣਤੀ ਕਾਫ਼ੀ ਜ਼ਿਆਦਾ ਹੈ। ਜੁਲਾਈ 2021 ਦੇ ਅੰਕੜਿਆਂ ਮੁਤਾਬਿਕ ਸਾਡੇ ਦੇਸ਼ ਵਿੱਚ ਸਾਲ 2017 ਤੋਂ 2019 ਦੌਰਾਨ 14 ਤੋਂ 18 ਸਾਲ ਦੀ ਉਮਰ ਦੇ 24,588 ਬੱਚਿਆਂ ਨੇ ਖ਼ੁਦਕੁਸ਼ੀ ਕੀਤੀ, ਜਿਨ੍ਹਾਂ ਵਿੱਚੋਂ 13,325 ਲੜਕੀਆਂ ਸਨ। ਸਾਲ 2017 ਵਿੱਚ ਇਹ ਅੰਕੜਾ 8,029, ਸਾਲ 2018 ਵਿੱਚ 8,162 ਅਤੇ 2019 ਵਿੱਚ ਵਧ ਕੇ 8,377 ਹੋ ਗਿਆ। ਇਸ ਤੋਂ ਇਲਾਵਾ ਵਿਆਹ ਆਦਿ ਨਾਲ ਸਬੰਧਿਤ ਮਾਮਲਿਆਂ ਕਾਰਨ 3,954 ਬੱਚਿਆਂ ਨੇ ਅਤੇ ਕਿਸੇ ਬਿਮਾਰੀ, ਨਸ਼ਿਆਂ ਦੀ ਗ੍ਰਿਫ਼ਤ ਜਾਂ ਜਿਨਸੀ ਛੇੜਛਾੜ ਤੋਂ ਤੰਗ ਆ ਕੇ 2,648 ਬੱਚਿਆਂ ਨੇ ਖ਼ੁਦਕੁਸ਼ੀ ਕੀਤੀ। ਕੌਮਾਂਤਰੀ ਲੇਬਰ ਖੋਜ ਸੰਗਠਨ ਦੀ ਖੋਜ ਅਨੁਸਾਰ ਆਲਮੀ ਪੱਧਰ 'ਤੇ ਹਰ ਦਸ ਵਿੱਚੋਂ ਇੱਕ ਵਿਦਿਆਰਥੀ ਗੰਭੀਰ ਰੂਪ ਵਿੱਚ ਤਣਾਅ ਦਾ ਸ਼ਿਕਾਰ ਹੈ ਅਤੇ ਅਕਸਰ ਨਤੀਜੇ ਐਲਾਨੇ ਜਾਣ ਤੋਂ ਬਾਅਦ ਹੀ ਬੱਚੇ ਖ਼ੁਦਕੁਸ਼ੀ ਦਾ ਰਾਹ ਚੁਣਦੇ ਹਨ। 'ਲਾਂਸੇਟ' ਮੈਡੀਕਲ ਰਸਾਲੇ ਵਿੱਚ ਛਪੀ ਰਿਪੋਰਟ ਦੱਸਦੀ ਹੈ ਕਿ ਦੁਨੀਆ ਭਰ ਵਿੱਚ 15 ਤੋਂ 29 ਸਾਲ ਦੀ ਉਮਰ ਦੇ ਲੋਕਾਂ ਵਿੱਚ ਆਤਮ-ਹੱਤਿਆ ਦੀ ਦਰ ਹੋਰਨਾਂ ਵਰਗਾਂ ਨਾਲੋਂ ਸਭ ਤੋਂ ਵੱਧ ਹੈ। ਵਿਸ਼ਵ ਸਿਹਤ ਸੰਗਠਨ ਦੇ ਸਹਾਇਕ ਨਿਰਦੇਸ਼ਕ ਅਨੁਸਾਰ ਦੁਨੀਆ ਭਰ ਵਿੱਚ ਜੰਗਾਂ ਅਤੇ ਮਹਾਮਾਰੀਆਂ ਦੇ ਮੁਕਾਬਲੇ ਆਤਮ-ਹੱਤਿਆ ਨਾਲ ਜ਼ਿਆਦਾ ਲੋਕ ਮਰਦੇ ਹਨ ਅਤੇ ਤਣਾਅ ਇਸ ਦਾ ਸਭ ਤੋਂ ਵੱਡਾ ਕਾਰਨ ਹੈ। ਮੌਜੂਦਾ ਸਮੇਂ ਦੁਨੀਆ ਦੀ 69 ਫ਼ੀਸਦੀ ਆਬਾਦੀ ਤਣਾਅ ਦੀ ਸ਼ਿਕਾਰ ਹੈ ਅਤੇ ਵਿਸ਼ਵ ਪੱਧਰ 'ਤੇ ਡਾਕਟਰ ਕੋਲ ਜਾਣ ਵਾਲੇ ਪੰਜ ਵਿੱਚੋਂ ਤਿੰਨ ਮਰੀਜ਼ ਤਣਾਅ ਨਾਲ ਜੂਝਦੇ ਪਾਏ ਜਾਂਦੇ ਹਨ। ਖ਼ੁਦਕੁਸ਼ੀਆਂ ਦੀਆਂ ਇਹ ਮੰਦਭਾਗੀ ਘਟਨਾਵਾਂ ਬੇਰੋਕ ਵਧ ਰਹੀਆਂ ਹਨ, ਜੋ ਕਿਸੇ ਵੀ ਤਰ੍ਹਾਂ

ਇੱਕ ਨਰੋਏ ਸਮਾਜ ਦੇ ਹਿੱਤ ਵਿੱਚ ਨਹੀਂ ਹੈ। ਹਰ ਇਨਸਾਨ ਦੀ ਇੱਛਾ ਕਾਮਯਾਬ ਹੋਣ ਦੀ ਹੁੰਦੀ ਹੈ। ਮਨੁੱਖੀ ਸੁਭਾਅ ਆਰਥਿਕ, ਸਮਾਜਿਕ ਅਤੇ ਧਾਰਮਿਕ ਸਮੇਤ ਹਰ ਤਰ੍ਹਾਂ ਦੀ ਆਜ਼ਾਦੀ ਦਾ ਆਸ਼ਕ ਹੈ। ਆਜ਼ਾਦੀ ਦੀ ਇਹ ਤਾਂਘ ਹੀ ਉਸ ਨੂੰ ਦੁਨੀਆ ਤੋਂ ਕੁਝ ਵੱਖਰਾ ਕਰਨ ਲਈ ਪ੍ਰੇਰਦੀ ਹੈ। ਮੰਜ਼ਿਲ ਤੱਕ ਪਹੁੰਚਣ ਲਈ ਅਨੇਕਾਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜੋ ਉਦਾਸੀ ਤੇ ਨਿਰਾਸ਼ਾ ਨੂੰ ਜਨਮ ਦਿੰਦੀ ਹੈ ਅਤੇ ਨਿਰਾਸ਼ਾ ਇਨਸਾਨ ਨੂੰ ਆਤਮ-ਹੱਤਿਆ ਲਈ ਉਕਸਾਉਂਦੀ ਹੈ। ਜਦੋਂ ਕਿਸੇ ਨਿਰਾਸ਼ ਵਿਅਕਤੀ ਨੂੰ ਲੱਗਦਾ ਹੈ ਕਿ ਉਸ ਲਈ ਸਾਰੇ ਰਾਹ ਬੰਦ ਹੋ ਗਏ ਹਨ ਤਾਂ ਉਹ ਮੌਤ ਨੂੰ ਗਲ਼ ਲਾ ਲੈਂਦਾ ਹੈ। ਅਜੋਕੇ ਅਗਾਂਹਵਧੂ ਅਤੇ ਤਕਨਾਲੋਜੀ ਦੇ ਯੁੱਗ ਵਿੱਚ ਖ਼ੁਦਕੁਸ਼ੀਆਂ ਦਾ ਇਹ ਰੁਝਾਨ ਆਲਮੀ ਪੱਧਰ 'ਤੇ ਵਧ ਰਿਹਾ ਹੈ। ਮੁਕਾਬਲੇ ਦੇ ਇਸ ਦੌਰ ਵਿੱਚ ਇੱਕ-ਦੂਜੇ ਨੂੰ ਪਛਾੜ ਕੇ ਅੱਗੇ ਨਿਕਲਣ ਦੀ ਹੋੜ ਨੇ ਇਨਸਾਨ ਨੂੰ ਮਹਿਜ਼ ਇੱਕ ਮਸ਼ੀਨ ਬਣਾ ਦਿੱਤਾ ਹੈ। ਇਹ ਵਰਤਾਰਾ ਬੱਚੇ ਦੇ ਜਨਮ ਤੋਂ ਹੀ ਸ਼ੁਰੂ ਹੋ ਜਾਂਦਾ ਹੈ, ਜਿੱਥੇ ਮਾਪੇ ਆਪਣੇ ਬੱਚੇ ਦੀ ਰੁਚੀ ਪੁੱਛਣ ਦੀ ਬਜਾਏ ਪਹਿਲਾਂ ਹੀ ਤੈਅ ਕਰ ਲੈਂਦੇ ਹਨ ਕਿ ਉਸ ਲਈ ਕਮਾਈ ਦਾ ਕਿਹੜਾ ਖੇਤਰ ਵਧੀਆ ਰਹੇਗਾ। ਜ਼ਿਆਦਾਤਰ ਮਾਪਿਆਂ ਦਾ ਮਕਸਦ ਬੱਚੇ ਨੂੰ ਸਿਰਫ਼ ਪੈਸੇ ਕਮਾਉਣ ਵਾਲੀ ਮਸ਼ੀਨ ਬਣਾਉਣਾ ਹੀ ਬਣ ਗਿਆ ਹੈ ਅਤੇ ਜਦੋਂ ਮਾਪਿਆਂ ਦੀ ਆਸਾਂ ਦੇ ਬੋਝ ਹੇਠ ਦੱਬਿਆ ਕੋਈ ਬੱਚਾ ਇਸ ਦੁਨਿਆਵੀ ਦੌੜ ਵਿੱਚ ਪੱਛੜ ਜਾਂਦਾ ਹੈ ਤਾਂ ਉਹ ਮੌਤ ਦਾ ਰਾਹ ਚੁਣ ਲੈਂਦਾ ਹੈ।


ਸਿੱਖਿਆ ਜੀਵਨ ਜਾਚ ਸਿਖਾਉਂਦੀ ਹੈ ਅਤੇ ਰੋਜ਼ੀ-ਰੋਟੀ ਦੇ ਕਾਬਿਲ ਬਣਾਉਂਦੀ ਹੈ, ਪਰ ਆਜ਼ਾਦੀ ਦੇ ਅੱਠ ਦਹਾਕਿਆਂ ਬਾਅਦ ਵੀ ਲੋਕ ਮੁੱਢਲੀਆਂ ਸਹੂਲਤਾਂ ਤੋਂ ਸੱਖਣੇ ਹਨ। ਅਜੋਕੇ ਦੌਰ ਵਿੱਚ ਸਿੱਖਿਆ, ਖ਼ਾਸਕਰ ਉਚੇਰੀ ਸਿੱਖਿਆ ਬਹੁਤ ਮਹਿੰਗੀ ਹੋ ਚੁੱਕੀ ਹੈ ਅਤੇ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਰਹੀ ਹੈ। ਨਿੱਜੀਕਰਨ ਅਤੇ ਸਰਕਾਰਾਂ ਦੀ ਅਣਗਹਿਲੀ ਇਸ ਨੂੰ ਦਿਨੋ-ਦਿਨ ਮਹਿੰਗਾ ਕਰ ਰਹੀ ਹੈ, ਜਿਸ ਕਾਰਨ ਵਿਦਿਆਰਥੀਆਂ ਤੇ ਮਾਪਿਆਂ ਦੀ ਚਿੰਤਾ ਵਧਣਾ ਲਾਜ਼ਮੀ ਹੈ। ਉਚੇਰੀ ਸਿੱਖਿਆ ਪ੍ਰਾਪਤੀ ਲਈ ਅੱਜ ਅਨੇਕਾਂ ਪਾਪੜ ਵੇਲਣੇ ਪੈ ਰਹੇ ਹਨ। ਦੇਸ਼ ਵਿੱਚ ਕਈ ਯੂਨੀਵਰਸਿਟੀਆਂ ਬਿਨਾਂ ਮਾਨਤਾ ਤੋਂ ਕੋਰਸ ਕਰਵਾ ਰਹੀਆਂ ਹਨ, ਕਿਤੇ ਮਾਪਦੰਡਾਂ ਅਨੁਸਾਰ ਦਾਖ਼ਲੇ ਨਹੀਂ ਹੁੰਦੇ ਅਤੇ ਕਿਤੇ ਡਿਗਰੀ ਮਾਨਤਾ ਪ੍ਰਾਪਤ ਨਹੀਂ ਹੁੰਦੀ। ਇਨ੍ਹਾਂ ਕਾਰਨਾਂ ਨੇ ਵੀ ਵਿਦਿਆਰਥੀਆਂ ਨੂੰ ਪ੍ਰੇਸ਼ਾਨੀ ਅਤੇ ਤਣਾਅ ਦੀ ਦਲਦਲ ਵਿੱਚ ਧੱਕ ਦਿੱਤਾ ਹੈ। ਆਲਮੀ ਪੱਧਰ 'ਤੇ ਖ਼ੁਦਕੁਸ਼ੀਆਂ ਦੇ ਇਸ ਵਰਤਾਰੇ ਦੇ ਹੋਰ ਵੀ ਬਹੁਤ ਸਾਰੇ ਕਾਰਨ ਹੋ ਸਕਦੇ ਹਨ, ਪਰ ਜਦੋਂ ਤੱਕ ਮਨੁੱਖ ਆਪਣੀ ਸਹਿਣ ਸ਼ਕਤੀ ਨਹੀਂ ਵਧਾਉਂਦਾ, ਉਦੋਂ ਤੱਕ ਉਹ ਅਜਿਹੇ ਰਾਹ ਪੈਂਦਾ ਰਹੇਗਾ।

ਜ਼ਿੰਦਗੀ ਦੇ ਉਤਰਾਅ-ਚੜ੍ਹਾਅ ਨੂੰ ਸਹਿਜਤਾ ਨਾਲ ਲਿਆ ਜਾਣਾ ਚਾਹੀਦਾ ਹੈ ਕਿਉਂਕਿ ਹਰ ਤਰ੍ਹਾਂ ਦੇ ਹਾਲਾਤ ਨਾਲ ਨਜਿੱਠਣਾ ਹੀ ਸਭ ਤੋਂ ਵੱਡੀ ਬਹਾਦਰੀ ਹੈ। ਜੋ ਸੁੱਖ-ਸਾਧਨ ਮੌਜੂਦ ਹਨ, ਉਨ੍ਹਾਂ ਦਾ ਆਨੰਦ ਲਿਆ ਜਾਵੇ ਅਤੇ ਜੋ ਨਹੀਂ ਹਨ, ਉਨ੍ਹਾਂ ਦੀ ਪ੍ਰਾਪਤੀ ਲਈ ਮਿਹਨਤ ਕੀਤੀ ਜਾਵੇ। ਮਨੁੱਖ ਅਕਸਰ ਭਵਿੱਖ ਦੀ ਤਿਆਰੀ ਵਿੱਚ ਆਪਣਾ ਵਰਤਮਾਨ ਨਸ਼ਟ ਕਰ ਲੈਂਦਾ ਹੈ ਜਦੋਂਕਿ ਵਰਤਮਾਨ ਦਾ ਅਸਰ ਸਿੱਧਾ ਭਵਿੱਖ 'ਤੇ ਪੈਂਦਾ ਹੈ। ਮਨੁੱਖ ਦੂਜੇ ਸਫ਼ਲ ਲੋਕਾਂ ਤੋਂ ਪ੍ਰਭਾਵਿਤ ਹੋ ਕੇ ਰਾਤੋ-ਰਾਤ ਉਨ੍ਹਾਂ ਵਾਂਗ ਕਾਮਯਾਬ ਹੋਣਾ ਲੋਚਦਾ ਹੈ, ਪਰ ਉਹ ਉਨ੍ਹਾਂ ਦੇ ਲੰਮੇ ਸੰਘਰਸ਼ ਅਤੇ ਅਸਫ਼ਲਤਾ ਦੇ ਝਟਕਿਆਂ ਨੂੰ ਨਜ਼ਰਅੰਦਾਜ਼ ਕਰ ਦਿੰਦਾ ਹੈ। ਉਦਾਸੀ ਤੋਂ ਬਚਣ ਲਈ ਹਮੇਸ਼ਾ ਆਸਵੰਦ ਰਹਿਣਾ ਚਾਹੀਦਾ ਹੈ। ਆਸਵੰਦ ਹੋਣ ਲਈ ਚੰਗਾ ਸਾਹਿਤ ਪੜ੍ਹਨਾ ਅਤੇ ਆਪਣੇ ਆਪ ਨੂੰ ਰੁੱਝੇ ਰੱਖਣਾ ਜ਼ਰੂਰੀ ਹੈ। ਮਨੁੱਖ ਨੂੰ ਇਹ ਗੱਲ ਸਦਾ ਚੇਤੇ ਰੱਖਣੀ ਚਾਹੀਦੀ ਹੈ ਕਿ ਜ਼ਿੰਦਗੀ ਸਿਰਫ਼ ਸਾਹ ਲੈਣ ਦਾ ਨਹੀਂ ਸਗੋਂ ਇਸ ਨੂੰ ਖਿੜੇ ਮੱਥੇ ਹੰਢਾਉਣ ਦਾ ਨਾਂ ਹੈ।

-0-

ਖਾਸ ਰਿਪੋਰਟ:

ਰਾਤ ਦੀ ਨੀਂਦ 'ਤੇ ਅਸਰ ਪਾਉਂਦਾ ਮੋਬਾਇਲ ਫੋਨ



ਇਹ ਸੁਣਨ ਵਿੱਚ ਅਜਿਹਾ ਲੱਗ ਸਕਦਾ ਹੈ ਕਿ ਅਸੀਂ ਖੁਦ ਨੂੰ ਰਿਲੈਕਸ ਕਰਨ ਲਈ ਫਨੀ ਮੀਮਜ਼ ਦੇਖ ਰਹੇ ਹਾਂ, ਪਰ ਅਸਲ ਵਿੱਚ ਇਹ ਆਦਤ ਤੁਹਾਡੀ ਮਾਨਸਿਕ ਸਿਹਤ ਅਤੇ ਨੀਂਦ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਹੀ ਹੈ। ਆਓ ਸਮਝੀਏ ਕਿ ਰਾਤ ਦੇ ਹਨੇਰੇ ਵਿੱਚ 'ਡੂਮ-ਸਕ੍ਰੋਲਿੰਗ' ਕਰਨਾ ਤੁਹਾਡੀ ਨੀਂਦ ਕਿਵੇਂ ਖਰਾਬ ਕਰ ਰਿਹਾ ਹੈ।

ਨੀਂਦ ਉੱਡਣ ਦੇ ਮੁੱਖ ਕਾਰਨ:

ਬਲੂ ਲਾਈਟ ਦਾ ਖੇਡ: ਸਾਡਾ ਸਰੀਰ ਇੱਕ ਬਾਇਓਲੋਜੀਕਲ ਘੜੀ ਅਨੁਸਾਰ ਕੰਮ ਕਰਦਾ ਹੈ। ਸੂਰਜ ਡੁੱਬਣ ਤੋਂ ਬਾਅਦ ਸਾਡਾ ਦਿਮਾਗ ਮੇਲਾਟੋਨਿਨ ਹਾਰਮੋਨ ਰਿਲੀਜ਼ ਕਰਨ ਦਾ ਸਿਗਨਲ ਦਿੰਦਾ ਹੈ, ਜੋ ਸੌਣ ਦਾ ਸੰਕੇਤ ਹੈ। ਪਰ ਫ਼ੋਨ ਦੀ ਬਲੂ ਲਾਈਟ ਇਸ ਸਿਗਨਲ ਨੂੰ ਡਿਸਟਰਬ ਕਰ ਦਿੰਦੀ ਹੈ, ਜਿਸ ਨਾਲ ਨੀਂਦ ਗਾਇਬ ਹੋ ਜਾਂਦੀ ਹੈ।

ਦਿਮਾਗ ਅਲਰਟ ਮੋਡ 'ਤੇ: ਨੀਂਦ ਲਈ ਦਿਮਾਗ ਦਾ ਸ਼ਾਂਤ ਹੋਣਾ ਜ਼ਰੂਰੀ ਹੈ। ਜਦੋਂ ਤੁਸੀਂ ਭੜਕਾਊ ਵੀਡੀਓ, ਸਿਆਸੀ ਬਹਿਸ ਜਾਂ ਦੁਖਦਾਈ ਖ਼ਬਰਾਂ ਦੇਖਦੇ ਹੋ, ਤਾਂ ਦਿਮਾਗ ਜਾਣਕਾਰੀ ਨੂੰ ਪ੍ਰੋਸੈਸ ਕਰਨ ਵਿੱਚ ਲੱਗ ਜਾਂਦਾ ਹੈ ਅਤੇ ਰਿਲੈਕਸ ਨਹੀਂ ਹੋ ਪਾਉਂਦਾ।

ਤਣਾਅ ਅਤੇ ਕੋਰਟੀਸੋਲ ਦਾ ਵਧਣਾ: ਨੈਗੇਟਿਵ ਕੰਟੈਂਟ ਦੇਖਣ ਨਾਲ ਸਰੀਰ ਵਿੱਚ ਕੋਰਟੀਸੋਲ ਦਾ ਪੱਧਰ ਵੱਧ ਜਾਂਦਾ ਹੈ। ਇਹ ਨਾ ਸਿਰਫ਼ ਨੀਂਦ ਵਿੱਚ ਵਿਘਨ ਪਾਉਂਦਾ ਹੈ, ਸਗੋਂ ਸਵੇਰੇ ਉੱਠਣ 'ਤੇ ਤੁਹਾਨੂੰ ਥਕਾਵਟ ਵੀ ਮਹਿਸੂਸ ਕਰਵਾਉਂਦਾ ਹੈ।

ਡੂਮ-ਸਕ੍ਰੋਲਿੰਗ ਦੀ ਆਦਤ ਕਿਵੇਂ ਛੱਡੀਏ?

ਡਿਜੀਟਲ ਕਰਫਿਊ: ਸੌਣ ਤੋਂ ਘੱਟੋ-ਘੱਟ 1 ਘੰਟਾ ਪਹਿਲਾਂ ਫ਼ੋਨ ਆਪਣੇ ਤੋਂ ਦੂਰ ਕਰ ਦਿਓ।

ਪੁਰਾਣਾ ਤਰੀਕਾ ਅਪਣਾਓ: ਅਲਾਰਮ ਲਈ ਫ਼ੋਨ ਦੀ ਜਗ੍ਹਾ ਸਧਾਰਨ ਅਲਾਰਮ ਘੜੀ ਦੀ ਵਰਤੋਂ ਕਰੋ।

ਨਾਈਟ ਮੋਡ: ਜੇਕਰ ਫ਼ੋਨ ਚਲਾਉਣਾ ਬਹੁਤ ਜ਼ਰੂਰੀ ਹੋਵੇ, ਤਾਂ ਬਲੂ ਲਾਈਟ ਫਿਲਟਰ ਜਾਂ ਨਾਈਟ ਮੋਡ ਚਾਲੂ ਰੱਖੋ।

-0-

ਰਸਾਇਣਕ ਤੋਂ ਜੈਵਿਕ ਖੇਤੀ ਵੱਲ ਵਧਾਈਏ ਕਦਮ

-ਦਿਨੇਸ਼ ਦਮਾਥੀਆ

ਮੁੱਢ ਕਦੀਮ ਤੋਂ ਸਾਡੀ ਖੇਤੀ ਸਾਡੀਆਂ ਆਰਥਿਕ ਲੋੜਾਂ ਨੂੰ ਪੂਰਾ ਕਰਦੀ ਆਈ ਹੈ। ਰੋਟੀ, ਕੱਪੜਾ ਅਤੇ ਮਕਾਨ ਦੀ ਜੱਦੋ-ਜਹਿਦ ਕਰਦੇ-ਕਰਦੇ ਸਾਡੀਆਂ ਬੁਨਿਆਦੀ ਜ਼ਰੂਰਤਾਂ ਬਹੁਤ ਜ਼ਿਆਦਾ ਵੱਧ ਗਈਆਂ ਅਤੇ ਅਸੀਂ ਆਪਣੀ ਖੇਤੀ ਤੋਂ ਕਈ ਗੁਣਾਂ ਵਧੇਰੇ ਮੁਨਾਫ਼ਾ ਲੈਣ ਦੀਆਂ ਤਰਕੀਬਾਂ ਬਣਾਉਣ ਲੱਗ ਪਏ। ਇਨ੍ਹਾਂ ਤਰਕੀਬਾਂ 'ਚ ਸਭ ਤੋਂ ਵੱਧ ਪ੍ਰਭਾਵਸ਼ਾਲੀ ਸੀ ਖੇਤਾਂ 'ਚ ਰਸਾਇਣਕ ਖਾਦਾਂ ਤੇ ਜ਼ਹਿਰਾਂ ਦੀ ਬਹੁਤਾਤ। ਆਪਣੇ ਆਰਥਿਕ ਟੀਚੇ ਨੂੰ ਪੂਰਾ ਕਰਨ ਲਈ ਅਸੀਂ ਆਪਣੀ ਸਿਹਤ ਨੂੰ ਵੀ ਖ਼ਤਰੇ 'ਚ ਪਾਉਣ ਤੋਂ ਜ਼ਰਾ ਵੀ ਗੁਰੇਜ਼ ਨਾ ਕੀਤਾ।



ਚੁੱਕਣੇ ਪੈਣਗੇ ਠੋਸ ਕਦਮ

ਕੀੜਿਆਂ ਤੇ ਬਿਮਾਰੀਆਂ ਦੀ ਰੋਕਥਾਮ ਵਜੋਂ ਵਰਤੇ ਜਾਂਦੇ ਵੱਡੀ ਮਾਤਰਾ 'ਚ ਜ਼ਹਿਰ ਅਤੇ ਰਸਾਇਣ ਪਤਾ ਹੀ ਨਹੀਂ ਲੱਗਾ ਕਿ ਕਦੋਂ ਸਾਡੀ ਧਰਤੀ, ਪਾਣੀ ਅਤੇ ਹਵਾ ਨੂੰ ਵੀ ਪੂਰੀ ਤਰ੍ਹਾਂ ਨਾਲ ਜ਼ਹਿਰੀਲੇ ਕਰਨ ਲੱਗੇ ਪਏ। ਹੁਣ ਜਦੋਂ ਸਾਨੂੰ ਹਰ ਪਾਸੇ ਬਸ ਜ਼ਹਿਰ ਹੀ ਜ਼ਹਿਰ ਮਹਿਸੂਸ ਹੋਣ ਲੱਗ ਪਿਆ ਹੈ ਤਾਂ ਸਾਨੂੰ ਹੁਣ ਇਸ ਸਮਸਿਆ ਤੋਂ ਬਚਣ ਲਈ ਕੁਝ ਠੋਸ ਕਦਮ ਚੁੱਕਣੇ ਪੈਣਗੇ। ਅੱਜ ਸਮੇਂ ਦੀ ਇਹ ਮੁੱਖ ਲੋੜ ਹੈ ਕਿ ਅਸੀਂ ਹੁਣ ਇਨ੍ਹਾਂ ਜ਼ਹਿਰਾਂ ਅਤੇ ਰਸਾਇਣਾਂ ਤੋਂ ਆਪਣੀ ਖੇਤੀ ਨੂੰ ਦੂਰ ਕਰੀਏ ਤੇ ਮਨੁੱਖੀ ਸਿਹਤ ਨੂੰ ਖ਼ਤਰਨਾਕ ਅਲਾਮਤਾਂ ਤੋਂ ਬਚਾਈਏ। ਇਸ ਸਭ ਲਈ ਜੇ ਕੋਈ ਯੋਗ ਉਪਰਾਲਾ ਕੀਤਾ ਜਾ ਸਕਦਾ ਹੈ ਤਾਂ ਉਹ ਇਹ ਹੈ ਕਿ ਅਸੀਂ ਆਪਣੀ ਖੇਤੀ ਦੇ ਢੰਗਾਂ ਵਿਚ ਵੱਡੀ ਤਬਦੀਲੀ ਲਿਆਈਏ ਤੇ ਜੈਵਿਕ ਖੇਤੀ ਵੱਲ ਆਪਣੇ ਕਦਮਾਂ ਨੂੰ ਮੋੜੀਏ।

ਖੇਤੀਬਾੜੀ ਮਾਹਿਰਾਂ ਦੀ ਲਈ ਜਾ ਸਕਦੀ ਸਲਾਹ

ਜੈਵਿਕ ਖੇਤੀ ਤੋਂ ਭਾਵ ਬਿਨਾਂ ਖਾਦਾਂ ਤੇ ਜ਼ਹਿਰਾਂ ਦੀ ਖੇਤੀ। ਆਪਣੀ ਖੇਤੀ ਤੋਂ ਭਾਵੇਂ ਘੱਟ ਉਪਜ ਲਈ ਜਾਵੇ ਪਰ ਉਹ ਉਪਜ ਸਾਡੀ ਸਿਹਤ ਨੂੰ ਕਿਸੇ ਤਰ੍ਹਾਂ ਦਾ ਕੋਈ ਨੁਕਸਾਨ ਨਾ ਪਹੁੰਚਾਵੇ। ਜ਼ਮੀਨ ਦੀ ਸਿਹਤ ਲਈ ਖਾਦਾਂ ਤਾਂ ਪਾਈਆਂ ਜਾਣ ਪਰ ਉਹ ਖਾਦਾਂ ਜੈਵਿਕ ਜਾਂ ਕੁਦਰਤੀ ਹੋਣ ਭਾਵ ਪਸ਼ੂਆਂ ਦੇ ਗੋਹੇ ਅਤੇ ਪਿਸ਼ਾਬ ਤੋਂ ਤਿਆਰ ਕੀਤੀ ਖਾਦ। ਇਸ ਤੋਂ ਇਲਾਵਾ ਸਾਡੀ ਜ਼ਮੀਨ ਦੇ ਮਿੱਤਰ ਜੀਵ ਯਾਨੀ ਗੰਡੋਇਆਂ ਤੋਂ ਵੀ ਖ਼ਾਸ ਕਿਸਮ ਦੀ ਖਾਦ ਤਿਆਰ ਕੀਤੀ ਜਾਂਦੀ ਹੈ, ਜਿਸ ਨਾਲ ਵੀ ਖੇਤੀ ਯੋਗ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਵਧਾਇਆ ਜਾ ਸਕਦਾ ਹੈ। ਜਿਥੋਂ ਤੱਕ ਫ਼ਸਲਾਂ ਨੂੰ ਲੱਗਣ ਵਾਲੇ ਕੀੜੇ-ਮਕੌੜੇ ਤੇ ਭਿਆਨਕ ਬਿਮਾਰੀਆਂ ਤੋਂ ਬਚਾਅ ਦੀ ਗੱਲ ਹੈ, ਕੁਝ ਦੇਸੀ ਭਾਵ ਜੈਵਿਕ ਢੰਗਾਂ ਨਾਲ ਹੀ ਬੜੇ ਆਸਾਨ ਅਤੇ ਪ੍ਰਭਾਵਸ਼ਾਲੀ ਨਤੀਜੇ ਵੇਖੇ ਜਾ ਸਕਦੇ ਹਨ। ਕਈ ਵਾਰ ਕੁਝ ਜ਼ਹਿਰੀਲੇ ਪੌਦਿਆਂ, ਜਿਵੇਂ ਅੱਕ, ਧਤੂਰਾ, ਨਿੰਮ, ਲਸਣ ਆਦਿ ਦੀ ਵਰਤੋਂ ਨਾਲ ਵੀ ਫ਼ਸਲਾਂ ਦੇ ਕੀੜਿਆਂ ਤੇ ਬਿਮਾਰੀਆਂ ਤੋਂ ਫ਼ਸਲਾਂ ਨੂੰ ਰਾਹਤ ਮਿਲ ਜਾਂਦੀ ਹੈ। ਅਜਿਹੇ ਜੈਵਿਕ ਢੰਗਾਂ ਬਾਰੇ ਖੇਤੀਬਾੜੀ ਮਾਹਿਰਾਂ ਦੀ ਸਲਾਹ ਲਈ ਜਾ ਸਕਦੀ ਹੈ। ਜੋ ਕਿਸਾਨ ਅਜਿਹੀ ਖੇਤੀ ਕਰਨ ਲੱਗੇ ਹਨ, ਉਨ੍ਹਾਂ ਦੀ ਰਾਏ ਵੀ ਲਈ ਜਾ ਸਕਦੀ ਹੈ।

ਪੌਸ਼ਟਿਕ ਤੱਤ ਰਹਿੰਦੇ ਬਰਕਰਾਰ

ਕੁਝ ਛੋਟੇ ਤੇ ਉੱਦਮੀ ਕਿਸਾਨ ਜੈਵਿਕ ਖੇਤੀ ਦੇ ਇਸ ਸਫ਼ਰ ਵੱਲ ਆਪਣੇ ਕਦਮ ਵਧਾ ਰਹੇ ਹਨ ਤੇ ਜੈਵਿਕ ਖੇਤੀ ਅਤੇ ਰਸਾਇਣਿਕ ਖੇਤੀ 'ਚ ਵੱਡਾ ਅੰਤਰ ਦੇਖ ਰਹੇ ਹਨ। ਜੈਵਿਕ ਖੇਤੀ ਕਰਦੇ ਕੁਝ ਕਿਸਾਨਾਂ ਦਾ ਮੰਨਣਾ ਹੈ ਕਿ ਖੇਤਾਂ 'ਚ ਜੈਵਿਕ ਢੰਗ ਨਾਲ ਪੈਦਾ ਕੀਤੀਆਂ ਵਸਤੂਆਂ ਸਿਹਤ ਲਈ ਤਾਂ ਸੁਰੱਖਿਅਤ ਹਨ ਹੀ, ਇਸ ਦੇ ਨਾਲ-ਨਾਲ ਇਨ੍ਹਾਂ ਵਿਚ ਪੌਸ਼ਟਿਕ ਤੱਤ ਬਰਕਰਾਰ ਰਹਿੰਦੇ ਹਨ। ਕੁਝ ਵੱਡੇ ਕਿਸਾਨ ਆਪਣੇ ਖਾਣ ਲਈ ਜੈਵਿਕ ਢੰਗ ਨਾਲ ਤਿਆਰ ਜਿਣਸਾਂ ਦੀ ਵਰਤੋਂ ਕਰਨ ਲੱਗ ਪਏ ਹਨ ਪਰ ਅਜਿਹੇ ਕਿਸਾਨਾਂ ਨੂੰ ਬੇਨਤੀ ਹੈ ਕਿ ਉਹ ਸਿਰਫ਼ ਆਪਣੀ ਅਤੇ ਆਪਣੇ ਪਰਿਵਾਰ ਦੀ ਸਿਹਤ ਲਈ ਹੀ ਚਿੰਤਾਸ਼ੀਲ ਨਾ ਹੋਣ ਸਗੋਂ ਸਮਾਜ ਦੇ ਸਾਰੇ ਲੋਕਾਂ ਲਈ ਵੀ ਚੰਗੀ ਸਿਹਤ ਦੀ ਕਾਮਨਾ ਕਰਨ ਅਤੇ ਆਪਣੀ ਖੇਤੀ ਦਾ ਕੁਝ ਹਿੱਸਾ ਨਹੀਂ ਸਗੋਂ ਸਾਰੀ ਖੇਤੀ ਨੂੰ ਹੀ ਜੈਵਿਕ ਢੰਗ ਨਾਲ ਕਰਨ ਦੀ ਕੋਸ਼ਿਸ਼ ਕਰਨ।

ਕਿਸਾਨਾਂ 'ਤੇ ਹੈ ਅਹਿਮ ਜ਼ਿੰਮੇਵਾਰੀ

ਪੰਜਾਬ ਦੇ ਕੁਝ ਅਜਿਹੇ ਜ਼ਿਲ੍ਹੇ ਹਨ, ਜਿਨ੍ਹਾਂ ਨੂੰ ਖੇਤੀ ਜ਼ਹਿਰਾਂ ਕਰਕੇ ਕੈਂਸਰ ਜਿਹੀਆਂ ਜਾਨਲੇਵਾ ਬਿਮਾਰੀਆਂ ਲੱਗ ਚੁੱਕੀਆਂ ਹਨ। ਜਿੱਥੋਂ ਦੀ ਨਾ ਕੇਵਲ ਜ਼ਮੀਨ ਸਗੋਂ ਪਾਣੀ ਅਤੇ ਹਵਾ ਤੱਕ ਵੀ ਪੂਰੀ ਤਰ੍ਹਾਂ ਨਾਲ ਜ਼ਹਿਰੀਲੇ ਹੋ ਚੁੱਕੇ ਹਨ। ਇਸ ਸਾਰੀ ਸਥਿਤੀ ਨੂੰ ਤਾਂ ਹੀ ਕਾਬੂ 'ਚ ਕੀਤਾ ਜਾ ਸਕਦਾ ਹੈ, ਜੇ ਅਸੀਂ ਹੁਣ ਤੋਂ ਹੀ ਜ਼ਮੀਨ ਨੂੰ ਲਗਾਤਾਰ ਜ਼ਹਿਰਾਂ ਪਾਉਣ ਤੋਂ ਸਦਾ ਲਈ ਹਟ ਜਾਈਏ। ਭਾਵੇਂ ਅਸੀਂ ਰਸਾਇਣਕ ਖਾਦਾਂ ਤੇ ਜ਼ਹਿਰਾਂ ਦੀ ਦਲਦਲ 'ਚ ਬਹੁਤ ਜ਼ਿਆਦਾ ਧੱਸ ਚੁੱਕੇ ਹਾਂ ਪਰ ਅਜੇ ਵੀ ਸੰਭਲਿਆ ਜਾ ਸਕਦਾ ਹੈ। ਅਜੇ ਵੀ ਖੇਤੀ ਨੂੰ ਜੈਵਿਕ ਜਾਂ ਕੁਦਰਤੀ ਢੰਗ ਨਾਲ ਕੀਤਾ ਜਾ ਸਕਦਾ ਹੈ। ਕੁਦਰਤ ਨੇ ਸਾਨੂੰ ਕਦੇ ਵੀ ਜ਼ਹਿਰਾਂ ਦੀ ਵਰਤੋਂ ਕਰਨ ਲਈ ਸੱਦਾ ਨਹੀਂ ਦਿੱਤਾ। ਅਸੀਂ ਖ਼ੁਦ ਨੂੰ ਇੰਨਾ ਲਾਲਚੀ ਕਰ ਲਿਆ ਹੈ ਕਿ ਪੈਸੇ ਲਈ ਅਸੀਂ ਆਪਣੀ ਸਿਹਤ ਨਾਲ ਖੇਡਣ ਲੱਗੇ ਹਾਂ। ਇਕ ਤਾਂ ਕਿਸਾਨ ਇਨ੍ਹਾਂ ਜ਼ਹਿਰਾਂ ਦੀ ਵਰਤੋਂ ਕਰ ਕੇ ਆਪਣੇ ਖੇਤੀ ਖ਼ਰਚੇ ਵਧਾਉਂਦੇ ਹਨ ਅਤੇ ਦੂਜਾ ਇਨ੍ਹਾਂ ਨਾਲ ਪੈਦਾ ਹੋਈਆਂ ਖੇਤੀ ਜਿਣਸਾਂ ਨਾਲ ਹੋਰ ਦੂਜੇ ਲੋਕਾਂ ਨੂੰ ਵੀ ਜ਼ਹਿਰ ਖਾਣ ਲਈ ਮਜਬੂਰ ਕਰ ਰਹੇ ਹਾਂ। ਪਿਆਰੇ ਕਿਸਾਨ ਵੀਰੋ, ਆਓ ਅਸੀਂ ਕੁਦਰਤੀ ਢੰਗਾਂ ਨਾਲ ਕੀਤੀ ਖੇਤੀ ਯਾਨੀ ਜੈਵਿਕ ਖੇਤੀ ਕਰ ਕੇ ਆਪਣੀ ਕਿਸਾਨੀ ਨੂੰ ਪਹਿਲਾਂ ਤੋਂ ਵੀ ਵੱਧ ਪਵਿੱਤਰ ਬਣਾਈਏ। ਪਹਿਲਾਂ ਸਾਡੇ ਕਿਸਾਨ ਦੇ ਜ਼ਿੰਮੇ ਹਰ ਨਾਗਰਿਕ ਦਾ ਢਿੱਡ ਭਰਨ ਦਾ ਟੀਚਾ ਸੀ ਤੇ ਅੱਜ ਕਿਸਾਨ ਦੇ ਸਿਰ ਉਤੇ ਆਪਣੇ ਸੂਬੇ ਅਤੇ ਆਪਣੇ ਦੇਸ਼ ਦੇ ਲੋਕਾਂ ਦੀ ਸਿਹਤ ਪ੍ਰਤੀ ਆਪਣੀ ਪੂਰਨ ਵਫ਼ਾਦਾਰੀ ਨਿਭਾਉਣ ਦੀ ਅਹਿਮ ਜ਼ਿੰਮੇਵਾਰੀ ਹੈ। ਨਾ ਕਿਸਾਨ ਉਦੋਂ ਪਿੱਛੇ ਹਟਿਆ ਸੀ ਤੇ ਉਮੀਦ ਹੈ, ਨਾ ਹੀ ਕਿਸਾਨ ਅੱਜ ਆਪਣੀ ਜ਼ਿੰਮੇਵਾਰੀ ਤੋਂ ਪਿੱਛੇ ਹਟੇਗਾ। ਅੱਜ ਸਾਨੂੰ ਸਭ ਨੂੰ ਰਸਾਇਣਕ ਖੇਤੀ ਤੋਂ ਜੈਵਿਕ ਜਾਂ ਕੁਦਰਤੀ ਖੇਤੀ ਵੱਲ ਆਉਣ ਦੀ ਲੋੜ ਹੈ, ਤਾਂ ਜੋ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਸੁਰੱਖਿਅਤ ਭਵਿੱਖ ਦਾ ਨਿਰਮਾਣ ਕਰ ਸਕੀਏ।

-0-

ਗੁਰਮਤਿ ਸੰਜੋਗ

ਆਪ ਜੀ ਨੂੰ ਜਾਣ ਕੇ ਅਤਿ ਪ੍ਰਸੰਨਤਾ ਹੋਵੇਗੀ ਕਿ ਗੁਰਸਿੱਖ ਬੱਚੇ/ਬੱਚੀਆਂ ਦੇ ਵਿਆਹ / ਅਨੰਦ ਕਾਰਜਾਂ ਲਈ ਜੀ.ਜੀ.ਐਮ.ਸੀ. ਵਿਖੇ ਮਾਸਿੱਖ ਪੱਤਰ 'ਗੁਰਮਤਿ ਵਿਰਸਾ' ਰਾਹੀਂ ਉਪਰਾਲੇ ਕੀਤੇ ਜਾ ਰਹੇ ਹਨ। ਆਪ ਇਸ ਸੇਵਾ ਦਾ ਹੋਰ ਫਾਇਦਾ ਲੈਣ ਲਈ ਸੋਮਵਾਰ ਤੋਂ ਸ਼ੁੱਕਰਵਾਰ 12 ਤੋਂ 2 ਵਜੇ ਦੁਪਹਿਰ ਤਕ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ, ਜਵੱਦੀ ਵਿਖੇ ਮਿਲਣ ਦੀ ਕ੍ਰਿਪਾਲਤਾ ਕਰੋ ਜੀ। ਫਾਰਮ ਭਰਨ ਦੀ ਫੀਸ ਕੇਵਲ ਇਕ ਵਾਰ 600/- ਰੁਪਏ ਲਈ ਜਾਵੇਗੀ। ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ।



ਲਾੜੀ ਦੀ ਲੋੜ

ਫਾਰਮ ਨੰ. 378: Gursikh Issueless Divorcee, Jan. 1984, 5'-8" MBA, B.Tech, Working Top Company Mumbai, Very Decent Package, Required Homely, Unmarried/ Issueless, Divorcee/Widow Without Children Preferred. Parents Ludhiana Based. Contact: 98721-83880

ਫਾਰਮ ਨੰ. 379: ਲੁਧਿਆਣਾ ਵਾਸੀ, ਜਨਮ ਮਿਤੀ 1-6-1986, ਕੱਦ 5'-11", MBA, MDH ਕੰਪਨੀ ਵਿਚ ਨੌਕਰੀ, ਸੈਲਰੀ 33,000/- ਆਪਣਾ ਘਰ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98141-82370

ਫਾਰਮ ਨੰ. 380: ਭਿੱਖੀਵਿੰਡ ਵਾਸੀ, ਜਨਮ ਮਿਤੀ 8-12-1995, ਕੱਦ 5'-11", MA-History, Job in ICICI Bank, ਸੈਲਰੀ 28,000/- 5 ਏਕੜ ਜ਼ਮੀਨ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 85679-70737

ਫਾਰਮ ਨੰ. 381: ਲੁਧਿਆਣਾ ਵਾਸੀ, ਜਨਮ ਮਿਤੀ 12-12-1993, ਕੱਦ 5'-6", +2, ਆਪਣੀ ਗੋਲਡ ਜਵੈਲਰੀ ਦੀ ਦੁਕਾਨ, ਸੰਪਰਕ: 81465-40125, 82890-80662

ਫਾਰਮ ਨੰ. 383: ਲੁਧਿਆਣਾ ਵਾਸੀ, ਜਨਮ ਮਿਤੀ 10-02-1991, ਕੱਦ 5'-8", B.Tech (Mech.) ਆਪਣਾ ਕਾਰੋਬਾਰ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 98146-47179

ਫਾਰਮ ਨੰ. 384: ਜਨਮ ਮਿਤੀ 27-10-1991, ਕੱਦ 5'-9", BBA, ਆਪਣਾ ਕਾਰੋਬਾਰ Running Hotel on Lease ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 70096-42659

ਫਾਰਮ ਨੰ. 385: ਅਮਰੀਕਾ ਨਾਗਰਿਕ, ਜਨਮ ਮਿਤੀ 01-05-1996, ਕੱਦ 5'-9", Qualification B-Pharmacy, ਲਈ ਯੋਗ ਲੜਕੀ ਦੀ ਲੋੜ ਹੈ ਨਰਸਿੰਗ ਕੀਤੀ ਲੜਕੀ ਨੂੰ ਪਹਿਲ। ਸੰਪਰਕ: 99887-78082, +1-848-235-8564

ਫਾਰਮ ਨੰ. 386: ਲੁਧਿਆਣਾ ਵਾਸੀ, ਜਨਮ ਮਿਤੀ 31-7-1993, ਕੱਦ 5'-7", Qualification 10+2, Private Job Electrical Material Marketing Salary 45,000/- ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 95017-44821

ਫਾਰਮ ਨੰ. 387: ਲੁਧਿਆਣਾ ਵਾਸੀ, ਜਨਮ ਮਿਤੀ 25-12-1990, ਕੱਦ 6'-0", Qualification B.Sc., own Medical Shop & many other properties, Good Income ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 99885-18270, 85286-59090

ਫਾਰਮ ਨੰ. 388: ਲੁਧਿਆਣਾ ਵਾਸੀ, ਜਨਮ ਮਿਤੀ 04-08-1995, ਕੱਦ 5'-10", Qualification +2, Private Job, Salary 18000/- ਅੰਮ੍ਰਿਤਧਾਰੀ ਲਈ ਅੰਮ੍ਰਿਤਧਾਰੀ, ਦੁਮਾਲਾ ਵਾਲੀ ਯੋਗ ਲੜਕੀ ਦੀ ਲੋੜ ਹੈ। ਸੰਪਰਕ: 93592-20005, 75084-21123

ਫਾਰਮ ਨੰ. 389: ਲੁਧਿਆਣਾ ਵਾਸੀ, ਜਨਮ ਮਿਤੀ 01-07-1991, ਕੱਦ 5'-6", Qualification B.A, Occupation Accountant ਲਈ ਗੁਰਸਿੱਖ, ਅੰਮ੍ਰਿਤਧਾਰੀ, ਲੜਕੀ ਦੀ ਲੋੜ ਹੈ। ਸੰਪਰਕ 99880-41300, 99154-41932

ਫਾਰਮ ਨੰ. 390: ਲੁਧਿਆਣਾ ਵਾਸੀ, ਜਨਮ ਮਿਤੀ 26-5-1993, ਕੱਦ 5'-7", Qualification Master in Big Analytics (Hons.) Occupation Data Analytics at Canada Post ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 95018-79056

ਫਾਰਮ ਨੰ. 391: ਲੁਧਿਆਣਾ ਵਾਸੀ, ਜਨਮ ਮਿਤੀ 4-7-1995, ਕੱਦ 5'-6", Qualification BA, Business Own Pipe Shop at Ludhiana ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 94643-54516, 98729-36952

ਫਾਰਮ ਨੰ. 391: ਸਰਹਿੰਦ ਵਾਸੀ, ਜਨਮ ਮਿਤੀ 14-11-1993, ਕੱਦ 5'-10", Qualification B.Com, Private Job Assistant Agriculture Department ਲਈ ਯੋਗ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ 95404-89803

ਫਾਰਮ ਨੰ. 392: ਲੁਧਿਆਣਾ ਵਾਸੀ, ਜਨਮ ਮਿਤੀ 12-11-94, ਕੱਦ 5'-4", Qualification B.com, MBA, Business, ਲਈ ਯੋਗ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98885-17812

ਫਾਰਮ ਨੰ. 395: ਲੁਧਿਆਣਾ ਵਾਸੀ, ਜਨਮ ਮਿਤੀ 2 ਅਪ੍ਰੈਲ 1992, ਕੱਦ 5'-8", ਪੜ੍ਹਾਈ MA (Pol Science), ਆਪਣਾ ਕਾਰੋਬਾਰ, ਆਮਦਨ 1.50 ਲੱਖ ਮਹੀਨਾ, ਗੁਰਸਿੱਖ ਲੜਕੇ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ : 78891-78322, 98155-68161 (ਵਟਸਐਪ)

ਫਾਰਮ ਨੰ. 396: ਹੁਸ਼ਿਆਰਪੁਰ ਵਾਸੀ, ਜਨਮ ਮਿਤੀ 27-08-1994, ਕੱਦ 6'-1", MBBS Doctor, Currently working on CMO post in ESI Hospital Delhi, ਅੰਮ੍ਰਿਤਧਾਰੀ ਲੜਕੇ ਲਈ ਯੋਗ ਅੰਮ੍ਰਿਤਧਾਰੀ ਲੜਕੀ ਦੀ ਲੋੜ ਹੈ। ਸੰਪਰਕ : 94170-41847

ਫਾਰਮ ਨੰ. 398: ਲੁਧਿਆਣਾ ਵਾਸੀ, ਜਨਮ ਮਿਤੀ 20-12-1994, ਕੱਦ 5'-6", B.com, Business Electrical Shop, Income 8-10 Lacs Per Annum, ਅੰਮ੍ਰਿਤਧਾਰੀ ਲੜਕੇ ਲਈ ਯੋਗ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ : 90447-72948 -0-

ਫਾਰਮ ਨੰ. 399: ਫਗਵਾੜਾ ਵਾਸੀ, ਜਨਮ ਮਿਤੀ 1999, ਕੱਦ 6'-2", 10+2, 50 ਏਕੜ ਜ਼ਮੀਨ, ਅਮਰੀਕਾ ਤੇ ਕੈਨੇਡਾ ਦਾ 10 ਸਾਲਾ ਵੀਜ਼ਾ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ : 99140-08017

ਫਾਰਮ ਨੰ. 400

ਲੁਧਿਆਣਾ ਵਾਸੀ, ਜਨਮ ਮਿਤੀ 02-08-1999 ਕੱਦ 5'-6" Qualification B.com., Garments Manufacturers & Supplier, Own Shop, Income 18-20 Lakh (Annual) ਲੜਕੇ ਲਈ ਯੋਗ ਸੁੰਦਰ ਲੜਕੀ ਦੀ ਲੋੜ ਹੈ। ਸੰਪਰਕ: 98556-00610, 78891-59434

ਫਾਰਮ ਨੰ. 401

ਲੁਧਿਆਣਾ ਵਾਸੀ, ਜਨਮ ਮਿਤੀ 20-07-2000, ਕੱਦ 5'-11" Qualification Hotel Management Degree, Business- Fast Food Cart, Income 3-4 Lakh (Annual) ਗੁਰਸਿੱਖ ਅੰਮ੍ਰਿਤਧਾਰੀ ਲੜਕੇ ਲਈ ਯੋਗ ਸੁੰਦਰ ਲੜਕੀ ਦੀ ਲੋੜ ਹੈ। ਸੰਪਰਕ- 79865-80627, 78887-11163

ਫਾਰਮ ਨੰ. 402

ਕਥਾਵਾਚਕ, ਪ੍ਰਚਾਰਕ ਤੇ ਸਮਾਜ ਸੇਵੀ ਅੰਮ੍ਰਿਤਧਾਰੀ ਲੜਕਾ, ਉਮਰ 35 ਸਾਲ, ਕੱਦ 5'-8" ਪਹਿਲੀ ਪਤਨੀ ਅਕਾਲ ਚਲਾਣਾ ਕਰ ਗਈ, ਲਈ ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਵਾਲੀ, ਅੰਮ੍ਰਿਤਧਾਰੀ ਲੜਕੀ ਦੀ ਲੋੜ ਹੈ। ਸੰਪਰਕ: 98968-43836

ਫਾਰਮ ਨੰ. 403

ਅਮਰੀਕਾ ਸਿਟੀਜਨ, ਜਨਮ ਮਿਤੀ 01-05-1997, ਕੱਦ 5'-10" G Pharmacy Well Educated ਅੰਮ੍ਰਿਤਧਾਰੀ ਲੜਕੇ ਲਈ ਯੋਗ ਸੁੰਦਰ ਲੜਕੀ ਦੀ ਲੋੜ ਹੈ। ਸੰਪਰਕ- 9988778082, 8482358564

-0-

ਲਾੜੇ ਦੀ ਲੋੜ

ਫਾਰਮ ਨੰ. 364: ਲੁਧਿਆਣਾ ਵਾਸੀ, ਤਲਾਕਸ਼ੁਦਾ ਲੜਕੀ, ਜਨਮ ਮਿਤੀ 11-11-1988, B.A., E.T.T., N.T.T. Govt. Teacher ਲਈ ਲੜਕੇ ਦੀ ਲੋੜ ਹੈ। ਕੇਵਲ ਲੁਧਿਆਣਾ ਜ਼ਿਲ੍ਹੇ ਵਾਲੇ ਹੀ ਸੰਪਰਕ ਕਰਨ: 95018-94943, 98765-55925

ਫਾਰਮ ਨੰ. 394: ਲੁਧਿਆਣਾ ਵਾਸੀ, ਜਨਮ 1982, B.A., Fashion Designer ਲਈ ਯੋਗ ਵਰ ਦੀ ਲੋੜ ਹੈ। ਸੰਪਰਕ: 99153-12064

ਫਾਰਮ ਨੰ. 397: ਹੁਸ਼ਿਆਰਪੁਰ ਵਾਸੀ, ਜਨਮ ਮਿਤੀ 13-09-1993, ਕੱਦ 5'-7" MBBS Doctor, Currently working in Apollo Hospital, Delhi ਲਈ ਯੋਗ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਸੰਪਰਕ : 94170-41847

-0-

ਸਤੰਬਰ ਮਹੀਨੇ ਦੀਆਂ ਸਰਗਰਮੀਆਂ

ਮਾਝਾ:-

1. ਤਰਨਤਾਰਨ (94654-93275)- ਕੇਂਦਰ ਦੇ ਪ੍ਰਚਾਰਕ ਭਾਈ ਦਵਿੰਦਰ ਸਿੰਘ ਵਲੋਂ ਇੱਕ ਸਕੂਲ ਅਤੇ 3 ਪਿੰਡਾਂ ਵਿੱਚ ਹਫਤਾਵਾਰੀ ਗੁਰਮਤਿ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। 8 ਪਿੰਡਾਂ ਵਿੱਚ ਸੰਗਤ ਨੂੰ ਧਾਰਮਿਕ ਫਿਲਮਾਂ ਦਿਖਾਈਆਂ ਗਈਆਂ।

2. ਮਾਲੂਵਾਲ (98885-20250)- ਕੇਂਦਰ ਦੇ ਪ੍ਰਚਾਰਕ ਭਾਈ ਨਿਰਮਲ ਸਿੰਘ ਵਲੋਂ 8 ਪਿੰਡਾਂ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

3. ਪਰਿੰਗੜੀ (95923-67125, 98718-09216)- ਕੇਂਦਰ ਦੇ ਪ੍ਰਚਾਰਕ ਭਾਈ ਗੁਰਪ੍ਰੀਤ ਸਿੰਘ ਵਲੋਂ ਹਰ ਐਤਵਾਰ ਨੂੰ ਬੱਚਿਆਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਜਾਂਦੀ ਹੈ। ਹਰ ਸ਼ਨਿਚਰਵਾਰ ਨੂੰ ਗ੍ਰੰਥੀ ਸਿੰਘ ਭਾਈ ਜਸਵਿੰਦਰ ਸਿੰਘ ਅਤੇ ਭਾਈ ਗੁਰਸੇਵਕ ਸਿੰਘ ਜੀ ਗੁਰਬਾਣੀ ਸੰਥਿਆ ਦੀ ਕਲਾਸ ਲਗਾਉਂਦੇ ਹਨ। ਦੋਵੇਂ ਦਿਨਾਂ ਵਿੱਚ ਤਕਰੀਬਨ 30-40 ਵਿਦਿਆਰਥੀ ਹਾਜ਼ਰੀ ਭਰਦੇ ਹਨ।

4. ਭੈਲ ਢਾਏ ਵਾਲਾ (ਤਰਨਤਾਰਨ) (73476-95174)- ਕੇਂਦਰ ਦੇ ਪ੍ਰਚਾਰਕ ਭਾਈ ਹਰਦੀਪ ਸਿੰਘ ਵਲੋਂ ਹਰ ਰੋਜ਼ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਹਰ ਐਤਵਾਰ ਗੁਰਦੁਆਰਾ ਸਾਹਿਬ ਵਿਖੇ ਸੁਖਮਨੀ ਸਾਹਿਬ ਦਾ ਪਾਠ ਹੁੰਦਾ ਹੈ। 1 ਸਤੰਬਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ ਮਨਾਇਆ ਗਿਆ। 18 ਸਤੰਬਰ ਨੂੰ ਸ੍ਰੀ ਗੁਰੂ ਅੰਗਦ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ ਆਰੰਭ ਕੀਤੇ ਸਹਿਜ ਪਾਠ ਦੀ ਸਮਾਪਤੀ ਕੀਤੀ ਗਈ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ ਅਤੇ ਇੱਕ ਬੱਚੇ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

ਮਾਲਵਾ:-

5. ਗਰੇਸ ਪਬਲਿਕ ਸਕੂਲ (98149-25551)- ਪ੍ਰਚਾਰਕ ਬੀਬੀ ਪਰਮਜੀਤ ਕੌਰ ਵਲੋਂ ਗਰੇਸ ਪਬਲਿਕ ਸਕੂਲ ਵਿਖੇ ਸਵੇਰ ਦੀ ਸਭਾ ਵਿੱਚ ਜਪੁ ਜੀ ਸਾਹਿਬ ਤੇ ਬਸੰਤ ਦੀ ਵਾਰ ਦਾ ਪਾਠ ਕਰਵਾਇਆ ਜਾਂਦਾ ਹੈ। ਗੁਰਮਤਿ ਵਿਦਿਆ ਦੇ ਨਾਲ ਨਾਲ ਸਕੂਲ ਵਿੱਚ ਬੱਚਿਆਂ ਨੂੰ ਨੈਤਿਕ ਵਿਦਿਆ ਵੀ ਦਿੱਤੀ ਜਾਂਦੀ ਹੈ। ਗੁਰਗੱਦੀ ਸ੍ਰੀ ਗੁਰੂ ਅਰਜਨ ਸਾਹਿਬ ਜੀ, ਜੋਤੀ ਜੋਤ ਸ੍ਰੀ ਗੁਰੂ ਰਾਮਦਾਸ ਜੀ, ਪ੍ਰਕਾਸ਼ ਪੁਰਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਦਿ ਧਾਰਮਿਕ ਦਿਹਾੜੇ ਸੰਬੰਧੀ ਅਸੈਂਬਲੀ ਵਿੱਚ ਬੱਚਿਆਂ ਨਾਲ ਲੈਕਚਰ ਕੀਤੇ ਗਏ। ਸਕੂਲ ਵਿੱਚ ਬੱਚਿਆਂ ਨੂੰ ਸਹਿਜ ਪਾਠ ਨਾਲ ਵੀ ਜੋੜਿਆ ਜਾਂਦਾ ਹੈ। 125 ਬੱਚੇ ਸਹਿਜ ਪਾਠ ਕਰ ਰਹੇ ਹਨ ਅਤੇ 4 ਬੱਚਿਆਂ ਨੇ ਸਹਿਜ ਪਾਠ ਦੀ ਸਮਾਪਤੀ ਕੀਤੀ ਹੈ। 22 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ 4 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

6. ਗਲੋਟੀ (84279-18013)- ਕੇਂਦਰ ਦੇ ਪ੍ਰਚਾਰਕ ਭਾਈ ਰਣਵੀਰ ਸਿੰਘ ਵਲੋਂ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਰੋਜ਼ਾਨਾ ਸਵੇਰੇ ਤੇ ਸ਼ਾਮ ਨੂੰ ਕਥਾ-ਵਿਚਾਰ ਕੀਤੀ ਜਾਂਦੀ ਹੈ। ਭਾਈ ਸਾਹਿਬ ਗ੍ਰੰਥੀ ਸਿੰਘ ਦੀ ਡਿਊਟੀ ਵੀ ਨਿਭਾ ਰਹੇ ਹਨ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

7. ਪਟਿਆਲਾ (88378-04927)- ਪ੍ਰਚਾਰਕ ਬੀਬੀ ਸੁਖਮਨੀ ਕੌਰ ਵਲੋਂ ਹਰ ਰੋਜ ਪਿੰਡ ਬੱਲਰਾਂ ਵਿਖੇ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਹਰ ਰੋਜ ਸ਼ਾਮ ਨੂੰ ਬੱਚਿਆਂ ਨੂੰ ਸੰਥਿਆ ਅਤੇ ਦਸਤਾਰ ਸਿਖਲਾਈ ਦਿੱਤੀ ਜਾਂਦੀ ਹੈ। ਬੱਚਿਆਂ ਨੂੰ ਸਹਿਜ ਪਾਠ ਵੀ ਕਰਵਾਇਆ ਜਾਂਦਾ ਹੈ। ਸਵੇਰ ਅਤੇ ਸ਼ਾਮ ਦੇ ਦੀਵਾਨਾਂ ਦੀ ਸੇਵਾ ਬੱਚਿਆਂ ਪਾਸੋਂ ਕਰਵਾਈ ਜਾਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਦਿਵਸ 'ਤੇ ਸੰਗਤਾਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਅਤੇ ਕੀਰਤਨ ਦੀ ਸੇਵਾ ਨਿਭਾਈ ਗਈ।

8. ਪਟਿਆਲਾ (87289-34413)- ਪ੍ਰਚਾਰਕ ਬੀਬੀ ਬਲਜੀਤ ਕੌਰ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਮੁਖ ਰਖਦਿਆਂ ਸੁਖਮਨੀ ਸਾਹਿਬ ਅਤੇ ਕੀਰਤਨ ਦੇ ਦਰਬਾਰ (ਦੀਵਾਨ) ਬੀਬੀਆਂ ਪਾਸੋਂ ਸਜਾਏ ਗਏ। ਸ਼ਾਮ ਦੇ ਦੀਵਾਨਾਂ ਵਿੱਚ ਰਹਿਰਾਸ ਸਾਹਿਬ, ਅਰਦਾਸ, ਹੁਕਮਨਾਮਾ ਸਾਹਿਬ ਅਤੇ ਸੁਖਆਸਨ ਦੀ ਸੇਵਾ ਬੱਚਿਆਂ ਵਲੋਂ ਨਿਭਾਈ ਜਾਂਦੀ ਹੈ। ਗੁਰਮਤਿ ਮੁਕਾਬਲਿਆਂ ਲਈ ਬੱਚਿਆਂ ਨੂੰ ਤਿਆਰੀ ਕਰਵਾਈ ਜਾਂਦੀ ਹੈ।

9. ਲਤਾਲਾ (98556-27927)- ਕੇਂਦਰ ਦੇ ਪ੍ਰਚਾਰਕ ਭਾਈ ਰੁਪਿੰਦਰ ਸਿੰਘ ਵੱਲੋਂ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਜੀ ਦੀ ਸ਼ਹਾਦਤ ਨੂੰ ਸਮਰਪਿਤ ਲਾਇਬ੍ਰੇਰੀ ਕਾਲਖ ਵਿਖੇ ਬੱਚਿਆਂ ਦੇ ਸਵਾਲ ਜਵਾਬ ਮੁਕਾਬਲੇ ਕਰਵਾਏ ਗਏ, ਜੇਤੂ ਬੱਚਿਆਂ ਨੂੰ ਸਟੇਸ਼ਨਰੀ ਦਾ ਸਮਾਨ ਵੰਡਿਆ ਗਿਆ, ਸਰਕਾਰੀ ਹਾਈ ਸਕੂਲ ਰੰਗੂਵਾਲ ਅਤੇ ਮਿਡਲ ਸਕੂਲ ਰਾਜਗੜ੍ਹ ਵਿਖੇ ਇਤਿਹਾਸ ਦੀ ਜਾਣਕਾਰੀ ਸਾਂਝੀ ਕੀਤੀ ਗਈ। ਕੇਂਦਰ ਲਤਾਲਾ ਦੇ ਵਿਦਿਆਰਥੀਆਂ ਤੇ ਮਾਪਿਆਂ ਨਾਲ ਗੁਰਬਾਣੀ ਵਿਚਾਰ ਸਾਂਝੇ ਕੀਤੇ ਗਏ। 15 ਬੱਚੇ ਸਹਿਜ ਪਾਠ ਕਰ ਰਹੇ ਹਨ ਅਤੇ 13 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ।

10. ਮਹਾਂ ਸਿੰਘ ਨਗਰ (98149-25551)- ਪ੍ਰਚਾਰਕ ਬੀਬੀ ਪਰਮਜੀਤ ਕੌਰ ਵਲੋਂ ਸ਼ਾਮ ਵੇਲੇ ਬੱਚਿਆਂ ਦੀ ਗੁਰਮਤਿ ਦੀ ਕਲਾਸ ਲਗਾਈ ਜਾਂਦੀ ਹੈ, ਜਿਸ ਵਿੱਚ ਬੱਚਿਆਂ ਨੂੰ ਮੁੱਢਲੀ ਜਾਣਕਾਰੀ ਅਤੇ ਇਤਿਹਾਸ ਨਾਲ ਜੋੜਿਆ ਜਾਂਦਾ ਹੈ। ਬੱਚਿਆਂ ਨੂੰ ਰਹਿਰਾਸੁ ਸਾਹਿਬ ਦਾ ਪਾਠ ਕੰਠ ਕਰਵਾਇਆ ਜਾਂਦਾ ਹੈ। ਬੱਚਿਆਂ ਨੂੰ ਗੁਰਮਤਿ ਮੁਕਾਬਲਿਆਂ ਲਈ ਤਿਆਰ ਕੀਤਾ ਜਾਂਦਾ ਹੈ। ਇਸ ਮਹੀਨੇ ਪਹਿਲਾ ਪ੍ਰਕਾਸ਼ ਪੁਰਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਵਿਆਹ ਪੁਰਬ ਸ੍ਰੀ ਗੁਰੂ ਨਾਨਕ ਸਾਹਿਬ ਜੀ ਬਾਰੇ ਬੱਚਿਆਂ ਨਾਲ ਵਿਚਾਰ ਸਾਂਝੇ ਕੀਤੇ ਗਏ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ, ਇੱਕ ਬੱਚੇ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ।

11. ਗੁੱਜਰਵਾਲ (94655-66666)- ਕੇਂਦਰ ਦੇ ਪ੍ਰਚਾਰਕ ਭਾਈ ਅਮਰਪ੍ਰੀਤ ਸਿੰਘ ਗੁੱਜਰਵਾਲ ਵਲੋਂ 10 ਸਕੂਲਾਂ ਵਿੱਚ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿੱਚ ਵਿਦਿਆਰਥੀਆਂ ਨੂੰ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ। 4 ਪਿੰਡਾਂ ਵਿੱਚ ਹੋਏ ਗੁਰਮਤਿ ਸਮਾਗਮਾਂ ਵਿੱਚ ਕਥਾ-ਵੀਚਾਰ ਕੀਤੀ ਗਈ। 2 ਪਿੰਡਾਂ ਵਿੱਚ ਗੁਰਮਤਿ ਕੈਂਪ ਲਗਾਏ ਗਏ। 20 ਬੱਚੇ ਸਹਿਜ ਪਾਠ ਕਰ ਰਹੇ ਹਨ ਅਤੇ ਇੱਕ ਬੱਚੇ ਨੇ ਕੇਸਾਂ ਦੀ

ਸੰਭਾਲ ਆਰੰਭ ਕੀਤੀ ਹੈ।

ਦੁਆਬਾ:-

12. ਚੱਕ ਕਲਾਂ (75088-51496)- ਪ੍ਰਚਾਰਕ ਭਾਈ ਤਰਲੋਚਨ ਸਿੰਘ ਵਲੋਂ 3 ਪਿੰਡਾਂ ਵਿੱਚ ਅਤੇ ਸੈਂਟ ਜੋਨਸ ਅਕੈਡਮਿਕ ਸਕੂਲ ਸ਼ੰਕਰ ਵਿਖੇ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਮਤਿ ਦੀ ਸੇਧ ਦੇ ਰਹੇ ਹਨ। ਪਿੰਡ ਦੇ ਦੋ ਗੁਰਦੁਆਰਿਆਂ ਵਿੱਚ ਗੁਰਮਤਿ ਕਲਾਸ ਦੇ ਨਾਲ-ਨਾਲ ਕੀਰਤਨ ਦੀ ਕਲਾਸ ਤੇ ਗਤਕੇ ਦੀ ਕਲਾਸ ਵੀ ਲਗਾਈ ਜਾਂਦੀ ਹੈ। ਕੇਂਦਰ ਦੇ ਦੋ ਗੁਰਦੁਆਰਿਆਂ ਗੁਰਦੁਆਰਾ ਸਿੰਘ ਸਭਾ ਤੇ ਗੁਰਦੁਆਰਾ ਸਾਹਿਬ ਫਲਾਹੀ ਵਾਲਾ ਵਿਖੇ ਬੱਚਿਆਂ ਦੀ ਗੁਰਮਤਿ ਕਲਾਸ ਤੇ ਕੀਰਤਨ ਦੀ ਕਲਾਸ ਲਗਾਈ ਜਾਂਦੀ ਹੈ। ਹਰ ਰੋਜ ਵੱਡੀ ਸੰਗਤ ਦੀ ਗੁਰਬਾਣੀ ਸੰਥਿਆ ਤੇ ਵੀਚਾਰ ਦੀ ਕਲਾਸ ਵੀ ਲਗਾਈ ਜਾਂਦੀ ਹੈ। ਇਸ ਮਹੀਨੇ ਪਿੰਡ ਜਮੀਤਪੁਰ ਢੇਰੂ ਫਿਰੋਜਪੁਰ ਵਿਖੇ 3 ਦਿਨ ਗੁਰਮਤਿ ਵਿਚਾਰਾਂ ਦੀ ਸਾਂਝ ਕੀਤੀ ਗਈ। 3 ਪ੍ਰਾਣੀਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ ਅਤੇ ਇੱਕ ਬੱਚੀ ਹਰਲੀਨ ਕੌਰ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ।

13. ਚੱਕ ਸਿੰਘਾ (98553-99892)- ਪ੍ਰਚਾਰਕ ਭਾਈ ਪ੍ਰਭਸ਼ਰਨਜੀਤ ਸਿੰਘ ਵਲੋਂ ਗੁਰਦੁਆਰਾ ਸਾਹਿਬ ਵਿਖੇ ਹਰ ਰੋਜ਼ ਸਵੇਰੇ-ਸ਼ਾਮ ਨਿਤਨੇਮ ਅਤੇ ਹੁਕਮਨਾਮੇ ਦੀ ਕਥਾ-ਵਿਚਾਰ ਕੀਤੀ ਜਾਂਦੀ ਹੈ। ਹਰ ਰੋਜ ਸ਼ਾਮ ਨੂੰ ਬੱਚਿਆਂ ਦੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। ਗੁਰਦੁਆਰਾ ਸਾਹਿਬ ਵਿੱਚ ਹਫਤਾਵਾਰੀ ਗੁਰਮਤਿ ਸਮਾਗਮ ਕੀਤਾ ਜਾਂਦਾ ਹੈ।

14. ਅੱਪਰਾ (85280-78722)- ਪ੍ਰਚਾਰਕ ਭਾਈ ਨਰਿੰਦਰ ਸਿੰਘ ਵਲੋਂ ਹਰ ਹਫਤੇ 6 ਪਿੰਡਾਂ ਵਿੱਚ ਅਤੇ 3 ਸਕੂਲਾਂ ਵਿੱਚ ਗੁਰਬਾਣੀ ਸੰਥਿਆ ਅਤੇ ਨੈਤਿਕ ਸਿਖਿਆ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਗੁਰਦੁਆਰਾ ਕਲਗੀਧਰ ਸਾਹਿਬ (ਅੱਪਰਾ) ਵਿਖੇ ਹਰ ਐਤਵਾਰ ਨੂੰ ਲੜੀਵਾਰ ਵਿਚਾਰਾਂ ਕੀਤੀਆਂ ਜਾਂਦੀਆਂ ਹਨ।

15. ਕਾਲੇਵਾਲ ਲੱਲੀਆਂ (79017-79345)- ਪ੍ਰਚਾਰਕ ਭਾਈ ਜਸਵੰਤ ਸਿੰਘ ਵਲੋਂ ਗੁਰਦੁਆਰਾ ਸ਼ਹੀਦਾਂ ਸਿੰਘਾਂ ਪਿੰਡ ਕਾਲੇਵਾਲ ਲੱਲੀਆਂ ਵਿਖੇ ਰੋਜਾਨਾ ਹੁਕਮਨਾਮਾ ਸਾਹਿਬ ਦੀ ਕਥਾ ਵਿਚਾਰ ਕੀਤੀ ਜਾਂਦੀ ਹੈ। ਗੁਰਦੁਆਰਾ ਸਾਹਿਬ ਵਿਖੇ ਅੰਮ੍ਰਿਤ ਵੇਲੇ ਸ਼ਬਦ ਵੀਚਾਰ ਦੀ ਸੇਵਾ ਨਿਭਾਈ ਜਾਂਦੀ ਹੈ।

ਪੰਜਾਬ ਤੋਂ ਬਾਹਰ ਦੇ ਕੇਂਦਰ-

16. ਸਿੰਬਲ ਕੈਂਪ (ਜੰਮੂ) (90865-31984)- ਪ੍ਰਚਾਰਕ ਭਾਈ ਪੁਸ਼ਪਿੰਦਰ ਸਿੰਘ ਵਲੋਂ ਸਵੇਰੇ 9 ਵਜੇ ਤੋਂ 10.30 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਸਿੰਘਪੁਰਾ ਮੁਰਾਲੀਆਂ ਵਿਖੇ, 12 ਵਜੇ ਤੋਂ 1.30 ਵਜੇ ਤੱਕ ਗੁਰਦੁਆਰਾ ਸਾਹਿਬ ਮਮਕਾ ਵਿਖੇ, 4 ਵਜੇ ਤੋਂ 5.30 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਫਿੰਦੜ ਆਰ. ਐਸ. ਪੁਰਾ ਵਿਖੇ ਬੱਚਿਆਂ ਦੀ ਗੁਰਮਤਿ ਦੀ ਕਲਾਸ ਲਗਾਈ ਜਾਂਦੀ ਹੈ ਅਤੇ ਨਾਲ ਹੀ ਗੁਰਬਾਣੀ ਦੀ ਸੰਥਿਆ ਵੀ ਕਰਵਾਈ ਜਾਂਦੀ ਹੈ।

17. ਦੁਰਗ (ਛੱਤੀਸਗੜ੍ਹ) (98821-42424)- ਪ੍ਰਚਾਰਕ ਭਾਈ ਕੰਵਲਪ੍ਰੀਤ ਸਿੰਘ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨਾਨਕ ਪਥ, ਦੁਰਗ ਛੱਤੀਸਗੜ੍ਹ ਵਿਖੇ ਰੋਜਾਨਾ ਅੰਮ੍ਰਿਤ ਵੇਲੇ ਹੁਕਮਨਾਮਾ ਸਾਹਿਬ ਦੀ ਵਿਚਾਰ ਕੀਤੀ ਜਾਂਦੀ ਹੈ।

18. ਜਮਸ਼ੇਦਪੁਰ (ਟਾਟਾ ਨਗਰ)- ਪ੍ਰਚਾਰਕ ਭਾਈ ਹਰਵਿੰਦਰ ਸਿੰਘ ਜਮਸ਼ੇਦਪੁਰੀ ਵਲੋਂ ਸੰਗਤ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾ ਰਹੀ ਹੈ। ਗੁਰਦੁਆਰਾ ਸਾਹਿਬ ਜੈਮਕੋ ਅਜਾਦ ਬਸਤੀ ਵਿਖੇ ਭਾਈ ਸਾਹਿਬ ਵਲੋਂ ਸੰਗਤ ਨਾਲ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ।


19. ਗੁਰਦੁਆਰਾ ਸਿੱਖ ਸੰਗਤ ਦਮ ਦਮ (ਕਲਕੱਤਾ)- ਪ੍ਰਚਾਰਕ ਭਾਈ ਅੰਗਰੇਜ ਸਿੰਘ ਵਲੋਂ ਹਰ ਰੋਜ਼ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ ਅਤੇ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ।

-0-

ਦਿਲ ਲਈ ਲਾਭਦਾਇਕ ਹੈ ਲੌਕੀ

ਲੌਕੀ ਵਿਚ ਵਿਟਾਮਿਨ 'ਏ', 'ਬੀ' ਅਤੇ 'ਸੀ' ਦੀ ਭਰਪੂਰ ਮਾਤਰਾ ਮਿਲਦੀ ਹੈ। ਗਰਮ ਸੁਭਾਅ ਵਾਲੇ ਲੋਕਾਂ ਲਈ ਲੌਕੀ ਦਾ ਸੇਵਨ ਠੰਢਕ ਅਤੇ ਪੋਸ਼ਣ ਦੇਣ ਵਾਲਾ ਅਤੇ ਵਧੇਰੇ ਹਿਤਕਾਰੀ ਹੈ। ਹਮੇਸ਼ਾਂ ਨਰਮ, ਸਫ਼ੈਦ ਲੌਕੀ ਦਾ ਹੀ ਸੇਵਨ ਕਰਨਾ ਚਾਹੀਦਾ ਹੈ।

ਲੌਕੀ ਦਿਲ ਲਈ ਲਾਭਦਾਇਕ ਹੁੰਦੀ ਹੈ। ਇਹ ਪਿੱਤ, ਕਫ ਨੂੰ ਨਸ਼ਟ ਕਰਦੀ ਹੈ। ਸਰੀਰ ਨੂੰ ਤਾਕਤ ਪ੍ਰਦਾਨ ਕਰਦੀ ਹੈ। ਔਰਤਾਂ ਲਈ ਇਹ ਵਧੇਰੇ ਤਾਕਤ ਦੇਣ ਵਾਲੀ ਹੈ। ਇਸ ਦੇ ਸੇਵਨ ਨਾਲ ਕਬਜ਼ ਆਦਿ ਦੂਰ ਰਹਿੰਦੀ ਹੈ।



ਲੌਕੀ ਨੂੰ ਕੱਟ ਕੇ, ਦੋ ਟੁਕੜੇ ਕਰਕੇ ਸਿਰ 'ਤੇ ਬੰਨ੍ਹਣ ਨਾਲ ਦਿਮਾਗ ਵਿਚ ਚੜ੍ਹੀ ਹੋਈ ਗਰਮੀ ਉਤਰ ਜਾਂਦੀ ਹੈ। ਲੌਕੀ ਨੂੰ ਕੱਦੂਕਸ ਕਰਕੇ ਸਿਰ ਅਤੇ ਮੱਥੇ 'ਤੇ ਬੰਨ੍ਹਣ ਨਾਲ ਬੁਖਾਰ ਦੀ ਗਰਮੀ ਖਤਮ ਹੁੰਦੀ ਹੈ। ਜੇਕਰ ਬੁਖਾਰ ਦੀ ਗਰਮੀ ਦਿਮਾਗ ਵਿਚ ਚੜ੍ਹ ਜਾਵੇ, ਇਸ ਦੇ ਲਈ ਜ਼ਿਆਦਾ ਬੁਖਾਰ ਵਿਚ ਲੌਕੀ ਨੂੰ ਛਿੱਲ ਕੇ ਸਿਰ ਅਤੇ ਮੱਥੇ 'ਤੇ ਬੰਨ੍ਹਣ ਨਾਲ ਬੁਖਾਰ ਘੱਟ ਹੋ ਜਾਂਦਾ ਹੈ।

-0-

ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਕੇਂਦਰ ਭੈਣੀ ਵੜਿੰਗਾਂ ਵਿਖੇ ਕਰਵਾਏ ਮਾਲਵਾ ਖੇਤਰ ਅਤੇ ਲੁਧਿਆਣਾ ਸ਼ਹਿਰੀ ਦੇ ਗੁਰਮਤਿ ਅਤੇ ਨਰੋਈ ਸਿਹਤ ਮੁਕਾਬਲੇ ਦੀਆਂ ਝਲਕਾਂ


ਲੁਧਿਆਣਾ ਸ਼ਹਿਰੀ


ਲੁਧਿਆਣਾ ਸ਼ਹਿਰੀ


ਲੁਧਿਆਣਾ ਸ਼ਹਿਰੀ


ਲੁਧਿਆਣਾ ਸ਼ਹਿਰੀ


ਲੁਧਿਆਣਾ ਸ਼ਹਿਰੀ


ਲੁਧਿਆਣਾ ਸ਼ਹਿਰੀ


ਲੁਧਿਆਣਾ ਸ਼ਹਿਰੀ


ਭੈਣੀ ਵੜਿੰਗਾਂ


ਭੈਣੀ ਵੜਿੰਗਾਂ


ਭੈਣੀ ਵੜਿੰਗਾਂ


ਭੈਣੀ ਵੜਿੰਗਾਂ


ਭੈਣੀ ਵੜਿੰਗਾਂ

RNI No.: PUNMUL/2019/78309 Postal Regd. No.: L-6/PB/LDC/805/2024-26 (31-12-2026) Postal Date: 5th of every month

ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਸਰਹਾਲੀ ਵਿਖੇ ਕਰਵਾਏ ਮਾਝਾ ਖੇਤਰ ਦੇ ਗੁਰਮਤਿ ਅਤੇ ਨਰੋਈ ਸਿਹਤ ਮੁਕਾਬਲੇ ਦੀਆਂ ਝਲਕਾਂ









